
ਨਵੰਬਰ 2024

# ਗੁਰਮਤਿ ਵਿਰਸਾ
GURMAT VIRSA गुरमति विरसा

Year-6, Issue-4, November 2024, Ludhiana gurmatvirsa@gmail.com Multilingual Price 25/-




## ਜੂਨ ਅਤੇ ਨਵੰਬਰ 1984 ਦੀਆਂ ਦਿਲ ਕੰਬਾਊ ਘਟਨਾਵਾਂ




## ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ 2 ਅਕਤੂਬਰ ਨੂੰ ਦੁਆਬਾ ਖੇਤਰ ਦੇ ਕਰਵਾਏ ਗਏ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ 2024



# ਗੁਰਮਤਿ ਵਿਰਸਾ

**ਨਵੰਬਰ 2024** **(ਮਾਸਿਕ ਮੈਗਜ਼ੀਨ)**

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ


## ਕੱਤਕ-ਮੱਘਰ ਮਹੀਨੇ ਦੇ ਖਾਸ ਦਿਹਾੜੇ

- ਜਨਮ ਦਿਹਾੜਾ ਮਾਤਾ ਸਾਹਿਬ ਕੌਰ ਜੀ : 18 ਕੱਤਕ (1 ਨਵੰਬਰ)
- ਸ਼ਹੀਦੀ ਬਾਬਾ ਦੀਪ ਸਿੰਘ ਜੀ : 30 ਕੱਤਕ (13 ਨਵੰਬਰ)
- ਸ਼ਹੀਦੀ ਭਾਈ ਮਤੀ ਦਾਸ, ਭਾਈ ਸਤੀ ਦਾਸ:11 ਮੱਘਰ (24 ਨਵੰਬਰ)
- ਸ਼ਹੀਦੀ ਪਾਤਸ਼ਾਹੀ ਨੌਵੀਂ : 11 ਮੱਘਰ (24 ਨਵੰਬਰ)
- ਗੁਰਗੱਦੀ ਪਾਤਸ਼ਾਹੀ ਦਸਵੀਂ : 11 ਮੱਘਰ (24 ਨਵੰਬਰ)
- ਜਨਮ ਸਾਹਿਬਜ਼ਾਦਾ ਜ਼ੋਰਾਵਰ ਸਿੰਘ : 15 ਮੱਘਰ (28 ਨਵੰਬਰ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***
Responsible for collection of all Printed matter as per PRB Act

**Registration Number of the Newspaper**
**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 8 |
| ਸ਼ਬਦ ਵਿਚਾਰ | 9 |
| ਸਭ ਤੇ ਵਡਾ ਸਤਿਗੁਰੁ ਨਾਨਕੁ | 10 |
| ਸਿੰਘ ਸਭਾ ਲਹਿਰ | 17 |
| ਗੁਰਮੁਖੀ ਦਾ ਨਿਕਾਸ | 18 |
| ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ | 20 |
| ਨੰਨੇ ਵਾਰਸ | 22 |
| ਕੱਤਕ ਕਿ ਵਸਾਖ | 24 |
| ਯਾਦ ਆਉਂਦੇ ਹਨ ਭਲੇ ਵੇਲਿਆਂ ਦੇ ਭਲੇ ਲੀਡਰ | 25 |
| ਨਵੀਂ ਰਾਸ਼ਟਰੀ ਖੇਡ - ਬਲਾਤਕਾਰ | 27 |
| ਆਓ 'ਮੁਆਫ਼ ਕਰਨਾ' (ਸੌਰੀ) ਕਹਿਣਾ ਸਿੱਖੀਏ | 28 |
| ਪੰਜਾਬਣਾਂ ਦੀ 'ਟਿਕਟ ਟੂ ਕੈਨੇਡਾ' ਬਨਾਮ ਕੁਝ ਲੱਚਰ ਐਪਸ | 29 |
| ਔਰਤ ਹੋਣ ਦੀ ਤ੍ਰਾਸਦੀ | 31 |
| ਕਾਵਿ ਕਿਆਰੀ | 32 |
| ਮੋਬਾਈਲ ਦੇ ਦੌਰ 'ਚ ਸੁੰਗੜਦਾ ਬਾਲ ਸੰਸਾਰ | 33 |
| **ਬਾਬਾ ਦੀਪ ਸਿੰਘ ਜੀ ਸ਼ਹੀਦ** | **34** |
| The worldly riches are like a syndrome | 36 |
| ਸਿਹਤ ਸੰਭਾਲ | 37 |
| ਸਾਡੀ ਖੇਤੀ | 40 |
| ਗੁਰਮਤਿ ਸੰਜੋਗ | 41 |
| ਸਤੰਬਰ ਮਹੀਨੇ ਦੀਆਂ ਸਰਗਰਮੀਆਂ | 42 |





## ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਜੂਨ ਅਤੇ ਨਵੰਬਰ 1984 ਦੀਆਂ ਦਿਲ ਕੰਬਾਊ ਘਟਨਾਵਾਂ

ਜੂਨ ਤੇ ਨਵੰਬਰ 1984 ਦੇ ਉਹ ਕਹਿਰ ਵਾਲੇ ਮਹੀਨੇ ਹਨ ਜਿਨ੍ਹਾਂ ਪ੍ਰਤੀ ਲਿਖਣ ਲੱਗਿਆਂ ਵੀ ਸੀਨਾ ਫਟਦਾ ਹੈ। ਸਿੱਖ ਕੌਮ ਦਾ ਇਸ ਤੋਂ ਪਹਿਲਾਂ ਵੀ ਕਤਲੇਆਮ ਹੋਇਆ ਹੈ।

ਸਭ ਤੋਂ ਪਹਿਲਾਂ 1746 ਨੂੰ ਛੋਟਾ ਘੱਲੂਘਾਰਾ ਕਾਹਨੂੰਵਾਨ ਦੇ ਛੰਭ ਵਿੱਚ ਹੋਇਆ ਜਿਸ ਵਿਚ 10000 ਦੇ ਕਰੀਬ ਸਿੰਘ ਸ਼ਹੀਦ ਹੋਏ।

ਦੂਜਾ 1762 ਨੂੰ ਕੁੱਪ ਰਹੀੜੇ (ਮਲੇਰਕੋਟਲਾ) ਦੇ ਨੇੜੇ ਵੱਡਾ ਘੱਲੂਘਾਰਾ ਹੋਇਆ ਜਿਸ ਵਿਚ 30000 ਦੇ ਕਰੀਬ ਸਿੰਘ ਸਿੰਘਣੀਆਂ ਸ਼ਹੀਦ ਹੋਏ।

ਇਨ੍ਹਾਂ ਘੱਲੂਘਾਰਿਆਂ 'ਤੇ ਕੋਈ ਗਿਲ੍ਹਾ ਸ਼ਿਕਵਾ ਨਹੀਂ ਸੀ ਕਿਉਂ ਕਿ ਉਹ ਬਾਹਰਲੇ ਹਮਲਾਵਰਾਂ ਨੇ ਕੀਤੇ ਸਨ।

ਗੁਰੂ ਨਾਨਕ ਸਾਹਿਬ ਦੀ ਧਰਤੀ ਦੇਸ਼ ਪੰਜਾਬ ਨੂੰ ਅਜ਼ਾਦ ਕਰਾਉਣ ਲਈ ਸ਼ਹਾਦਤਾਂ ਦਾ ਜਾਮ ਪੀਣਾ ਹੀ ਪੈਣਾ ਸੀ।

ਤੀਸਰਾ ਘੱਲੂ ਘਾਰਾ 1947 ਨੂੰ ਹੋਇਆ ਜਿਹੜਾ ਭਾਰਤ ਨੂੰ ਅਜ਼ਾਦ ਕਰਾਉਂਦਿਆਂ ਕਰਾਉਂਦਿਆਂ ਦੇਸ਼ ਪੰਜਾਬ ਦੀ ਹੀ ਬਰਬਾਦੀ ਹੋ ਗਈ। ਪੰਜਾਬ ਦੀ ਜ਼ਰਖ਼ੇਜ਼ ਜ਼ਮੀਨ ਮਨੁੱਖੀ ਲਾਸ਼ਾਂ ਨਾਲ ਭਰ ਗਈ। 47 ਦੀ ਬਰਬਾਦੀ ਨੂੰ ਦੋ ਸਤਰਾਂ ਤੋਂ ਵੇਖਿਆ ਜਾ ਸਕਦਾ ਹੈ—

ਉੱਠ ਦਰਦ ਮੰਦਾਂ ਦਿਆ ਦਰਦੀਆ! ਉੱਠ ਤਕ ਆਪਣਾ ਪੰਜਾਬ,
ਅੱਜ ਬੇਲੇ ਲਾਸ਼ਾਂ ਵਿੱਛੀਆਂ ਤੇ ਲਹੂ ਦੀ ਭਰੀ ਚਨਾਬ।
ਇਸ ਜ਼ਰਖ਼ੇਜ਼ ਜ਼ਮੀਨ ਦੇ ਲੂੰ ਲੂੰ ਫੁੱਟਿਆ ਜ਼ਹਿਰ।
ਗਿੱਠ ਗਿੱਠ ਚੜ੍ਹੀਆਂ ਲਾਲੀਆਂ ਫੁੱਟ ਫੁੱਟ ਚੜ੍ਹਿਆ ਕਹਿਰ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਦੁੱਖ ਇਸ ਗੱਲ ਦਾ ਹੈ ਕਿ ਅਜ਼ਾਦ ਭਾਰਤ ਵਿਚ ਜੂਨ 1984 ਨੂੰ ਦਿਨ ਦੀਵੀਂ ਆਪਣੀਆਂ ਹੀ ਫੌਜਾਂ ਵਲੋਂ ਸਿੱਖ ਕੌਮ ਦਾ ਕਤਲੇਆਮ ਕੀਤਾ ਗਿਆ।

ਸੀਂਚਾ ਥਾ ਜਿਸ ਪੇੜ ਆਪਨਾ ਖੂਨ ਦੇ ਦੇ ਕੇ,
ਉਸ ਪੇੜ ਸੇ ਛਾਏ ਸੇ ਆਗ ਬਰਸ ਰਹੀ ਹੈ।

ਜੂਨ ਅਤੇ ਨਵੰਬਰ ਦਾ ਉਹ ਕਹਿਰ, ਜ਼ੁਲਮ, ਫਿਰਕਪ੍ਰਸਤੀ ਦਾ ਨੰਗਾ ਨਾਚ ਖੇਡਿਆ ਗਿਆ ਜਿਹੜਾ ਅਜ਼ਾਦ ਭਾਰਤ 'ਤੇ ਇਕ ਕਲੰਕ ਹੈ। ਇਹ ਨਾ ਭੁੱਲਣ ਯੋਗ ਹੈ ਤੇ ਨਾ ਹੀ ਭੁਲਾਇਆ ਜਾ ਸਕਦਾ ਹੈ।

ਇਨ੍ਹਾਂ ਘਟਾਨਵਾਂ ਦਾ ਵੇਰਵਾ ਤਾਂ ਲੰਮੇਰਾ ਹੈ ਪਰ ਸੰਖੇਪ ਵਿਚ ਦਰਜ ਕੀਤਾ ਜਾ ਰਿਹਾ ਹੈ।

1951 ਦੀ ਮਰਦਮਸ਼ੁਮਾਰੀ ਵਿਚ ਲਾਲਾ ਜਗਤ ਨਰਾਇਣ ਵਰਗਿਆਂ ਨੇ ਪੰਜਾਬੀ ਹਿੰਦੂਆਂ ਨੂੰ ਆਪਣੀ ਮਾਤ ਭਾਸ਼ਾ ਹਿੰਦੀ ਲਿਖਾਉਣ ਲਈ ਕਿਹਾ।

10 ਅਕਤੂਬਰ 1947 ਨੂੰ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ ਸਿੱਖ ਕੌਮ ਜਰਾਇਮ ਪੇਸ਼ਾ ਕੌਮ ਹਨ ਗਸ਼ਤੀ ਪੱਤਰ ਕੱਢਿਆ।

1953 ਨੂੰ ਭਾਰਤ ਸਰਕਾਰ ਨੇ ਰਾਜਾਂ ਦੇ ਪੁਨਰ ਗਠਨ ਲਈ ਹੱਦ ਬੰਦੀ ਕਮਿਸ਼ਨ ਨਿਯੁਕਤ ਕੀਤਾ।

ਬੜੀ ਜਦੋ-ਜਹਿਦ ਮਗਰੋਂ ਪੰਜਬੀ ਸੂਬਾ 1 ਨਵੰਬਰ 1966 ਨੂੰ ਹੋਂਦ ਵਿਚ ਆਇਆ ਪਰ ਪੂਰੀ ਤਰ੍ਹਾਂ ਲੰਗੜਾ।

ਮੁੱਦਾ ਰਾਜਾਂ ਨੂੰ ਵੱਧ ਅਧਿਕਾਰਾਂ ਦਾ ਚੱਲਿਆ--

11 ਦਸੰਬਰ 1972 ਨੂੰ ਅਨੰਦਪੁਰ ਦਾ ਨਵਾਂ ਮੈਨੀਫੈਸਟੋ ਵਾਸਤੇ ਨਵੀਂ ਕਮੇਟੀ ਬਣਾਈ।

16-17 1973 ਨੂੰ ਅਨੰਦਪੁਰ ਵਿਖੇ ਜਿਹੜਾ ਮਤਾ ਪਾਸ ਕੀਤਾ ਗਿਆ ਉਸ ਨੂੰ ਅਨੰਦਪੁਰ ਦਾ ਮਤਾ ਕਿਹਾ ਗਿਆ।

1974 ਨੂੰ ਭਾਰਤ ਵਿਚ ਇੰਦਰਾ ਗਾਂਧੀ ਵਿਰੁੱਧ ਵੱਡੀ ਜਦੋਜਹਿਦ ਸ਼ੁਰੂ ਕੀਤੀ ਗਈ।

12 ਜੂਨ 1975 ਨੂੰ ਇੰਦਰਾ ਗਾਂਧੀ ਦੀ ਚੋਣ ਰੱਦ ਕਰ ਦਿੱਤੀ

25 ਜੂਨ 1975 ਨੂੰ ਇੰਦਰਾ ਗਾਂਧੀ ਨੇ ਐਮਰਜੈਂਸੀ ਲਾ ਦਿੱਤੀ।

9 ਜੁਲਾਈ 1975 ਨੂੰ ਅਕਾਲੀ ਦਲ ਨੇ ਮੋਰਚਾ ਲਾ ਦਿੱਤਾ।

21 ਜਨਵਰੀ 1977 ਤਕ ਇਹ ਮੋਰਚਾ ਚੱਲਿਆ।

ਜੂਨ 1977 ਨੂੰ ਅਕਾਲੀ ਦਲ ਨੇ ਪੰਜਾਬ ਵਿਚ ਪੂਰਨ ਤੌਰ 'ਤੇ ਜਿੱਤ ਹਾਸਲ ਕੀਤੀ ਪਰ ਤੀਜਾ ਹਿੱਸਾ ਵਜ਼ੀਰੀਆਂ ਦਾ ਭਾਰਤੀ ਜਨਤਾ ਪਾਰਟੀ ਨੂੰ ਦਿੱਤਾ ਗਿਆ ਜਿੱਥੋਂ ਅਕਾਲੀ ਦਲ ਦੇ ਪੱਤਨ ਦਾ ਮੁੱਢ ਬੱਝਾ।

13 ਅਪ੍ਰੈਲ 1978 ਨੂੰ ਨਿਰੰਕਾਰੀ ਕਾਂਡ ਵਾਪਰਿਆ ਤੇ ਅਕਾਲੀ ਦਲ ਦੀ ਸਰਕਾਰ ਹੋਣ ਦੇ ਬਾਵਜੂਦ ਇਹ ਨਿਰੰਕਾਰੀਆਂ ਦੇ ਹੱਕ ਵਿਚ ਭੁਗਤੇ।

4 ਜਨਵਰੀ 1980 ਨੂੰ ਕਰਨਾਲ ਅਦਾਲਤ ਦੇ ਗੁਪਤੇ ਜੱਜ ਨੇ ਮੁਜਰਮਾਂ ਨੂੰ ਬਰੀ ਕਰ ਦਿੱਤਾ। ਅਕਾਲੀ ਸਰਕਾਰ ਨੇ ਕੱਖ ਨਹੀਂ ਕੀਤਾ ਜਿਸ ਨਾਲ ਕੌਮ ਵਿਚ ਰੋਸ ਪੈਦਾ ਹੋ ਗਿਆ।

24 ਅਪ੍ਰੈਲ 1980 ਨੂੰ ਨਿਰੰਕਾਰੀ ਮੁਖੀ ਨੂੰ ਭਾਈ ਰਣਜੀਤ ਸਿੰਘ ਤੇ ਭਾਈ ਕਾਬਲ ਸਿੰਘ ਨੇ ਮੌਤ ਦੇ ਘਾਟ ਉਤਾਰ ਦਿੱਤਾ।

11 ਮਈ 1981 ਨੂੰ ਸ਼੍ਰੋਮਣੀ ਅਕਾਲੀ ਦਲ ਨੇ ਇਕ ਮਤਾ ਪਾਸ ਕੀਤਾ ਕਿ ਸਿੱਖ ਕੌਮ ਇਕ ਵੱਖਰੀ ਕੌਮ ਹੈ।

24 ਸਤੰਬਰ 1980 ਨੂੰ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇੰਦਰਾ ਗਾਂਧੀ ਨੂੰ ਮਿਲ ਕਿ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤ੍ਰਤਾ ਦਾ ਦਰਜਾ ਦੇਣ ਲਈ ਕਿਹਾ, ਪਰ ਇੰਦ੍ਰਾ ਗਾਂਧੀ ਨੇ ਗੱਲ ਹੀ ਨਹੀਂ ਸੁਣੀ ਸੀ।

ਸਿੱਖਾਂ ਨੂੰ ਚਿੜਾਉਣ ਲਈ ਸਾਰੇ ਕਾਂਗਰਸੀ, ਜਨਸੰਘੀ, ਭਾਜਪਾਈ, ਆਰੀਆ ਸਮਾਜੀ, ਰਾਸ਼ਟਰੀ ਸੰਘ ਤੇ ਹੋਰ ਫਿਰਕੂ ਜੱਥੇਬੰਦੀਆਂ ਨੇ ਇਕ ਜਲੂਸ ਕੱਢਿਆ ਜਿਸ ਵਿੱਚ ਤ੍ਰਿਸ਼ੂਲ, ਤਲਵਾਰਾਂ ਬਰਛਿਆਂ ਅਤੇ ਡਾਂਗਾਂ ਉੱਤੇ ਸਿਗਰਟਾਂ ਦੀਆਂ ਡੱਬੀਆਂ ਟੰਗੀਆਂ ਹੋਈਆਂ ਸਨ ਤੇ ਨਾਅਰੇ ਲਗਾ ਰਹੇ ਸਨ—

ਸਿਗਰਟ ਬੀੜੀ ਪੀਏਂਗੇ ਔਰ ਸ਼ਾਨ ਸੇ ਜੀਏਂਗੇ।
ਕੜਾ ਕੰਘਾ ਕਿਰਪਾਨ, ਸਿੱਖਾਂ ਨੂੰ ਭੇਜੋ ਪਾਕਿਸਤਾਨ।
ਉਂਝੀ ਐਂਝੀ ਨਹੀਂ ਪੜ੍ਹੇਂਗੇ, ਜੂੜਾ ਜੂੜੀ ਕਾਟ ਧਰੇਂਗੇ।

ਸਿੱਖ ਕੌਮ ਦੇ ਸ਼ਾਨਾਮਤੀ ਵਿਰਸੇ ਨੂੰ ਸਮਝਣ ਦੀ ਬਜਾਏ ਹੱਸਦੇ ਵੱਸਦੇ ਪੰਜਾਬ ਵਿਚ ਗਿਣੀ ਮਿੱਥੀ ਸਾਜਿਸ਼ ਤਹਿਤ ਫਿਰਕੂ ਅੱਗ ਲਾਈ ਗਈ।

ਅਕਤੂਬਰ 1981 ਨੂੰ ਅਕਾਲੀ ਦਲ ਨੇ ਅਨੰਦਪੁਰ ਦੇ ਮਤੇ ਤੋਂ ਪਿੱਛੇ ਹੱਟਦਿਆਂ ਕੇਵਲ 15 ਮੰਗਾਂ ਤਕ ਸੀਮਤ ਹੋ ਕੇ ਰਹਿ ਗਏ।

16 ਨਵੰਬਰ 1981 ਤੋਂ ਲੈ ਕੇ 2 ਫਰਵਰੀ 1984 ਤਕ ਅਕਾਲੀ ਨੇਤਾਵਾਂ ਦੀਆਂ 26 ਮੁਲਾਕਾਤਾਂ ਹੋਈਆਂ।

ਤਿੰਨ ਪ੍ਰਧਾਨ ਮੰਤਰੀ ਨਾਲ, ਚਾਰ ਕੇਂਦਰੀ ਮੰਤਰੀਆਂ ਨਾਲ, 9 ਗੁਪਤ ਤੇ 10 ਵਿਰੋਧੀ ਪਾਰਟੀਆਂ ਦੇ ਨੇਤਾਵਾਂ ਦੀ ਹਾਜ਼ਰੀ ਵਿੱਚ ਹੋਈਆਂ। ਅਸਲ ਵਿਚ ਦੇਸ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਕਾਲੀਆਂ ਨਾਲ ਸਿਆਸਤ ਖੇਡ ਰਹੀ ਸੀ।

ਪੰਜਾਬ ਦੀਆਂ ਹੱਕੀ ਮੰਗਾਂ ਮਨਾਉਣ ਲਈ ਅਕਾਲੀ ਦਲ ਨੇ ਐਲਾਨ ਕੀਤਾ ਕਿ 19 ਨਵੰਬਰ ਤੋਂ ਲੈ ਕੇ 4 ਦਸੰਬਰ 1982 ਤਕ ਏਸ਼ੀਆਈ ਖੇਡਾਂ ਸਮੇਂ ਦਿੱਲੀ

ਵਿਚ ਰੋਸ ਪ੍ਰਦਸ਼ਨ ਕੀਤਾ ਜਾਏਗਾ। ਇਸ ਰੋਸ ਪ੍ਰਦਸ਼ਨ ਦਾ ਇਕੋ ਪੱਖ ਸੀ ਕਿ ਅੰਤਰ ਰਾਸ਼ਟਰੀ ਮੀਡੀਏ ਵਿਚ ਸਾਡੀ ਗੱਲ ਸੁਣੀ ਜਾਏਗੀ।

ਇੰਦਰਾ ਗਾਂਧੀ ਇਸ ਰੋਸ ਪ੍ਰਦਰਸ਼ਨ ਨੂੰ ਆਪਣੇ ਵਿਰੁੱਧ ਸਮਝ ਕੇ ਸਮੁੱਚੀ ਸਿੱਖ ਕੌਮ ਨੂੰ ਤੰਗ ਕਰਨਾ ਸ਼ੁਰੂ ਕੀਤਾ।

ਇੰਦਰਾ ਗਾਂਧੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਹਰਿਆਣੇ ਦੇ ਮੁੱਖ ਮੰਤ੍ਰੀ ਭਜਨ ਲਾਲ ਸਭ ਤੋਂ ਮੋਹਰੀ ਰਿਹਾ।

ਹਰਿਆਣੇ ਦੇ ਮੁੱਖ ਮੰਤ੍ਰੀ ਭਜਨ ਲਾਲ ਨੇ ਸਿੱਖਾਂ ਤੇ ਬੇ-ਲੋੜੀ ਸਖਤਾਈ ਕੀਤੀ। ਹਰਿਆਣਾ ਬਾਰਡਰ ਸੀਲ ਕਰ ਦਿੱਤਾ।

ਹਰਿਆਣਾ ਸਰਕਾਰ ਨੇ ਅਜ਼ਾਦੀ ਦੇ 47 ਸਾਲ ਬਾਅਦ ਸਿੱਖ ਕੌਮ ਨੂੰ ਬੇਗਾਨਗੀ ਦਾ ਅਹਿਸਾਸ ਕਰਾਇਆ।

ਏਥੋਂ ਤਕ ਕਿ ਸਿੱਖ ਫੌਜੀ ਅਫ਼ਸਰਾਂ ਨਾਲ ਵੀ ਦੁਰਵਿਹਾਰ ਕੀਤਾ ਗਿਆ।

ਇਸ ਤੋਂ ਪਹਿਲਾਂ 1977 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਪਾਣੀਆਂ ਦਾ ਕੇਸ ਸੁਪਰੀਮ ਕੋਰਟ ਵਿਚ ਦਾਖਲ ਕੀਤਾ।

31 ਦਸੰਬਰ 1981 ਨੂੰ ਦਰਬਾਰਾ ਸਿੰਘ ਤੇ ਦਬਾਅ ਪਾ ਕੇ ਸੁਪਰੀਮ ਕੋਰਟ ਵਿਚੋਂ ਕੇਸ ਵਾਪਸ ਕਰਾਇਆ। ਜਿਹੜਾ ਪੰਜਾਬ ਦੀ ਬਰਬਾਦੀ ਦਾ ਮੁੱਢ ਬੰਨ੍ਹਦਾ ਹੈ ਤੇ ਪੰਜਾਬ ਨੂੰ ਅੰਨ੍ਹੇ ਖੂਹ ਵਿਚ ਧੱਕਦਾ ਹੈ।

8 ਅਪ੍ਰੈਲ 1982 ਨੂੰ ਇੰਦਰਾ ਗਾਂਧੀ ਨੇ ਧੱਕੇ ਨਾਲ ਕਪੂਰੀ ਵਿਖੇ ਸਤਲੁਜ ਜਮਨਾ ਜਮਨਾ ਲਿੰਕ ਨਹਿਰ ਦਾ ਟੱਕ ਲਾਉਣ ਦਾ ਐਲਾਨ ਕਰ ਦਿੱਤਾ।

ਇੰਦ੍ਰਾ ਗਾਂਧੀ ਨੂੰ ਖੁਸ਼ ਕਰਨ ਲਈ ਪੰਜਾਬ ਦੇ ਕਾਂਗਰਸੀਏ ਪੱਬਾਂ ਭਾਰ ਹੋ ਕੇ ਪੰਜਾਬ ਦੇ ਵਿਰੋਧ ਵਿਚ ਖੜੇ ਹੋਏ। ਪਾਣੀ ਤਾਂ ਪੰਜਾਬ ਦਾ ਸਾਂਝਾ ਮੁੱਦਾ ਸੀ। (ਨੋਟ ਇਸ ਸਮੇਂ ਪੰਜਾਬ ਦੀ ਕੋਈ ਵੀ ਰਾਜਸੀ ਪਾਰਟੀ ਪੰਜਾਬ ਦੇ ਹੱਕਾਂ ਤੇ ਪਾਣੀਆਂ ਲਈ ਖੜੀ ਨਹੀਂ ਹੋਈ)

ਪਾਣੀਆਂ ਦੇ ਮਸਲੇ ਤੇ ਅਕਾਲੀ ਦਲ ਹਮੇਸ਼ਾਂ ਫੇਲ੍ਹ ਹੋਇਆ ਹੈ। ਸਮਝੌਤਿਆਂ ਵਿਚ ਚਵਾਨੀ ਲੈ ਕੇ ਅਠਾਨੀ ਵਾਪਸ ਦੇ ਆਉਂਦਾ ਰਿਹਾ ਹੈ।

4 ਅਗਸਤ 1982 ਨੂੰ ਲੌਂਗੋਵਾਲ ਨੂੰ ਧਰਮ ਯੁੱਧ ਮੋਰਚੇ ਦਾ ਡਿਕਟੇਟਰ ਮੰਨ ਕੇ ਮੋਰਚਾ ਸ਼ੁਰੂ ਕੀਤਾ ਗਿਆ।

ਪੰਜਾਬ ਦੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਮੋਰਚਾ ਅੱਗੇ ਵੱਧਦਾ ਗਿਆ।

ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣੇ ਆਦਿਕ ਮੰਗਾਂ ਮੰਨ ਕੇ ਇੰਦਰਾ ਮੁੱਕਰ ਜਾਂਦੀ ਰਹੀ। ਇਕ ਸਮਾਂ ਅਜਿਹਾ ਵੀ ਆਇਆ ਜਦੋਂ ਸਰਬ ਸੰਮਤੀ ਨਾਲ ਫੈਸਲਾ ਕੀਤਾ ਹੋਇਆ ਇੰਦ੍ਰਾ ਗਾਂਧੀ ਨੇ ਰੱਦ ਕਰ ਦਿੱਤਾ, ਕਿ "ਕੀ ਮੈਂ ਹਰਿਆਣੇ ਦੀ ਧਰਤੀ ਪੰਜਾਬ ਨੂੰ ਦੇ ਦਿਆਂ"। ਉਸ ਨੇ 23 ਜੂਨ 1983 ਨੂੰ ਕਿਹਾ—ਸਿੱਖ ਇਤਿਹਾਸ ਭਾਗ ਦੂਜਾ ਪੰਨਾ 342

ਅੱਗੇ ਸ੍ਰ ਖੁਸ਼ਵੰਤ ਸਿੰਘ ਲਿਖਦੇ ਹਨ ਕਿ ਅਤਿਅੰਤ ਉਪਰਾਮਤਾ ਮਗਰੋਂ ਅਕਾਲੀਆਂ ਨੇ ਕੇਂਦਰੀ ਸਰਕਾਰ ਨੂੰ ਪਰੇਸ਼ਾਨ ਕਰਨ ਦਾ ਫੈਸਲਾ ਲਿਆ।

6 ਅਗਸਤ 1983 ਨੂੰ ਦਰਬਾਰਾ ਸਿੰਘ ਦੀ ਸਰਕਾਰ ਬਰਤਰਫ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ।

15 ਜਨਵਰੀ 1984 ਨੂੰ ਸਿੱਖ ਤਵਾਰੀਖ ਪੰਨਾ 239 ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਤੇ ਹਮਲਾ ਕਰਨ ਦੀ ਤਿਆਰੀ ਲਈ ਆਲ੍ਹਾ ਅਫਸਰਾਂ ਨੂੰ ਕਹਿ ਦਿੱਤਾ ਸੀ।

28 ਮਈ 1984 ਨੂੰ ਭਾਰਤ ਸਰਕਾਰ ਨੇ ਸਾਰੇ ਪੰਜਾਬ ਵਿਚ ਫੌਜ ਤਾਇਨਾਤ ਕਰਨ ਦੇ ਹੁਕਮ ਦਿੱਤੇ।

ਬਹੁਤ ਮਹੀਨੇ ਪਹਿਲੇ ਮਸੂਰੀ ਦੇ ਨੇੜੇ ਚਕਰਾਤਾ ਵਿਖੇ ਦਰਬਾਰ ਸਾਹਿਬ ਦਾ ਸਮੂੰਹ ਪ੍ਰਤਿਰੂਪ ਤਿਆਰ ਕਰਕੇ ਜੰਗੀ ਅਭਿਆਸ ਕੀਤਾ ਗਿਆ।

2 ਜੂਨ 1984 ਨੂੰ ਇੰਦਰਾ ਗਾਂਧੀ ਨੇ ਟੈਲੀਵਿਜ਼ਨ ਪ੍ਰਸਾਰਨ ਰਾਹੀਂ ਰਾਸ਼ਟਰ ਨੂੰ ਉਸ ਕਾਰਵਾਈ ਲਈ ਸੁਚੇਤ ਕੀਤਾ ਜੋ ਅਕਾਲੀਆਂ ਵਿਰੁੱਧ ਨਹੀਂ ਸਗੋਂ ਸਮੁੱਚੇ ਪੰਜਾਬ ਦੇ ਸਿੱਖਾਂ ਵਿਰੁੱਧ ਜਾ ਰਹੀ ਸੀ।

1 ਜੂਨ ਨੂੰ 1984 ਨੂੰ ਤੜਕਸਾਰ ਫੌਜ ਅੰਮ੍ਰਿਤਸਰ ਵਲ ਨੂੰ ਚੱਲ ਪਈ ਸੀ।

ਇਕ ਅੰਦਾਜ਼ੇ ਮੁਤਾਬਿਕ ਕਿਸੇ ਨਾ ਕਿਸੇ ਰੂਪ ਵਿਚ ਤਿੰਨ ਲੱਖ ਫੌਜ ਲਾ ਦਿੱਤੀ ਗਈ। (ਡਾ. ਦਿਲਗੀਰ ਜੀ)

ਪਹਿਲੀ ਜੂਨ ਨੂੰ ਚੰਡੀਗੜ ਕੋਲ ਚੰਡੀ ਮੰਦਰ 2 ਕੋਰ ਦੇ ਹੈੱਡਕਵਾਟਰ ਵਿੱਚ ਕੇ. ਐਸ. ਬਰਾੜ, ਲੈਫਟੀਨੈਂਟ ਜਨਰਲ ਕੇ. ਸੁੰਦਰਜੀ. ਆਰ. ਐਸ. ਦਿਆਲ ਅਤੇ ਕਈ ਹੋਰ ਅਫ਼ਸਰ ਇਕੱਠੇ ਹੋਏ।

ਅੰਮ੍ਰਿਤਸਰ ਦੇ ਇਸ ਅਪਰੇਸ਼ਨ ਦੀ ਸਾਰੀ ਕਾਰਵਾਈ ਇੰਦਰਾ ਗਾਂਧੀ, ਰਾਜੀਵ ਗਾਂਧੀ, ਅਰੁਣ ਨਹਿਰੂ, ਅਰੁਣ ਸਿੰਹੁ ਵਗੈਰਾ ਦੇਖ ਰਹੇ ਸਨ।

3 ਜੂਨ 1984 ਨੂੰ ਦਰਬਾਰ ਸਾਹਿਬ ਦੇ ਆਲੇ ਦੁਆਲੇ ਸਾਰੀਆਂ ਇਮਾਰਤਾਂ 'ਤੇ ਮੋਰਚੇ ਸੰਭਾਲ ਲਏ ਸਨ।

3 ਜੂਨ 1984 ਨੂੰ ਸਾਰੇ ਪੰਜਾਬ ਵਿਚ 36 ਘੰਟੇ ਦਾ ਕਰਫਿਊ ਲਾ ਦਿੱਤਾ ਗਿਆ।

3 ਜੂਨ 1984 ਨੂੰ ਫੌਜ ਨੇ 300 ਮੀਟਰ ਦੀ ਦੂਰੀ ਤੇ ਆਪਣਾ ਕੰਟਰੋਲ ਰੂਮ ਕਾਇਮ ਕਰ ਲਿਆ।

ਅੰਮ੍ਰਿਤਸਰ ਦੇ ਤੱਤਕਾਲੀ ਡਿਪਟੀ ਕਮਿਸ਼ਨਰ ਨੇ ਸ੍ਰ. ਗੁਰਦੇਵ ਸਿੰਘ ਨੇ ਰਸਮੀ ਮਨਜ਼ੂਰੀ ਦੇਣ ਤੋਂ ਕੋਰੀ ਨਾਂਹ ਕਰਨ 'ਤੇ ਉਸ ਨੂੰ ਜਬਰੀ ਛੁੱਟੀ 'ਤੇ ਭੇਜ ਦਿੱਤਾ ਗਿਆ।

ਇਸਦੀ ਜਗ੍ਹਾ ਰਮੇਸ਼ਇੰਦਰ ਸਿੰਘ ਨੂੰ ਅੰਮ੍ਰਿਤਸਰ ਲਿਆਂਦਾ ਗਿਆ। ਇਸ ਨੇ ਚੁੱਪਚਾਪ ਦਸਖਤ ਕਰ ਦਿੱਤੇ। ਜਦੋਂ ਬਾਦਲ ਦੋ ਵਾਰ ਮੁੱਖ ਮੰਤਰੀ ਬਣਿਆ ਤਾਂ ਬਾਦਲ ਨੇ ਆਪਣਾ ਚੀਫ਼ ਸੈਕਟਰੀ ਲਾਇਆ ਸੀ।

3-4 ਜੂਨ ਦੀ ਰਾਤ ਨੂੰ ਦਰਬਾਰ ਸਾਹਿਬ ਦੀ ਬਿਜਲੀ ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ।

4 ਜੂਨ ਨੂੰ 1984 ਨੂੰ ਭਾਰਤੀ ਫੌਜ ਨੇ ਸਵੇਰੇ ਚਾਰ ਵੱਜ ਕੇ ਚਾਲੀ ਮਿੰਟ ਤੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਇਹ ਅਸਲ ਵਿਚ ਲੜਾਈ ਸ਼ੁਰੂ ਕੀਤੀ ਗਈ।

4 ਜੂਨ 1984 ਨੂੰ ਰਾਗੀ ਸਿੰਘਾਂ ਨੇ ਬਹੁਤ ਹੀ ਜੋਸ਼ ਨਾਲ ਕੀਰਤਨ ਕੀਤਾ। 4 ਵੱਜ ਕੇ 45 ਮਿੰਟ 'ਤੇ ਇਕ ਗੋਲਾ ਦਰਬਾਰ ਸਾਹਿਬ ਆਇਆ ਸਾਰਾ ਇਲਾਕਾ ਗੂੰਜ ਉੱਠਿਆ।

ਫੌਜ ਦਾ ਖਿਆਲ ਸੀ ਕਿ ਅਸੀਂ 6 ਜੂਨ ਤਕ ਸਾਰਾ ਕੰਮ ਮੁਕਾ ਲਵਾਂਗੇ।

5 ਜੂਨ ਦਾ ਦਿਨ ਤੇ ਰਾਤ ਸਾਰੀ ਗੋਲਾਬਾਰੀ ਵਿਚ ਲੰਘ ਗਈ।

6 ਜੂਨ 1984 ਨੂੰ ਫੌਜ ਨੇ ਅਕਾਲ ਤੱਖਤ ਤੇ ਕਬਜ਼ਾ ਕਰ ਲਿਆ।

5 ਅਤੇ 6 ਜੂਨ 1984 ਦੀ ਰਾਤ ਨੂੰ ਫੌਜ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚੋਂ ਸਾਰਾ ਸਮਾਨ ਚੁੱਕ ਲਿਆ। ਲਾਇਬ੍ਰੇਰੀ ਦਾ ਸਾਰਾ ਸਮਾਨ 200 ਬੋਰੀਆਂ ਬਕਸਿਆਂ ਵਿਚ ਬੰਨ੍ਹ ਲਿਆ ਗਿਆ। ਬਾਕੀ ਅਲਮਾਰੀਆਂ ਨੂੰ ਅੱਗ ਲਾ ਦਿੱਤੀ ਗਈ। ਇੰਝ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਵੀ ਸਾਰਾ ਰਿਕਾਰਡ ਚੁੱਕ ਕੇ ਲੈ ਗਈ।

ਸਿੱਖਾਂ ਦੀਆਂ ਲਾਸ਼ਾਂ ਚੁੱਕਣ ਲਈ ਮਿਊਂਸਪਲ ਕਮੇਟੀ ਦੀਆਂ ਕੂੜਾ ਚੁੱਕਣ ਵਾਲੀਆਂ ਟਰਾਲੀਆਂ ਲਿਆਦੀਆਂ ਗਈਆਂ। ਲਾਸ਼ਾਂ ਚੁੱਕਣ ਵਾਲੇ ਸੇਵਕਾਂ ਨੂੰ ਲਾਲਚ ਦਿੱਤਾ ਗਿਆ ਕਿ ਜੋ ਕੁਝ ਜੇਬ੍ਹਾਂ ਵਿਚੋਂ ਨਿਕਲੇ ਉਹ ਤੁਹਾਡਾ ਹੈ। ਸਿੱਖ ਤਵਾਰੀਖ ਲਿਖਤ ਡਾ. ਹਰਜਿੰਦਰ ਸਿੰਘ ਦਿਲਗੀਰ ਪੰਨਾ 1315 ਲਿਖਦੇ ਹਨ ਕਿ 7 ਲੱਖ ਰਮ ਦੀਆਂ ਬੋਤਲਾਂ, 30 ਹਜ਼ਾਰ ਵਿਸਕੀ ਦੇ ਅਧੀਏ, 60 ਹਜ਼ਾਰ ਬਰਾਂਡੀ ਦੇ ਅਧੀਏ, ਇਕ ਲੱਖ 60 ਹਜ਼ਾਰ ਬੀਅਰ ਦੀਆਂ ਬੋਲਤਾਂ ਖਰੀਦੀਆਂ ਗਈਆਂ ਜਿਸ ਦਾ ਟੈਕਸ ਪੰਜਾਬ ਸਰਕਾਰ ਨੇ ਮੁਆਫ ਕੀਤਾ ਹੋਇਆ ਸੀ।

ਸਿੱਖ ਫੋਜੀਆਂ ਵਲੋਂ ਬਗਾਵਤ ਹੋਈ ਗੰਗਾ ਨਗਰ, ਰਾਮਗੜ੍ਹ ਬਿਹਾਰ, ਯੂ ਪੀ ਕਸ਼ਮੀਰ ਵਿਚੋਂ ਬਗਾਵਤ ਹੋਈ। ਸਰਕਾਰ ਦੀ 17 ਅਗਸਤ 1984 ਦੀ ਰਿਪੋਰਟ ਮੁਤਾਬਿਕ 2334 ਸਿੱਖਾਂ ਨੇ ਦਰਬਾਰ ਸਾਹਿਬ ਵਲ ਚਾਲੇ ਪਾਏ ਸਨ। ਇਨ੍ਹਾਂ ਵਿਚੋਂ 67 ਸਿੱਖ ਮਾਰੇ ਗਏ ਸਨ, 31 ਲਾਪਤਾ ਐਲਾਨੇ ਗਏ ਸਨ। (ਸ਼ਾਇਦ ਤਸੀਹੇ ਦੇ ਕੇ ਮਾਰ ਦਿੱਤੇ ਗਏ) 172 ਨੂੰ ਮੁਕੱਦਮਾ ਚਲਾ ਕੇ ਸਜਾ

ਦਿੱਤੀ ਗਈ।

6 ਜੂਨ ਤੋਂ ਲੈ ਕੇ 8 ਜੂਨ ਤਕ ਦਰਬਾਰ ਸਾਹਿਬ ਕੀਰਤਨ ਨਹੀਂ ਹੋਣ ਦਿੱਤਾ ਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣ ਦਿੱਤਾ ਗਿਆ ਜੋ 220 ਸਾਲ ਬਾਅਦ ਹੋਇਆ। ਦਰਬਾਰ ਸਾਹਿਬ ਤੇ ਅਕਾਲ ਤੱਖਤ ਤੇ ਭਾਰਤੀ ਫੌਜ ਦਾ ਕਬਜ਼ਾ ਰਿਹਾ।

4,5,6 ਜੂਨ 1984 ਨੂੰ ਜੋ ਕਹਿਰ ਵਰਤਿਆ ਉਸ ਦਾ ਜ਼ਿਕਰ ਕਰਨਾ ਬਹੁਤ ਔਖਾ ਹੈ।

8 ਜੂਨ 1984 ਨੂੰ ਜ਼ੈਲ ਸਿੰਘ ਇਹ ਦੇਖਣ ਲਈ ਆਇਆ ਸੀ ਕਿ ਜਿਸ ਕਾਰਵਾਈ ਤੇ ਮੈਂ ਦਸਤਖਤ ਕੀਤੇ ਸਨ ਉਹ ਤਬਾਹ ਕਿੰਨਾ ਕੁ ਹੋਇਆ ਹੈ?

23 ਜੂਨ 1984 ਨੂੰ ਇੰਦਰਾ ਗਾਂਧੀ ਆਈ ਪਰ ਉਸ ਨੇ ਭੋਰਾ ਵੀ ਸ਼ਰਮ ਮਹਿਸੂਸ ਨਹੀਂ ਕੀਤੀ ਕਿ ਮੈਂ ਸਿੱਖ ਕੌਮ ਨਾਲ ਧ੍ਰੋਅ ਕਮਾਇਆ ਹੈ।

ਕੈਪਟਨ ਅਮਰਿੰਦਰ ਸਿੰਘ, ਚਰਨਜੀਤ ਸਿੰਘ ਕੋਕਾ ਕੋਲਾ, ਨੇ ਕਾਂਗਰਸ ਪਾਰਟੀ ਤੋਂ ਅਸਤੀਫਾ ਦਿੱਤਾ। ਸਿਮਰਨਜੀਤ ਸਿੰਘ ਨੇ ਅਸਤੀਫਾ ਦਿੱਤਾ। ਇਤਿਹਾਸਕਾਰ ਗੰਡਾ ਸਿੰਘ ਸਾਧੂ ਸਿੰਘ ਹਮਦਰਦ ਤੇ ਭਗਤ ਪੂਰਨ ਸਿੰਘ ਹੁਰਾਂ ਨੇ ਸਰਕਾਰ ਵਲੋਂ ਮਿਲੇ ਸਨਮਾਨ ਮੋੜ ਦਿੱਤੇ।

ਅਡਵਾਨੀ ਦੀ ਛਪੀ ਪੁਸਤਕ ਆਪਣੀ ਜੀਵਨੀ ਵਿੱਚ ਲਿਖਦਾ ਹੈ ਕਿ ਮੈਂ ਬਾਰ ਬਾਰ ਇੰਦ੍ਰਾ ਗਾਂਧੀ ਨੂੰ ਦਰਬਾਰ ਸਾਹਿਬ ਤੇ ਹਮਲੇ ਲਈ ਜ਼ੋਰ ਪਾਉਂਦਾ ਸੀ।

ਸਿੱਖ ਤਵਾਰੀਖ ਦੇ ਪੰਨਾ ਨੰਬਰ 1318 'ਤੇ ਡਾ. ਦਿਲਗੀਰ ਜੀ ਲਿਖਦੇ ਹਨ ਕਿ (ਇਸ ਕਿਤਾਬ ਦਾ ਰਾਜ਼ ਖੁਲ੍ਹਣ ਦੇ ਕੁਝ ਦਿਨ ਮਗਰੋਂ ਹੀ ਅਡਵਾਨੀ ਨੂੰ, ਅਕਾਲੀ ਦਲ ਬਾਦਲ ਵਲੋਂ ਉਸ ਦੇ ਘਰ ਜਾ ਕੇ ਮਨਜੀਤ ਸਿੰਘ ਜੀ. ਕੇ. ਦੀ ਅਗਵਾਈ ਹੇਠ ਵਿਸਾਖੀ 2008 ਦੇ ਦਿਨ ਸਿਰੋਪਾ ਦਿੱਤਾ ਗਿਆ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਅਡਾਵਨੀ ਨੂੰ ਸਿਰੋਪਾ ਦੇਣ ਵਾਲੇ ਇਹ ਸਿੱਖ ਵੀ ਦਰਬਾਰ ਸਾਹਿਬ ਤੇ ਹਮਲੇ ਦੇ ਹਮਾਇਤੀ ਸਨ।

ਭਾਵੇਂ ਸਰਕਾਰੀ ਰਿਪੋਰਟ ਵਿੱਚ ਮਰਨ ਵਾਲਿਆਂ ਗਿਣਤੀ ਸਿਰਫ਼ 83 ਫੌਜੀ ਤੇ 493 ਸਿੱਖ ਸਨ, ਪਰ ਗੈਰ-ਸਰਕਾਰੀ ਰਿਪੋਰਟਾਂ ਮੁਤਾਬਿਕ 1208 ਫ਼ੌਜੀ, 122 ਦੇ ਕਰੀਬ ਖਾੜਕੂ ਅਤੇ 3228 ਸਿੱਖ ਯਾਤਰੂ ਤੇ ਬੰਗਲਾਦੇਸ਼ੀ ਮੁਸਾਫ਼ਿਰ ਮਾਰੇ ਗਏ ਸਨ। ਸਰਕਾਰੀ ਵਾਈਟ ਪੇਪਰ ਮੁਤਾਬਿਕ ਹੋਰ ਗੁਰਦੁਆਰਿਆਂ ਵਗੈਰਾ 'ਚ ਹਮਲਿਆਂ ਦੌਰਾਨ 9 ਫ਼ੌਜੀ ਤੇ 60 ਸਿੱਖ ਮਾਰੇ ਗਏ ਸਨ। ਸਰਕਾਰ ਨੇ 287 ਫ਼ੌਜੀਆਂ ਦਾ ਜ਼ਖ਼ਮੀ ਹੋਣਾ ਅਤੇ 121 ਸਿੱਖਾਂ ਦਾ ਫੱਟੜ ਹੋਣਾ ਮੰਨਿਆ ਹੈ। ਗ਼ੈਰ-ਸਰਕਾਰੀ ਸੋਮਿਆਂ ਮੁਤਾਬਿਕ ਜ਼ਖ਼ਮੀਆਂ ਵਿੱਚ 3000 ਫੌਜੀ, 12 ਖਾੜਕੂ ਅਤੇ 1526 ਸਿੱਖ ਤੇ ਬੰਗਲਾ ਦੇਸ਼ੀ ਮੁਸਾਫਿਰ ਸਨ। ਇਸੇ ਰਿਪੋਰਟ 'ਚ ਸਰਕਾਰ ਨੇ ਦਰਬਾਰ ਸਾਹਿਬ ਚ 1592, ਹੋਰ ਗੁਰਦੁਆਰਿਆਂ ਚੋਂ 796 ਤੇ ਬਾਕੀ ਜਗ੍ਹਾ ਤੋਂ 2324 (ਕੁਲ 4712) ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਮੰਨੀਆਂ ਹਨ। ਹਵਾਲਾ (ਸਿੱਖ ਤਵਾਰੀਖ ਪੰਨਾ 1314)

6 ਜੂਨ ਤੋਂ ਲੈ ਕੇ 8 ਜੂਨ ਤਕ ਦਰਬਾਰ ਸਾਹਿਬ ਕੀਰਤਨ ਨਹੀਂ ਹੋਣ ਦਿੱਤਾ ਗਿਆ ਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣ ਦਿੱਤਾ ਗਿਆ। ਅਜਿਹਾ ਵਾਕਿਆ 220 ਸਾਲ ਬਾਅਦ ਹੋਇਆ ਕਿਉਂਕਿ ਦਰਬਾਰ ਸਾਹਿਬ ਤੇ ਅਕਾਲ ਤੱਖਤ ਤੇ ਭਾਰਤੀ ਫੌਜ ਦਾ ਕਬਜ਼ਾ ਸੀ।

ਬੂਟਾ ਸਿੰਘ ਮੰਤਰੀ ਨੇ ਇੰਦਰਾ ਦੇ ਕਹੇ 'ਤੇ ਬਾਬਾ ਖੜਕ ਸਿੰਘ ਨੂੰ ਕਾਰ ਸੇਵਾ ਲਈ ਕਿਹਾ ਪਰ ਉਨ੍ਹਾਂ ਨਾਂਹ ਕਰ ਦਿੱਤੀ। ਫਿਰ ਸੰਤਾ ਸਿੰਘ ਨਿਹੰਗ ਅੱਗੇ ਆਇਆ। 12 ਅਕਤੂਬਰ 1984 ਨੂੰ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਸ਼ੁਰੂ ਹੋਈ।

ਭਾਈ ਬੇਅੰਤ ਸਿੰਘ ਬੇ-ਸ਼ੱਕ ਸਰਕਾਰੀ ਨੌਕਰੀ ਕਰਦੇ ਸਨ ਪਰ ਅੰਦਰ ਸਿੱਖੀ ਦੀ ਚੀਸ ਲੈ ਕੇ ਬੈਠੇ ਸਨ। ਉਨ੍ਹਾਂ ਨੇ ਆਪਣੇ ਮਾਮਾ ਕੇਹਰ ਸਿੰਘ ਨਾਲ ਗੱਲ ਕੀਤੀ ਪ੍ਰੋਫੈਸਰ ਦਰਸ਼ਨ ਸਿੰਘ ਵਲੋਂ ਕੀਤੇ ਕੀਰਤਨ ਨੂੰ ਸੁਣ ਕੇ ਮਨ ਵਿਚ ਵਲਵਲੇ ਉੱਠੇ। ਭਾਈ ਸਤਵੰਤ ਸਿੰਘ ਅਗਵਾਨ ਦਾ ਸਾਥ ਵੀ ਮਿਲ ਗਿਆ।

31 ਅਕਤੂਬਰ 1984 ਨੂੰ ਇੰਦਰਾ ਆਪਣੇ ਘਰੋਂ ਬੀ.ਬੀ.ਸੀ. ਦੀ ਟੈਲੀਵਿਜ਼ਨ ਮੰਡਲੀ ਨੂੰ ਆਪਣੇ ਦਫ਼ਤਰ ਦੇ ਬਗੀਚੇ ਵਿਚ ਮਿਲਣ ਲਈ ਬਾਹਰ ਆਈ।

31 ਅਕਤੂਬਰ 1984 ਦੇ ਦਿਨ ਇਨ੍ਹਾਂ ਦੋਹਾਂ ਨੇ ਇੰਦਰਾ ਗਾਂਧੀ ਨੂੰ ਸਿੱਖਾਂ 'ਤੇ ਜ਼ੁਲਮ ਕਰਨ, ਦਰਬਾਰ ਸਾਹਿਬ ਦੀ ਬੇ-ਹੁਰਮਤੀ ਕਰਨ ਅਤੇ ਹਜ਼ਾਰਾਂ ਬੇਗੁਨਾਹ ਸਿੱਖਾਂ ਦਾ ਕਤਲੇਆਮ ਕਰਨ ਦੀ ਮੌਤ ਦੀ ਸਜਾ ਦੇ ਦਿੱਤੀ। ਇੰਦਰਾ ਦੇ ਸਰੀਰ ਵਿਚ 18 ਗੋਲੀਆਂ ਲੱਗੀਆਂ।

ਇੰਦਰਾ ਦਾ ਕਤਲ ਕਰਕੇ ਇਹ ਦੋਵੇਂ ਸਿੰਘ ਭੱਜੇ ਨਹੀਂ ਸਨ। ਦੋਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। 38 ਸਾਲਾ ਭਾਈ ਬੇਅੰਤ ਸਿੰਘ ਨੂੰ ਦਫ਼ਤਰ ਵਿਚ ਲਿਜਾ ਕੇ ਗੋਲੀਆਂ ਦੀ ਵਾਛੜ ਕਰ ਦਿੱਤੀ ਤੇ ਉਹ ਸ਼ਹੀਦ ਹੋ ਗਇਆ ਜਦ ਕਿ 21 ਸਾਲਾ ਭਾਈ ਸਤਵੰਤ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਇਆ। ਬੇਅੰਤ ਸਿੰਘ ਦਾ ਸਸਕਾਰ ਪੁਲੀਸ ਨੇ ਕੀਤਾ ਅਸਥੀਆਂ ਵੀ ਨੱਹੀਂ ਦਿੱਤੀਆਂ ਗਈਆਂ ਸਨ।

31 ਅਕਤੂਬਰ 1984 ਦੀਆਂ ਤਰਕਾਲਾਂ ਵੇਲੇ ਏਮਜ਼ ਦੇ ਦੁਆਲੇ ਹਜੂਮ ਜੁੜਨਾ ਸ਼ੁਰੂ ਹੋ ਗਿਆ। ਨੇੜੇ ਤੇੜੇ ਜੋ ਵੀ ਸਿੱਖ ਮਿਲਿਆ ਉਸ ਦੀ ਖਿੱਚ-ਧੂਅ ਸ਼ੁਰੂ ਕਰ ਦਿੱਤੀ।

ਜ਼ੈਲ ਸਿੰਘ ਸਰਕਾਰੀ ਦੌਰੇ 'ਤੇ ਯਮਨ ਗਏ ਹੋਏ ਸਨ ਤੇ ਰਜੀਵ ਕਲਕੱਤੇ ਵਿੱਚ ਸੀ।

ਜ਼ੈਲ ਸਿੰਘ ਜਦੋਂ ਹਸਪਤਾਲ ਇੰਦਰਾ ਦਾ ਪਤਾ ਲੈਣ ਆਇਆ ਤਾਂ ਉਸ ਦੀ ਗੱਡੀ 'ਤੇ ਪਥਰ ਮਾਰੇ ਗਏ।

ਜ਼ੈਲ ਸਿੰਘ ਨੇ ਬਿਨਾ ਕਿਸੇ ਦੇ ਸਲਾਹ ਕੀਤਿਆਂ ਚੁੱਪ ਕਰਕੇ ਰਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾ ਧਰਿਆ ਜੋ ਉਸ ਦੀ ਸਭ ਤੋਂ ਵੱਡੀ ਭੁੱਲ ਜਾਂ ਮੂਰਖਤਾ ਸੀ।

ਇੰਦਰਾ ਗਾਂਧੀ ਦੇ ਕਤਲ ਪਿੱਛੋਂ ਜੋ ਕੁਝ ਵੀ ਹੋਇਆ ਉਹ ਇਕ ਗਿਣੀ ਮਿੱਥੀ ਸਾਜ਼ਿਸ਼ ਤਹਿਤ ਹੋਇਆ ਹੈ।

ਰਜੀਵ ਨੇ ਭੀੜ ਨੂੰ ਉਕਸਾਉਣ ਲਈ ਕਿਹਾ ਜਦੋਂ ਕੋਈ ਬੜਾ ਪੇੜ ਗਿਰਤਾ ਹੈ ਤੋ ਧਰਤੀ ਹਿਲਤੀ ਹੈ। ਭਾਵੇਂ ਮਗਰੋਂ ਆਪ ਹੀ ਹਿੱਲ ਗਿਆ ਸੀ।

31 ਅਕਤੂਬਰ 1984 ਨੂੰ ਸ਼ਾਮ ਪੈਂਦਿਆਂ ਤਕ ਲੁੱਟ ਖੋਹ ਅੱਗਜ਼ਨੀ ਦੀਆਂ ਘਟਨਾਵਾਂ ਇਕ ਦਮ ਤੇਜ਼ ਹੋ ਗਈਆਂ।

ਪੁਲੀਸ ਤਮਾਸ਼ਾ ਬਣੀ ਸਭ ਕੁਝ ਦੇਖ ਰਹੀ ਸੀ।

31 ਅਕਤੂਬਰ 1984 ਦੀ ਸ਼ਾਮ ਨੂੰ ਮੀਟਿੰਗ ਬੁਲਾਈ ਗਈ ਜਿਸ ਵਿਚ ਦਿੱਲੀ ਦਾ ਉਪ ਰਾਜਪਾਲ, ਦਿੱਲੀ ਦਾ ਪੁਲੀਸ ਕਮਿਸ਼ਨਰ ਤੇ ਐਮ. ਫੋਤੇਦਾਰ ਹਾਜ਼ਰ ਸਨ। ਇਸ ਮੀਟਿੰਗ ਵਿਚ ਪੁਲੀਸ ਦੇ ਉਚ ਅਧਿਕਾਰੀਆਂ ਨੇ ਵਿਚਾਰ ਪ੍ਰਗਟ ਕੀਤਾ ਕਿ ਫੌਜ ਬੁਲਾਈ ਜਾਏ ਪਰ ਇਸ ਵਿਚਾਰ ਵਲ ਕਿਸੇ ਨੇ ਕੋਈ ਧਿਆਨ ਹੀ ਨਹੀਂ ਦਿੱਤਾ ਸੀ। ਗ੍ਰਹਿ ਮੰਤ੍ਰੀ ਨਰ ਸਿੰਮਾ ਰਾਓ ਸੀ।

ਇੰਦ੍ਰਾ ਗਾਂਧੀ ਦੇ ਕਤਲ ਦੀ ਪਹਿਲੀ ਖਬਰ ਬੀ.ਬੀ.ਸੀ. ਨੇ 10 ਵਜੇ ਸਵੇਰੇ ਦਿੱਤੀ।

ਇੰਦਰਾ ਦੇ ਕਤਲ ਪਿੱਛੋਂ ਰਾਜੀਵ ਗਾਂਧੀ ਦੇ ਚਾਪਲੂਸ, ਐਚ. ਕੇ. ਐਲ ਭਗਤ, ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਲਲਿਤ ਮਾਕਨ, ਅਰਜਨ ਦਾਸ ਧਰਮਦਾਸ ਸ਼ਾਸਤਰੀ ਤੇ ਹੋਰ ਦਰਜਨਾਂ ਕਾਂਗਰਸੀਆਂ ਨੇ ਦਿੱਲੀ ਵਿੱਚ ਪੁਲੀਸ ਦੀ ਮਦਦ ਨਾਲ ਹਜ਼ਾਰਾਂ ਸਿੱਖਾਂ ਦਾ ਵਹਿਸ਼ੀਅਨ ਤਰੀਕੇ ਨਾਲ ਕਤਲ ਕਰਵਾਇਆ ਗਿਆ। ਸਿੱਖ ਤਵਾਰੀਖ਼ ਦੇ ਸਫ਼ਾ 1329 'ਤੇ "ਹੂ ਆਰ ਗਿਲਟੀ" ਦੀ ਰਿਪੋਰਟ ਅਨੁਸਾਰ 198 ਲੋਕਾਂ ਦੇ ਨਾਂ ਸ਼ਾਮਿਲ ਹਨ ਜਿੰਨ੍ਹਾਂ ਵਿਚੋਂ ਕੁਝ ਨਾਂ ਇਸ ਪ੍ਰਕਾਰ ਹਨ—ਰਾਜੀਵ, ਨਰਸਿੰਮਾ ਰਾਓ, ਮੰਗਤ ਰਾਮ ਸਿੰਗਲਾ, ਡਾ. ਅਸ਼ੋਕ ਕੁਮਾਰ, ਈਸ਼ਵਰ ਸਿੰਹੁ, ਅਸਿਸਟੈਂਟ ਪੁਲੀਸ ਕਮਿਸ਼ਨਰ ਮਲਹੋਤਰਾ, ਐਸ. ਐਚ. ਓਗ, ਜੈ ਸਿੰਹੁ, ਰਾਓ ਰਾਮ ਮਿਹਰ, ਗੁੰਡੇ ਲੁਟੇਰੇ ਸਮਾਜ ਵਿਰੋਧੀ ਅਨਸਰਾਂ ਨੇ ਪੂਰੀ ਤਰ੍ਹਾਂ ਸਿੱਖ ਕੌਮ ਦਾ ਘਾਣ ਕੀਤਾ, ਤੇ ਕਰਾਇਆ ਗਿਆ।

ਸਿੱਖਾਂ ਨੂੰ ਸਬਕ ਸਿਖਾਓ' ਦੀ ਕਾਰਵਾਈ ਪੂਰੀ ਤਰ੍ਹਾਂ ਗਿਣ ਮਿੱਥ ਕੇ 31 ਅਕਤੂਬਰ ਦੀ ਰਾਤ ਨੂੰ ਸ਼ੁਰੂ ਕੀਤੀ ਗਈ।

ਖਬਰ ਫੈਲਾਈ ਗਈ ਕਿ ਸਿੱਖ ਇੰਦਰਾ ਦੇ ਕਤਲ ਦੀ ਖੁਸ਼ੀ ਵਿਚ ਮਠਿਆਈਆਂ ਵੰਡ ਰਹੇ ਤੇ ਭੰਗੜੇ ਪਾ ਕੇ ਖੁਸ਼ੀ ਮਨਾ ਰਹੇ ਹਨ।

ਦੂਸਰੀ ਖਬਰ ਫੈਲਾਈ ਗਈ ਕਿ ਸਿੱਖ ਪਾਣੀ ਦੀਆਂ ਟੈਂਕੀਆਂ ਵਿਚ ਜ਼ਹਿਰ ਮਿਲਾ ਰਹੇ। ਸਰਦਾਰ ਖੁਸ਼ਵੰਤ ਸਿੰਘ ਦੀ ਪੁਸਤਕ ਸਿੱਖ ਇਤਿਹਾਸ ਭਾਗ ਦੂਜਾ ਵਿਚ ਲਿਖਦੇ ਹਨ ਅੱਧੀ ਰਾਤ ਨੂੰ ਇਹ ਖਬਰ ਵੀ ਫੈਲਾ ਦਿੱਤੀ ਕਿ ਸਿੱਖਾਂ ਵਲੋਂ ਕਤਲ ਕੀਤੇ ਹਿੰਦੂਆਂ ਦੀਆਂ ਭਰੀਆਂ ਗੱਡੀਆਂ ਪੰਜਾਬ ਵਿਚੋਂ ਦਿੱਲੀ ਪਹੁੰਚ ਗਈਆਂ ਹਨ। ਇਹ ਸਾਰੀਆਂ ਝੂਠੀਆਂ ਅਫਵਾਵਾਂ ਫੈਲਾਈਆਂ ਗਈਆਂ ਸਨ।

3 ਨਵੰਬਰ 1984 ਨੂੰ ਇੰਦ੍ਰਾ ਦਾ ਸਸਕਾਰ ਕੀਤਾ ਗਿਆ।

1 ਨਵੰਬਰ 1984 ਨੂੰ ਕਰਫਿਊ ਲਾਇਆ ਪਰ ਉਸ ਦਾ ਅਸਰ ਕੋਈ ਨਹੀਂ ਸੀ ਹੋ ਰਿਹਾ। ਪੁਲੀਸ ਸਾਰਾ ਤਮਾਸ਼ਾ ਦੇਖ ਰਹੀ ਸੀ।

2 ਨਵੰਬਰ ਨੂੰ ਅਖ਼ਬਾਰਾਂ ਵਿਚ ਮੋਟੇ ਅੱਖ਼ਰਾਂ ਵਿਚ ਛਾਪਿਆ ਗਿਆ ਕਿ "ਵੇਖਦਿਆਂ ਹੀ ਗੋਲ਼ੀ ਮਾਰਨ"।ਇਹ ਇਕ ਖਾਨਾਪੂਰਤੀ ਸੀ। ਕਿਸੇ ਨੇ ਵੀ ਵੇਖਦਿਆਂ ਗੋਲੀ ਨਹੀਂ ਮਾਰੀ ਸਗੋਂ ਹਲਾ ਸ਼ੇਰੀ ਦਿੰਦੇ ਰਹੇ।

3 ਨਵੰਬਰ 1984 ਨੂੰ ਫੌਜ ਬਲਾਈ ਗਈ ਵੇਖਦਿਆਂ ਗੋਲੀ ਮਾਰਨ ਲਈ ਨਹੀਂ ਸੀ ਸਗੋਂ ਇੰਦ੍ਰਾ ਦੇ ਸਸਕਾਰ ਵਿਚ ਸ਼ਾਮਿਲ ਹੋਣ ਵਾਲਿਆਂ ਦੀ ਸੁਰੱਖਿਆ ਲਈ ਸੀ।

4 ਨਵੰਬਰ 1984 ਤਕ ਦਿੱਲੀ ਸਿੱਖਾਂ ਦਾ ਖ਼ੂਨ ਪੀ ਚੁੱਕੀ ਸੀ।

19 ਨਵੰਬਰ 1984 ਨੂੰ ਇੰਦਰਾ ਦੇ ਜਨਮ 'ਤੇ ਰਾਜੀਵ ਗਾਂਧੀ ਫਿਰ ਬੋਲਿਆ ਜਦ ਵੱਡਾ ਬੋਹੜ ਦਾ ਦਰੱਖਤ ਡਿਗਦਾ ਹੈ ਤਾਂ ਜ਼ਮੀਨ ਹਿਲਦੀ ਹੈ।

ਇਸ ਸਾਰੇ ਕਾਸੇ ਵਿਚ 1809 ਵਿਆਕਤੀਆਂ ਨੂੰ ਫੜਿਆ ਗਿਆ ਜਿੰਨ੍ਹਾਂ ਨੂੰ ਜ਼ਿਆਦਾਤਰ ਜ਼ਮਾਨਤਾਂ ਤੇ ਛੱਡ ਦਿੱਤਾ ਗਿਆ।

ਇਸ ਪਾਸੇ "ਦੀ ਪੀਪਲਜ਼ ਯੂਨੀਅਨ ਫੋਰ ਡੈਮੋਕ੍ਰੈਟਿਕ ਰਾਈਟਸ ਤੇ ਪੀਪਲਜ਼ ਯੂਨੀਅਨ ਫੋਰ ਸਿਵਲ ਲਿਬਰਟੀਜ਼" ਨੇ ਪਹਿਲ ਕੀਤੀ। ਘੱਲੂਘਾਰੇ ਤੇ ਸਿੱਖ ਕਤਲੇਆਮ ਦੇ ਬਚ ਰਹੇ ਚਸ਼ਮਦੀਦ ਗਵਾਹਾਂ ਤੋਂ "ਨਾਗਰਿਕ ਏਕਤਾ ਮੰਚ" ਦੇ ਸੇਵਕਾਂ ਨੇ ਜਾਣਕਾਰੀ ਇਕੱਠੀ ਕੀਤੀ। ਇਨ੍ਹਾਂ ਸੰਸਥਾਵਾਂ ਵਿਚ ਇਕ ਵੀ ਸਿੱਖ ਨਹੀਂ ਸੀ। ਇਨ੍ਹਾਂ ਵਲੋਂ "ਕੌਣ ਦੋਸ਼ੀ ਹਨ" ਦੇ ਸਿਰਲੇਖ ਹੇਠ ਕਿਤਾਬਚਾ ਛਾਪਿਆ ਗਿਆ।

ਇਸ ਕਿਤਾਬਚੇ ਵਿਚ ਘਟਨਾਵਾਂ ਨੂੰ ਸਿਲਸਲੇਵਾਰ ਵਰਣਨ ਕਰਨ ਪਿੱਛੋਂ ਸਿਆਸਦਾਨਾਂ, ਪੁਲੀਸ ਵਾਲਿਆਂ, ਤੇ ਦੂਸਰੇ ਵਿਆਕਤੀਆਂ ਦੇ ਨਾਮ ਛੱਪਣ ਦੀ ਦਲੇਰੀ ਵੀ ਕੀਤੀ।

ਚਸ਼ਮਦੀਦ ਗਵਾਹਾਂ ਨੇ ਕੇਂਦਰੀ ਮੰਤਰੀ ਮੰਡਲ ਦੇ ਮੰਤਰੀ ਹਰੀ ਕ੍ਰਿਸ਼ਨ ਲਾਲ ਭਗਤ ਤੇ ਤਿੰਨ ਲੋਕ ਸਭਾ ਦੇ ਮੈਂਬਰ ਜਗਦੀਸ਼ ਟਾਇਟਲਰ, ਸੱਜਣ ਕੁਮਾਰ ਤੇ ਧਰਮ ਕੁਮਾਰ ਸ਼ਾਸਤਰੀ ਨੂੰ ਪਛਾਣ ਲਿਆ ਸੀ।

"ਦੋਸ਼ੀ ਕੌਣ ਪਿੱਛੋਂ" ਦੇ ਮਗਰੋਂ ਇੱਕ ਹੋਰ ਉੱਚ ਅਧਿਕਾਰਤ ਗੈਰ ਸਰਕਾਰੀ ਪੜਤਾਲੀਆ ਕਮਿਸ਼ਨ ਜਿਸ ਦੇ ਮੁੱਖੀ ਸੁਪਰੀਮ ਕੋਰਟ ਦੇ ਰਿਟਾਇਰਡ ਚੀਫ਼ ਜਸਟਿਸ ਐਸ. ਐਮ. ਸੀਕਰੀ ਸਨ ਇਸ ਕਮਿਸ਼ਨ ਨੇ ਥਾਂ-ਪਰ-ਥਾਂ ਜਾ ਕੇ ਜਾਣਕਾਰੀ ਇਕੱਠੀ ਕੀਤੀ ਪਰ ਨਰ ਸਿੰਮਾ ਰਾਓ ਤੇ ਰਾਜੀਵ ਗਾਂਧੀ ਨੇ ਮਿਲਣ ਦਾ ਸਮਾਂ ਨਹੀਂ ਦਿੱਤਾ।

18 ਜਨਵਰੀ 1985 ਨੂੰ ਇਨ੍ਹਾਂ ਨੇ ਜਿਹੜੀ ਰਿਪੋਰਟ ਛਾਪੀ ਉਸ ਦਾ ਸਿੱਟਾ ਕੱਢਿਆ ਕਿ ਸਿੱਖਾਂ ਨੂੰ "ਸਬਕ ਸਿਖਾਇਆ ਜਾਏ"। ਇਨ੍ਹਾਂ ਨੇ ਪੁਲੀਸ, ਸਰਕਾਰੀ ਮਿਲੀ ਭੁਗਤ, ਲਾਪ੍ਰਵਾਹੀ, ਜਾਣਬੁਝ ਕੇ ਅਜੇਹਾ ਕੁਝ ਕਰਨ ਦੇ ਅਵਸਰ ਮੁਹੱਈਆ ਕਰਾਏ ਗਏ ਜਿਸ ਨਾਲ ਅਜ਼ਾਦ ਭਾਰਤ ਵਿਚ ਸਰਕਾਰੀ ਗੁੰਡਾ ਗਰਦੀ ਦਾ ਨੰਗਾ ਨਾਚ ਹੋਇਆ।

ਕਮਿਸ਼ਨ 'ਤੇ ਕਮਿਸ਼ਨ ਬਿਠਾਏ ਗਏ ਪਰ 1947 ਉਪਰੰਤ ਇਕ ਵਾਰ ਫਿਰ ਸਿੱਖ ਕੌਮ ਦਾ ਉਜਾੜਾ, ਵਡਾਂਗਾ, ਮਾਵਾਂ-ਧੀਆਂ-ਭੈਣਾਂ ਦੇ ਬਲਾਤਕਾਰ, ਕਾਰੋਬਾਰ ਬੇਸ਼ਰਮੀ ਨਾਲ ਲੁੱਟੇ, ਘਰ ਸਾੜੇ, ਟਰੱਕ ਸਾੜੇ ਗਏ। ਬੜੀ ਤਰਤੀਬ ਨਾਲ ਭਾਰਤ ਦੇ ਬਾਕੀ ਸ਼ਹਿਰਾਂ ਵਿੱਚ ਸਿੱਖ ਕੌਮ ਦਾ ਕਤਲੇਆਮ ਕੀਤਾ ਗਿਆ।

ਇਹ ਦੰਗੇ ਨਹੀਂ ਹੋਏ ਇਹ ਸਿੱਖ ਕੌਮ ਦਾ ਘਾਣ, ਸਿੱਖ ਕੌਮ ਦੀ ਨਸਲ ਕੁਸ਼ੀ ਤੇ ਕਤਲੇਆਮ ਹੋਇਆ ਹੈ ਜਿਹੜਾ ਅੱਖਰਾਂ ਦੀ ਬੰਦਸ਼ ਵਿਚ ਨਹੀਂ ਆ ਸਕਦਾ।

1984 ਦੀਆਂ ਚੋਣਾਂ ਲਈ ਕਾਂਗਰਸ ਨੇ ਮਾਹੌਲ ਤਿਆਰ ਕੀਤਾ। ਸਿੱਖ ਕੌਮ ਦੇ ਅਕਸ ਨੂੰ ਵਿਗਾੜ ਕੇ ਸਾਰੇ ਭਾਰਤ ਵਿਚੋਂ ਹਮਦਰਦੀ ਦੀਆਂ ਵੋਟਾਂ ਬਟੋਰੀਆਂ ਗਈਆਂ। ਸਿੱਖ ਵਰਦੀ ਵਿਚ ਇੰਦਰਾ ਨੂੰ ਗੋਲੀ ਮਾਰਦੇ ਦਿਖਾਏ ਗਏ। ਬੇੜਾ ਬਹਿ ਗਿਆ ਕਾਂਗਰਸ ਦਾ ਜਦੋਂ ਇੰਦਰਾ ਗਾਂਧੀ ਪੋਸਟਰਾਂ ਵਿਚ ਬੀਬੀਆਂ ਨੂੰ ਬਿੰਦੀਆਂ ਵੰਡਦੀ ਦਿਖਾਈ ਗਈ। ਏਦਾਂ ਦਾ ਬਿਰਤਾਂਤ ਸਿਰਜਿਆ ਗਿਆ ਜੇ ਮੈਂ ਮਰ ਜਾਵਾਂ ਤਾਂ ਮੇਰੇ ਖ਼ੂਨ ਦਾ ਇਕ ਕਤਰਾ ਵੀ ਦੇਸ਼ ਨੂੰ ਬਲ ਦੇਵੇਗਾ।

ਨਤੀਜਾ ਜਿਹੜਾ ਚਾਹੀਦਾ ਸੀ ਉਹ ਮਿਲ ਗਿਆ, 540 ਸੀਟਾਂ ਵਿਚੋਂ 410 ਭਾਵ 80% ਸੀਟਾਂ ਕਾਂਗਰਸ ਲੈ ਗਈ।

ਇਕੱਲੇ ਦਿੱਲੀ ਵਿਚ 1000 ਗੁਰਦੁਆਰੇ ਹਜ਼ਾਰਾਂ ਦੁਕਾਨਾਂ, ਘਰ, ਕਾਰਖਾਨੇ, ਅਜ਼ਾਦ ਭਾਰਤੀਆਂ ਨੇ ਲੁੱਟ ਕੇ ਬਰਬਾਦ ਕੀਤੇ।

ਕੋਈ ਬੱਚਾ, ਜਵਾਨ ਬੁੱਢਾ ਇਸ ਹਜੂਮ ਨੇ ਬਖਸ਼ਿਆ ਨਹੀਂ ਸੀ।

ਪਹਿਲਾਂ ਲੋਹੇ ਦੇ ਰਾਡਾਂ ਨਾਲ ਕੁੱਟਦੇ ਸਨ ਫਿਰ ਪੈਟ੍ਰੋਲ ਪਾ ਕੇ ਅੱਗ ਲਗਾ ਦਿੰਦੇ ਸਨ।

ਸਿੱਖ ਅਵਾਮ ਨਾਲ ਅਜ਼ਾਦ ਭਾਰਤੀਆਂ ਨੇ ਘਟੀਆ ਤੋਂ ਘਟੀਆ ਹਰਕਤਾਂ ਕੀਤੀਆਂ। ਗਲਾਂ ਵਿਚ ਬਲ਼ਦੇ ਟਾਇਰ ਪਾਏ ਗਏ। ਇਹ ਸਿਰੇ ਦੇ ਚਵਲ, ਇਨਸਾਨੀਅਤ ਦੇ ਕਿਰਦਾਰ ਤੋਂ ਗਿਰੇ ਹੋਏ ਸਨ, ਕਹਿੰਦੇ ਸਨ, "ਦੇਖੋ ਸਿੱਖ ਨਾਚ ਕਰ ਰਿਹਾ ਹੈ"। ਲੱਖ ਲਾਹਨਤ ਅਜੇਹੀ ਘਟੀਆਂ ਸੋਚ ਦੇ।

ਸਿੱਖ ਕੌਮ ਦਾ ਕਿੰਨਾ ਨੁਕਸਾਨ ਹੋਇਆ ਸਹੀ ਗਿਣਤੀ ਕਰਨੀ ਅਸੰਭਵ ਹੈ। ਦਿੱਲੀ ਤੋਂ ਬਿਨਾ ਸਮੂੰਹਕ, ਕਤਲ, ਬਲਤਕਾਰ ਦੀਆਂ ਘਟਨਾਵਾਂ ਹਿਮਾਚਲ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼ ਤੇ ਉੱਤਰ ਪ੍ਰਦੇਸ਼ ਵਿਚ ਹੋਈਆਂ। ਸਭ ਤੋਂ ਵੱਧ ਨੁਕਸਾਨ ਉੱਤਰ ਪ੍ਰਦੇਸ, ਬਿਹਾਰ, ਕਾਨਪੁਰ, ਲਖਨਊ, ਰਾਂਚੀ ਤੇ ਰੌੜਕਲਾ ਵਰਗੇ ਸ਼ਹਿਰਾਂ ਵਿਚ ਹੋਇਆ।

8000 ਹਜ਼ਾਰ ਤੋਂ ਵੱਧ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ 30 ਫੌਜੀ ਅਫ਼ਸਰ ਮਾਰੇ ਗਏ।ਦੋ ਹਜ਼ਾਰ ਤੋਂ ਵੱਧ ਟੈਕਸੀਆਂ ਤੇ ਟਰੱਕਾਂ ਦਾ ਨੁਕਸਾਨ ਹੋਇਆ।

ਇੰਝ ਅਜ਼ਾਦ ਭਾਰਤ ਵਿਚ ਸਿੱਖ ਕੌਮ ਦੀ ਬਰਬਾਦੀ ਦੀ ਦਾਸਤਾਂ 1 ਨਵੰਬਰ 1984 ਦੀ ਸਵੇਰ ਤੋਂ ਸ਼ੁਰੂ ਹੋ ਕੇ 4 ਨਵੰਬਰ ਦੀ ਢ਼ਲਦੀ ਦੁਪਹਿਰ ਤੱਕ ਚਲਦੀ ਰਹੀ।

ਦੂਰਦਰਸ਼ਨ ਤੋਂ ਇੰਦਰਾ ਗਾਂਧੀ ਦੀਆਂ ਵਾਰ ਵਾਰ ਤਸਵੀਰਾਂ ਦਿਖਾਈਆਂ ਜਾ ਰਹੀਆਂ ਸਨ ਤਾ ਕਿ ਸਿੱਖ ਕੌਮ ਦਾ ਵੱਧ ਤੋਂ ਵੱਧ ਨੁਕਸਾਨ ਕੀਤਾ ਜਾ ਸਕੇ।

ਸਿੱਖ ਕੌਮ ਦੇ ਕਤਲੇਆਮ ਲਈ 4 ਕਮਿਸ਼ਨ 9 ਕਮੇਟੀਆਂ ਅਤੇ ਦੋ ਸਿਟ ਬਣੀਆਂ ਪਰ ਨਤੀਜਾ ਸਿਫਰ ਦੇ ਬਰਾਬਰ ਹੈ। ਕਿਹਾ ਜਾ ਸਕਦਾ ਹੈ ਜਾ ਬੇਈਮਾਨੀਏ ਤੇਰਾ ਹੀ ਆਸਰਾ।

1 ਨਵੰਬਰ ਆਉਂਦੀ ਤਾਂ ਸਾਡੇ ਲਈ ਫਿਰ ਚੌਰਾਸੀ ਆ ਗਈ ਇਹ ਬੋਲ ਦਿੱਲੀ ਦੀ ਵਿਧਵਾ ਕਲੋਨੀ ਦੇ ਮਕਾਨ ਨੰ. 86 ਏ ਵਿੱਚ ਰਹਿ ਰਹੀ ਭੈਣ ਨਿਰਮਲ ਕੌਰ ਦੇ ਹਨ। ਜੋ ਹੁਣ ਤਕ ਇਨਸਾਫ਼ ਦੀ ਉਡੀਕ ਕਰ ਰਹੀ ਹੈ।

ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਛੋਟੇ ਛੋਟੇ ਫਲੈਟ ਅਲਾਟ ਕੀਤੇ ਗਏ ਜਿਸ ਵਿਚ ਦੋ ਹਜ਼ਾਰ ਦੇ ਕਰੀਬ ਪਰਿਵਾਰ ਰਹਿ ਰਹੇ ਹਨ। ਬੜੀ ਸ਼ਰਮਨਾਕ ਗੱਲ ਹੈ ਅਜ਼ਾਦ ਭਾਰਤ ਵਿਚ ਇਸ ਕਲੋਨੀ ਨੂੰ ਹੀ ਵਿਧਵਾ ਕਲੋਨੀ ਕਿਹਾ ਜਾਣ ਲੱਗ ਪਿਆ। ਇਹ ਸਿੱਖ ਆਗੂਆਂ ਦੇ ਮੱਥੇ 'ਤੇ ਵੀ ਕਲੰਕ ਹੀ ਹੈ।

**ਬਾਕੀ ਸਫਾ 16 'ਤੇ**

# ਪਾਠਕਾਂ ਦੇ ਸਵਾਲ ਜਵਾਬ

-ਗੁਰਮਤਿ ਵਿਰਸਾ ਬਿਊਰੋ

**1. ਸਵਾਲ: ਹੇਠ ਲਿਖੀ ਤੁਕ ਦਾ ਅਰਥ ਦੱਸੋ?**

**ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ ॥ (608)**

**ਜਵਾਬ:** ਸ਼ਬਦ ਦਾ ਭਾਵ ਅਰਥ ਸਮਝਣ ਵਾਸਤੇ ਪਹਿਲੋਂ ਸ਼ਬਦ ਵਿਚਲੀ 'ਰਹਾਉ' ਵਾਲੀ ਤੁਕ ਨੂੰ ਸਮਝਣਾ ਚਾਹੀਦਾ ਹੈ। ਜਦੋਂ ਕੇਂਦਰੀ ਭਾਵ ਦਰਸਾਉਣ ਵਾਲੀ ਰਹਾਉ ਦੀ ਤੁਕ ਦੇ ਭਾਵ-ਅਰਥ ਸਮਝ ਵਿੱਚ ਆ ਜਾਣ ਤਾਂ ਬਾਕੀ ਸ਼ਬਦ ਦੇ ਅਰਥ ਸਮਝਣੇ ਬਹੁਤ ਸੌਖੇ ਹੋ ਜਾਂਦੇ ਹਨ। ਆਓ ਪਹਿਲਾਂ ਰਹਾਉ ਵਾਲੀ ਤੁਕ ਨੂੰ ਵਿਚਾਰ ਲਈਏ ਜਿਹੜੀ ਇਉਂ ਹੈ:-

**ਮੇਰੇ ਗੋਬਿਦ ਅਪੁਨੇ ਜਨ ਕਉ ਦੇਹਿ ਵਡਿਆਈ ॥**

**ਗੁਰਮਤਿ ਰਾਮ ਨਾਮੁ ਪਰਗਾਸਹੁ ਸਦਾ ਰਹਹੁ ਸਰਣਾਈ ॥ ਰਹਾਉ ॥(608)**

ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਹੇ ਮੇਰੇ ਗੋਬਿੰਦ! ਆਪਣੇ ਦਾਸ ਨੂੰ ਇਹ ਇੱਜ਼ਤ (ਵਡਿਆਈ) ਬਖਸ਼ (ਕਿ) ਗੁਰੂ ਦੀ ਮਤਿ ਰਾਹੀ ਮੇਰੇ ਅੰਦਰ ਆਪਣਾ ਨਾਮ ਪ੍ਰਕਾਸ਼ (ਪ੍ਰਗਟ) ਕਰ ਦੇਹ ਅਤੇ ਮੈਨੂੰ ਸਦਾ ਆਪਣੀ ਸ਼ਰਨ ਵਿੱਚ ਰੱਖ। ਸਤਿਗੁਰੂ ਜੀ ਨਾਮ ਦੇ ਪ੍ਰਕਾਸ਼ ਅਤੇ ਸ਼ਰਨ ਵਿੱਚ ਰਹਿਣ ਦੀ ਜਾਚਨਾ ਕਰਦੇ ਹਨ।

ਆਉ ਹੁਣ ਸਵਾਲ ਵਾਲੀ ਤੁਕ ਨੂੰ ਵੀਚਾਰੀਏ ਜਿਹੜੀ ਇਉਂ ਹੈ:

**ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ ॥**

**ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ ॥ (608)**

**ਪਦ ਅਰਥ:** ਅਚਰੁ-ਨਾ ਜਿੱਤਿਆ ਜਾਣ ਵਾਲਾ ਮਨ। ਚਰੈ-ਜਿੱਤ ਲੈਂਦਾ ਹੈ। ਸਿਧਿ ਸਫ਼ਲਤਾ। ਭ੍ਰਮ-ਮਨ ਦੀ ਭਟਕਣਾ।

**ਅਰਥ:** ਗੁਰੂ ਦੀ ਸ਼ਰਨ ਪੈ ਕੇ ਜਦੋਂ ਮਨੁੱਖ ਅਜਿੱਤ ਮਨ ਨੂੰ ਜਿੱਤ ਲੈਂਦਾ ਹੈ ਤਾਂ ਇਸਨੂੰ ਜੀਵਨ-ਸੰਗ੍ਰਾਮ ਵਿੱਚ ਸਫ਼ਲਤਾ ਮਿਲ ਜਾਂਦੀ ਹੈ। ਇਸ ਸਫ਼ਲਤਾ (ਕਾਮਯਾਬੀ) ਤੋਂ ਮਨੁੱਖ ਨੂੰ ਇਹ ਅਕਲ ਆ ਜਾਂਦੀ ਹੈ ਕਿ ਜਦੋਂ ਪ੍ਰਭੂ ਦੀ ਪ੍ਰੀਤ ਦੇ ਤੀਰ ਇਸਦੇ ਹਿਰਦੇ ਵਿੱਚ ਖੁੱਭ ਜਾਂਦੇ ਹਨ ਤਾਂ ਇਸਦੇ ਮਨ ਦੀ ਭਟਕਣਾ ਸਦਾ ਲਈ ਕੱਟੀ ਜਾਂਦੀ ਹੈ।

**2. ਸਵਾਲ: ਗੁਰਬਾਣੀ ਫੁਰਮਾਨ "ਗੁਰੁ ਪਰਮੇਸਰੁ ਏਕੋ ਜਾਣੁ॥" ਤੇ "ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥" ਦੀ ਵਿਚਾਰ ਕਰਨ ਤੇ ਆਪਾ ਵਿਰੋਧੀ ਭਾਸਦੇ ਹਨ। ਸਪਸ਼ਟ ਕਰੋ?**

**ਜਵਾਬ:** ਗੁਰਮਤਿ ਸਿਧਾਂਤਾਂ ਅਨੁਸਾਰ ਇਕ ਗੱਲ ਸਪਸ਼ਟ ਹੈ ਕਿ ਗੁਰੂ ਸਾਹਿਬਾਨ ਨੇ ਆਪਣੇ ਸਰੀਰ ਨੂੰ ਨਹੀਂ, ਸਗੋਂ ਸ਼ਬਦ ਨੂੰ ਹੀ ਗੁਰੂ ਸਵੀਕਾਰ ਕੀਤਾ ਹੈ: (ਸਬਦ ਗੁਰੂ ਸੁਰਤਿ ਧੁਨਿ ਚੇਲਾ)॥ ਗੁਰਬਾਣੀ ਦੀ ਤੁਕ "**ਪੋਥੀ ਪਰਮੇਸਰ ਕਾ ਥਾਨ॥**" ਤੋਂ ਭਾਵ ਵੀ ਇਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਪ੍ਰਮਾਤਮਾ ਦੇ ਹੁਕਮ ਰੂਪੀ ਸ਼ਬਦ ਹੀ ਲਿਖੇ ਹੋਏ ਹਨ। ਭਾਵ ਕਿ ਸ਼ਬਦ ਨੂੰ ਹੀ ਪ੍ਰਮੁੱਖਤਾ ਹੈ। ਇਤਿਹਾਸਕ ਹਵਾਲੇ ਵੀ ਇਹ ਗੱਲ ਸਪੱਸ਼ਟ ਕਰਦੇ ਹਨ ਕਿ ਗੁਰੂ ਸਾਹਿਬਾਨ ਨੇ ਆਪਣੇ ਸਰੀਰ ਨਾਲੋਂ ਸ਼ਬਦ ਨੂੰ ਮਹੱਤਤਾ ਦਿੱਤੀ।" **ਗੁਰੁ ਪਰਮੇਸਰੁ ਏਕੋ ਜਾਣੁ॥**" ਤੁਕ ਵਿੱਚ ਦੱਸਿਆ ਹੈ ਕਿ ਪ੍ਰਮਾਤਮਾ ਤੇ ਗੁਰੂ ਇੱਕ ਰੂਪ ਹਨ, ਕਿਉਂਕਿ ਗੁਰੂ ਬੰਦਗੀ/ ਬਖਸ਼ਿਸ਼ ਦੁਆਰਾ ਉਸ ਦਾ ਹੀ ਰੂਪ ਬਣ ਜਾਂਦਾ ਹੈ। ਪ੍ਰਮਾਤਮਾ ਦਾ ਰੂਪ ਬਣਨਾ ਹੋਰ ਗੱਲ ਹੈ, ਆਪਣੇ ਆਪ ਨੂੰ ਪ੍ਰਮਾਤਮਾ ਅਖਵਾਉਂਣਾ ਹੋਰ ਗੱਲ ਹੈ। ਗੁਰੂ ਜੀ ਨੇ ਸਰੀਰ ਨੂੰ ਪ੍ਰਮਾਤਮਾ ਆਖਣ ਵਾਲੇ ਪਾਸੇ ਤੋਂ ਮਨ੍ਹਾਂ ਕੀਤਾ ਹੈ ਕਿਉਂਕਿ ਗੁਰਬਾਣੀ ਫੁਰਮਾਨ ਹੈ ਕਿ "**ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥**" ਗੁਰੂ ਸਾਹਿਬ ਦੇ ਕਹਿਣ ਤੋਂ ਭਾਵ ਵੀ ਇਹੀ ਹੈ ਕਿ ਸਰੀਰ ਪ੍ਰਮਾਤਮਾ ਨਹੀਂ ਹੋ ਸਕਦਾ, ਜਿਵੇਂ ਅਵਤਾਰੀ ਪੁਰਸ਼ ਆਪਣੇ ਆਪ ਨੂੰ ਪ੍ਰਮਾਤਮਾ ਅਖਵਾਉਂਦੇ ਹਨ। ਸ਼ਬਦ ਹੀ ਗੁਰੂ ਹੈ। ਗੁਰਮਤਿ ਵਿੱਚ ਸਰੀਰਾਂ ਦੀ ਪੂਜਾ ਨਹੀਂ, ਸ਼ਬਦ ਦੀ ਕਮਾਈ ਹੀ ਸ੍ਰੇਸ਼ਟ ਹੈ।

**3.ਸਵਾਲ: ਮੂਲਮੰਤ੍ਰ ਵਿੱਚ ਗੁਰੂ ਨਾਨਕ ਸਾਹਿਬ ਨੇ 'ਗੁਰ ਪ੍ਰਸਾਦਿ' ਲਿਖਿਆ ਹੈ; ਇਥੇ ਕਿਸ ਗੁਰੂ ਵਲ ਇਸ਼ਾਰਾ ਹੈ?**

**ਜਵਾਬ:** ਗੁਰੂ ਨਾਨਕ ਸਾਹਿਬ ਦਾ ਗੁਰੂ ਅਕਾਲ ਪੁਰਖ ਸੀ ਤੇ ਅਕਾਲ ਪੁਰਖ ਦੀ ਸ਼ਬਦ ਰੂਪੀ ਜੋਤਿ ਹੀ ਸਭ ਗੁਰੂ ਸਾਹਿਬਾਨ ਅੰਦਰ ਮੌਜੂਦ ਸੀ ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਮੌਜੂਦ ਹੈ। ਗੁਰਪ੍ਰਸਾਦਿ ਵਿੱਚ "**ਸ਼ਬਦ ਗੁਰੂ**" ਵੱਲ ਹੀ ਇਸ਼ਾਰਾ ਹੈ।

**4.ਸਵਾਲ: ਚਾਰ ਕੁਰਹਿਤਾਂ ਕਿਹੜੀਆਂ ਕਿਹੜੀਆਂ ਹਨ?**

**ਜਵਾਬ:** 1- ਕੇਸਾਂ ਦੀ ਬੇਅਦਬੀ। 2- ਕੁੱਠਾ ਖਾਣਾ (ਉਹ ਮਾਸ ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ) 3- ਪਰ ਇਸਤਰੀ ਜਾਂ ਪਰ ਪੁਰਸ਼ ਦਾ ਭੋਗਣਾ। 4- ਤਮਾਕੂ ਦਾ ਵਰਤਣਾ। ਇਹਨਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ, ਦੰਡ ਲੁਆ ਕੇ ਅੰਮ੍ਰਿਤ ਛਕਣਾ ਜ਼ਰੂਰੀ ਹੈ। ਆਪਣੀ ਇੱਛਾ ਵਿਰੁਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਏ ਤਾਂ ਦੰਡ ਕੋਈ ਨਹੀਂ।

**5.ਸਵਾਲ: ਗੁਰੂ ਗ੍ਰੰਥ ਸਾਹਿਬ ਉਪਰ ਚੜ੍ਹਾਏ ਜਾਣ ਵਾਲੇ ਰੁਮਾਲੇ ਉਪਰ ਕੀ ਅਨਮਤਾਂ ਦੇ ਚਿੰਨ੍ਹ ਛਾਪੇ ਜਾਂ ਕਢਾਈ ਕਰਕੇ ਬਣਾਏ ਜਾ ਸਕਦੇ ਹਨ?**

**ਜਵਾਬ:** ਨਹੀਂ, ਗੁਰੂ ਗ੍ਰੰਥ ਸਾਹਿਬ ਉਪਰ ਚੜ੍ਹਾਏ ਜਾਣ ਵਾਲੇ ਰੁਮਾਲੇ ਉਪਰ ਕਿਸੇ ਅਨਮਤ ਦਾ ਕੋਈ ਚਿੰਨ੍ਹ, ਉਲੀਕਿਆ, ਕਢਵਾਇਆ ਜਾਂ ਛਾਪਿਆ ਨਹੀਂ ਜਾ ਸਕਦਾ। ਐਸਾ ਰੁਮਾਲਾ ਗੁਰੂ ਗ੍ਰੰਥ ਸਾਹਿਬ ਉਪਰ ਨਹੀਂ ਚੜ੍ਹਾਇਆ ਜਾ ਸਕਦਾ। ਗੁਰਦੁਆਰੇ ਵਿਚ ਕੇਵਲ ਸਿੱਖ ਧਰਮ ਦੇ ਅਸੂਲਾਂ ਤੇ ਸਿੱਖ ਮਰਯਾਦਾ ਦੀ ਮਹਾਨਤਾ ਤੇ ਸਰਵੋਤਮਤਾ ਹੈ।

**6.ਸਵਾਲ: ਕੀ ਅੰਮ੍ਰਿਤਧਾਰੀ ਲਈ ਕੇਵਲ ਅੰਮ੍ਰਿਤਧਾਰੀ ਪ੍ਰਵਾਰ ਦੇ ਹਥੋਂ ਛਕਣਾ ਹੀ ਯੋਗ ਹੈ?**

**ਜਵਾਬ:** ਐਸੀ ਕੋਈ ਸ਼ਰਤ ਰਹਿਤ ਮਰਿਯਾਦਾ ਵਿਚ ਨਹੀ ਲਾਈ ਗਈ। ਇਹ ਜ਼ਰੂਰੀ ਹੈ ਕਿ ਭੋਜਨ ਸਫਾਈ, ਪਵਿਤਰਤਾ ਤੇ ਸੁਅੱਛਤਾ ਦੇ ਨਿਯਮਾਂ ਨੂੰ ਮੁੱਖ ਰੱਖ ਕੇ ਤਿਆਰ ਕੀਤਾ ਜਾਏ। ਅੰਮ੍ਰਿਤਧਾਰੀ ਹੋਣ ਦੀ ਪ੍ਰੇਰਣਾ ਦੇਣੀ ਚੰਗੀ ਗੱਲ ਹੈ।

**7.ਸਵਾਲ: ਕਈ ਲੋਕ ਬੱਚੇ ਦੇ ਜਨਮ ਉਪਰੰਤ ਪਹਿਲਾ ਚੋਲਾ ਆਪਣੇ ਸੰਤਾਂ ਮਹੰਤਾਂ ਤੋਂ ਹੀ ਪੁਆਉਂਦੇ ਹਨ। ਇਸ ਬਾਰੇ ਗੁਰਮਤਿ ਦਾ ਪਖ ਕੀ ਹੈ?**

**ਜਵਾਬ:** ਬੱਚੇ ਦੇ ਜਨਮ ਉਪਰੰਤ ਉਸ ਦਾ ਸਰੀਰ ਢੱਕਣ ਲਈ ਜੋ ਕਪੜੇ ਪਾਏ ਜਾਂਦੇ ਹਨ ਉਹ ਹੀ ਪਹਿਲਾ ਚੋਲਾ ਹੁੰਦਾ ਹੈ। ਇਸ ਤੋਂ ਬਿਨਾਂ ਚੋਲੇ ਆਦਿ ਦੀ ਕੋਈ ਹੋਰ ਉਚੇਚੀ ਰਸਮ ਸਿੱਖੀ ਵਿਚ ਨਹੀਂ ਹੈ।

**8.ਸਵਾਲ: ਸਿੱਖੀ ਦਾ 'ਮੂਲ ਮੰਤਰ' ਕੀ ਹੈ?**

**ਜਵਾਬ:** ਸਿੱਖੀ ਦਾ ਮੂਲ ਮੰਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਦਰਜ ਹੈ, "ੴ, ਸਤਿਨਾਮ, ਕਰਤਾ ਪੁਰਖੁ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰ ਪ੍ਰਸਾਦਿ॥"

ਇਸ ਵਿੱਚ ਅਕਾਲ ਪੁਰਖ ਦੇ ਸਰੂਪ ਤੇ ਗੁਣਾਂ ਦਾ ਵਰਣਨ ਹੈ। ਮੂਲ ਮੰਤਰ ਦਾ ਭਾਵ ਹੈ ਸਿੱਖੀ ਦਾ ਮੁਢਲਾ ਉਪਦੇਸ਼।

**9.ਸਵਾਲ: 'ਪੰਥ' ਸ਼ਬਦ ਦੇ ਕੀ ਅਰਥ ਹਨ?**

**ਜਵਾਬ:** 'ਪੰਥ' ਦੇ ਅਰਥ ਹਨ- ਰਸਤਾ, ਮਰਗ, ਪਰਮਾਤਮਾ ਦੀ ਪ੍ਰਾਪਤੀ ਦਾ ਰਾਹ, ਮਜ਼ਹਬ ਆਦਿ। ਸਿੱਖੀ ਦੇ ਪ੍ਰਸੰਗ ਵਿਚ 'ਪੰਥ' ਦਾ ਅਰਥ ਹੈ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਇਆ ਨਵਾਂ ਧਰਮ-ਨਿਰਮਲ ਪੰਥ ਅਥਵਾ ਗੁਰਮੁਖ ਪੰਥ। ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਛਕਾਉਣ ਮਗਰੋਂ ਇਸਦਾ ਨਾਮ 'ਖਾਲਸਾ ਪੰਥ' ਪੈ ਗਿਆ, ਜਿਸਦਾ ਅਰਥ ਹੈ: ਤਿਆਰ-ਬਰ-ਤਿਆਰ ਸਿੰਘਾਂ ਦਾ ਸਮੁੱਚਾ ਸਮੂਹ, ਜਿਸਦੀ ਤਿਆਰੀ ਦਸ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਜਿਸ ਨੂੰ ਅੰਤਮ ਸਰੂਪ ਦੇ ਕੇ ਗੁਰਿਆਈ ਬਖਸ਼ੀ। -0-




# ਆਸਾਂ 'ਚ ਗਵਾਚਣਾ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਸਮਾਜ ਭਲਾਈ ਦੇ ਕੰਮਾਂ ਦੀ ਆਸਾਂ ਰੱਖਣ ਨਾਲ ਸਮਾਜ ਦਾ ਵਿਕਾਸ ਹੁੰਦਾ ਹੈ ਜਦ ਕਿ ਤ੍ਰਿਸ਼ਨਾ ਅਤੇ ਲਾਲਚ ਦੇ ਅਧੀਨ ਹੋ ਕੇ ਆਸਾਂ ਰੱਖਣ ਨਾਲ ਆਤਮਕ ਜੀਵਨ ਉਝੜ ਜਾਂਦਾ ਹੈ। ਇੰਜ ਪਰਿਵਾਰ ਤਥਾ ਸਮਾਜ ਦਾ ਜੀਵਨ ਦੂਸ਼ਤ ਹੁੰਦਾ ਹੈ। ਆਸ ਦਾ ਖੇਤਰ ਬਹੁਤ ਲੰਬਾ ਚੌੜਾ ਹੈ। ਪਰਾਏ ਰੂਪ ਨੂੰ ਹੰਢਾਉਣ ਦੀ ਆਸ, ਲੜਕੇ ਦੇ ਸਹੁਰਿਆਂ ਵਲੋਂ ਦਾਜ ਦੀ ਆਸ ਭਾਵ ਕਿ ਆਪਣੀ ਹੈਸੀਅਤ ਨਾਲੋਂ ਵੱਧ ਆਸ ਲਾਈ ਰੱਖਣ ਵਾਲਾ ਮਨੁੱਖ ਆਪਣੇ ਅੰਦਰੋਂ ਸਹਿਜ ਖੋਹ ਲੈਂਦਾ ਹੈ। ਗੁਰੂ ਅਰਜਨ ਪਾਤਸ਼ਾਹ ਜੀ ਅਜਿਹੀ ਇੱਕ ਆਸ ਸਬੰਧੀ ਮਨੁੱਖ ਨੂੰ ਸਮਝਾਉਂਦੇ ਹਨ—

**ਮਿਥੰਤ ਦੇਹੰ ਖੀਣੰਤ ਬਲਨੰ ॥**
**ਬਰਧੰਤਿ ਜਰੂਆ ਹਿਤੰ੍ਤ ਮਾਇਆ ॥**
**ਅਤੵੰਤ ਆਸਾਂ ਆਥਿਤੵ ਭਵਨੰ ॥**
**ਗਨੰਤ ਸ੍ਵਾਸਾ ਭੈਯਾਨ ਧਰਮੰ ॥**
**ਪਤੰਤਿ ਮੋਹ ਕੂਪ ਦੁਰਲਭੵ**
**ਦੇਹੰ ਤਤ ਆਸ੍ਰਯੰ ਨਾਨਕ ॥**
**ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ ॥**
**(1354)**

ਅੱਖਰੀਂ ਅਰਥ——— (ਇਹ) ਸਰੀਰ ਤਾਂ ਨਾਸਵੰਤ ਹੈ, (ਇਸ ਦਾ) ਬਲ ਭੀ ਘਟਦਾ ਰਹਿੰਦਾ ਹੈ। (ਪਰ ਜਿਉਂ ਜਿਉਂ) ਬੁਢੇਪਾ ਵਧਦਾ ਹੈ, ਮਾਇਆ ਦਾ ਮੋਹ ਭੀ (ਵਧਦਾ ਜਾਂਦਾ ਹੈ,) (ਪਦਾਰਥਾਂ ਦੀ) ਆਸਾਂ ਤੀਬਰ ਹੁੰਦੀ ਜਾਂਦੀ ਹੈ (ਉਂਞ ਜੀਵ ਇਥੇ) ਘਰ ਦੇ ਪ੍ਰਾਹੁਣੇ (ਵਾਂਗ) ਹੈ। ਡਰਾਉਣਾ ਧਰਮ ਰਾਜ (ਇਸ ਦੀ ਉਮਰ ਦੇ) ਸਾਹ ਗਿਣਦਾ ਰਹਿੰਦਾ ਹੈ। ਇਹ ਅਮੋਲਕ ਮਨੁੱਖਾ ਸਰੀਰ ਮੋਹ ਦੇ ਖੂਹ ਵਿੱਚ ਡਿੱਗਾ ਰਹਿੰਦਾ ਹੈ। ਹੇ ਨਾਨਕ! ਇੱਕ ਗੋਬਿੰਦ ਗੋਪਾਲ ਦੀ ਮੇਹਰ ਹੀ (ਬਚਾ ਸਕਦੀ ਹੈ), ਉਸੇ ਦਾ ਆਸਰਾ (ਲੈਣਾ ਚਾਹੀਦਾ ਹੈ)।

1. ਜਿਵੇਂ ਜਿਵੇਂ ਵਿਗਿਆਨ ਤਰੱਕੀ ਦੀ ਰਫਤਾਰ ਫੜਦਾ ਗਿਆ ਹੈ ਤਿਵੇਂ ਤਿਵੇਂ ਸਮਾਜ ਦਾ ਵਿਕਾਸ ਹੁੰਦਾ ਗਿਆ ਹੈ। ਇਸ ਵਿਕਾਸ ਕਰਕੇ ਮਨੁੱਖ ਨੂੰ ਸੁੱਖ ਸਹੂਲਤਾਂ ਵੀ ਬਹੁਤ ਸਾਰੀਆਂ ਮਿਲ ਰਹੀਆਂ ਹਨ। ਸੁੱਖ ਸਹੂਲਤਾਂ ਹੋਣ ਦੇ ਬਾਵਜੂਦ ਵੀ ਸਰੀਰ ਨਿਤਾ ਪ੍ਰਤੀ ਆਤਮਿਕ ਤੌਰ'ਤੇ ਬਲ ਹੀਣ ਹੁੰਦਾ ਜਾਂਦਾ ਹੈ।

2. ਟੈਲੀਵੀਜਨ'ਤੇ ਪ੍ਰੋਗਰਾਮ ਹਰ ਰੋਜ਼ ਨਵੇਂ ਤੋਂ ਨਵੇਂ ਆਉਂਦੇ ਹਨ ਪਰ ਹੁਣ ਅੱਖਾਂ ਜੁਆਬ ਦੇ ਜਾਂਦੀਆਂ ਹਨ। ਕੰਨਾਂ ਦੇ ਸੁਣਨ ਨੂੰ ਬਹੁਤ ਕੁੱਝ ਆ ਗਿਆ ਪਰ ਕੰਨ ਸੁਣ ਸੁਣ ਕੇ ਬੋਲੇ ਹੋ ਜਾਂਦੇ ਹਨ।

3. ਇਹ ਜ਼ਰੂਰੀ ਨਹੀਂ ਕਿ ਬੁਢੇਪੇ ਵੱਲ ਨੂੰ ਵੱਧ ਰਹੀ ਜ਼ਿੰਦਗੀ ਵਿੱਚ ਆਸਾਂ ਜ਼ਿਆਦਾ ਜਨਮ ਲੈਂਦੀ ਹੈ। ਅਸਲ ਮਕਸਦ ਹੈ ਕਿ ਕਈਆਂ ਨੂੰ ਧਰਮ ਦੀਆਂ ਪ੍ਰਕਿਰਿਆਂ ਨਿਬਾਹੁੰਦਿਆਂ ਨਿਬਾਹੁੰਦਿਆਂ ਸਾਰੀ ਜ਼ਿੰਦਗੀ ਲੰਘ ਜਾਂਦੀ ਹੈ ਪਰ ਉਹਨਾਂ ਦੇ ਜੀਵਨ ਵਿੱਚ ਸਹਿਜ ਵਾਲਾ ਬਦਲਾਅ ਨਹੀਂ ਆਉਂਦਾ। ਜ਼ਿੰਦਗੀ ਦੇ ਕਿਸੇ ਪੜਾਅ'ਤੇ ਵੀ ਆਸਾਂ ਖਤਮ ਨਹੀਂ ਹੁੰਦੀ।

4. ਕਈ ਮਨੁੱਖਾਂ ਨੂੰ ਆਦਤ ਹੁੰਦੀ ਹੈ ਕਿ ਹਰੇਕ ਲੱਗੀ ਹੋਈ ਸੇਲ ਵਿਚੋਂ ਕੁੱਝ ਨਾ ਕੁੱਝ ਖ਼ੀਦਣਾ ਹੀ ਹੁੰਦਾ ਹੈ। ਅਜਿਹੇ ਲੋਕ ਏਨਾ ਸਮਾਨ ਇੱਕਤਰ ਕਰ ਲੈਂਦੇ ਹਨ ਕਿ ਜਿਹੜਾ ਕਿਸੇ ਵਰਤੋਂ ਵਿੱਚ ਵੀ ਨਹੀਂ ਆਉਂਦਾ।

5. ਆਪਣੀਆਂ ਤਿੰਨ ਧੀਆਂ ਵਿਆਹੀਆਂ ਹੁੰਦੀਆਂ ਪਰ ਆਸ ਇਹ ਹੀ ਹੁੰਦੀ ਹੈ ਕਿ ਸਾਡੇ ਕੋਲੋਂ ਅਗਲੇ ਦਾਜ ਦੀ ਮੰਗ ਨਾ ਕਰਨ ਪਰ ਜੇ ਓਸੇ ਪਰਿਵਾਰ ਨੇ ਆਪਣਾ ਇੱਕ ਲੜਕਾ ਵਿਆਹੁਣਾ ਹੁੰਦਾ ਹੈ ਤਾਂ ਉਹ ਲੋੜ ਨਾਲੋਂ ਵੱਧ ਆਸ ਰੱਖਦੇ ਹਨ ਕਿ ਜੀ ਅਸਾਂ ਤਾਂ ਇੱਕ ਹੀ ਕਾਕਾ ਵਿਆਹੁਣਾ ਹੈ।

6. ਆਸਾਂ ਰੱਖਣ ਵਾਲਾ ਹਉਕਿਆ ਵਿੱਚ ਹੀ ਜਿਉਂਦਾ ਹੈ ਤੇ ਹਰੇਕ ਹਉਕਾ ਉਸ ਨੂੰ ਅੰਦਰੋਂ ਖੋਰਾ ਲਾਉਂਦਾ ਰਹਿੰਦਾ ਹੈ।

7. ਗੋਬਿੰਦ ਗੋਬਿੰਦ ਭਾਵ ਰੱਬ ਜੀ ਤੋਂ ਹੈ ਜਿਹੜਾ ਇਮਾਨਦਾਰੀ ਵਫ਼ਾਦਾਰੀ ਤੇ ਆਪਣੀ ਬਣਦੀ ਜ਼ਿੰਮੇਵਾਰੀ ਸਮਝਣ ਨਾਲ ਹੀ ਆਸਾਂ ਵਰਗੇ ਰੋਗ ਤੋਂ ਛੁਟਕਾਰਾ ਹੋ ਸਕਦਾ ਹੈ।

8. ਮਨੁੱਖ ਸਾਰਾ ਜੀਵਨ ਧਰਮ ਕਰਮ ਦੇ ਨਾਂ'ਤੇ ਬਹੁਤ ਪਾਪੜ ਵੇਲਦਾ ਰਹਿੰਦਾ ਹੈ ਪਰ ਉਸ ਦੇ ਸੁਭਾਅ ਵਿਚੋਂ ਬੇ-ਲੋੜੀ ਆਸਾਂ ਖਤਮ ਨਹੀਂ ਹੋਈ। ਧਾਰਮਿਕ ਆਗੂ, ਰਾਜਨੀਤਕ ਲੋਕ, ਸਮਾਜਿਕ ਭਾਈਚਾਰਾ, ਅਫਸਰਸ਼ਾਹੀ ਆਦਿ ਆਪੋ ਆਪਣੇ ਕੰਮ ਨੂੰ ਜ਼ਿੰਮੇਵਾਰੀ ਨਾਲ ਨਿਬਾਹੁਣ ਦੀ ਥਾਂ'ਤੇ ਦੂਜੇ ਕੋਲੋਂ ਮੁਫਤ ਵਿੱਚ ਕੁੱਝ ਪ੍ਰਾਪਤ ਕਰਨ ਦੀ ਲਾਲਸਾ ਮਨ ਵਿੱਚ ਜਮਾਈ ਰੱਖਦੇ ਹਨ।

9. ਚਾਹੀਦਾ ਤਾਂ ਇਹ ਸੀ ਕਿ ਆਸਾਂ ਦੇ ਮਕਸਦ ਨੂੰ ਸਮਝ ਕੇ ਵਰਤਮਾਨ ਜੀਵਨ ਨੂੰ ਕੀਮਤੀ ਬਣਾ ਕੇ ਨਿਰੋਏ ਸਮਾਜ ਦੀ ਸਿਰਜਣਾ ਵਿੱਚ ਸਹਾਈ ਹੁੰਦਾ।

**ਸਤੁ ਸੰਤੋਖੁ ਸਭੁ ਸਚੁ ਹੈ**
**ਗੁਰਮੁਖਿ ਪਵਿਤਾ॥**
**ਅੰਦਰਹੁ ਕਪਟੁ ਵਿਕਾਰੁ ਗਇਆ**
**ਮਨੁ ਸਹਜੇ ਜਿਤਾ ॥**
**ਤਹ ਜੋਤਿ ਪ੍ਰਗਾਸੁ ਅਨੰਦ ਰਸੁ**
**ਅਗਿਆਨੁ ਗਵਿਤਾ ॥ (512)**

-0-


## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70542
**Email:** gurmatvirsa@gmail.com

# ਸਭ ਤੇ ਵਡਾ ਸਤਿਗੁਰੂ ਨਾਨਕੁ

**ਇੰਜੀ ਜੋਗਿੰਦਰ ਸਿੰਘ 94630-55206**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤਰਗਤਿ, ਆਪੋ-ਆਪਣੀ ਬਾਣੀ ਦੇ ਰੂਪ ਵਿਚ ਸਾਰੇ ਬਾਣੀਕਾਰ ਹਾਜ਼ਰ-ਹਜ਼ੂਰ ਤੇ ਜ਼ਾਹਰਾ-ਜ਼ਹੂਰ ਹੋ ਰਹੇ ਹਨ। ਗੁਰੂ ਨਾਨਕ ਦੇਵ ਜੀ ਅਧਿਆਤਮਕ ਜਗਤ ਦੇ ਮਹਾਨ ਚਿੰਤਕ ਤੇ ਸੁਤੰਤਰ ਸੂਤਰਧਾਰ ਸਨ। ਉਹ ਸਦਾ ਸਦਾ ਓਸ ਪਰਮ, ਅਸੀਮ ਤੇ ਅਲੌਕਿਕ-ਸ਼ਕਤੀ ਦੇ ਰੰਗ ਵਿਚ ਰੰਗੇ ਰਹਿੰਦੇ ਤੇ ਦੁਨੀਆ ਦੀ ਹਰ ਸ਼ੈ ਵਿੱਚੋਂ, ਉਨ੍ਹਾਂ ਨੂੰ ਓਸੇ ਅਸੀਮ ਤੇ ਅਲੌਕਿਕ-ਸ਼ਕਤੀ ਦੇ ਝਲਕਾਰੇ ਵੱਜਦੇ ਵਿਖਾਈ ਦਿੰਦੇ ਸਨ। ਉਨ੍ਹਾਂ ਆਪਣੇ ਅਧਿਆਤਮਕ ਅਨੁਭਵ, ਹਿਰਦੇ 'ਚੋਂ ਉਗਮਦੀ ਦਿੱਬ ਅਨੁਭੂਤੀ ਤੇ ਆਤਮ-ਪ੍ਰਕਾਸ਼ੀ ਮੰਡਲਾਂ ਦੇ ਵਿਸਮਾਦੀ ਕ੍ਰਿਸ਼ਮਿਆਂ ਨੂੰ ਅਭਿਵਿਅਕਤ ਕਰਨ ਵਾਸਤੇ ਸੰਗੀਤਮਈ-ਕਾਵਿ ਨੂੰ ਮਾਧਿਅਮ ਬਣਾਇਆ। ਆਤਮਾ ਪਰਮਾਤਮਾ ਦੀ ਇਕ-ਰੂਪਤਾ ਤੇ ਅਭੇਦਤਾ ਦਾ ਸੰਕਲਪ ਹੀ ਉਨ੍ਹਾਂ ਦੀ ਬਾਣੀ ਦਾ ਧੁਰਾ ਹੈ। ਪ੍ਰਮਾਤਮ-ਗੁਣਾਂ ਨੂੰ ਵੱਖ ਵੱਖ ਪਹਿਲੂਆਂ ਤੋਂ ਉਭਾਰਦਿਆਂ ਤੇ ਇਨ੍ਹਾਂ ਗੁਣਾਂ ਦੇ ਭੰਡਾਰੇ ਨੂੰ ਜਨ-ਸਮੂਹਾਂ ਦੀ ਆਮ ਬੋਲੀ ਵਿਚ ਗਾਵਣੇ ਦੀ ਪਰਪਾਟੀ ਦੁਆਰਾ, ਸਤਿਗੁਰਾਂ ਵੱਲੋਂ ਜਨ-ਮਾਨਸਿਕਤਾ ਵਿਚ ਇਜੇਹੇ ਈਸ਼ਵਰੀ ਗੁਣਾਂ ਨੂੰ ਸਹਜ-ਸੁਭਾਏ ਸੰਚਰਿਤ ਕਰਨ ਦਾ ਮੰਤਵ ਸਪਸ਼ਟ ਹੁੰਦਾ ਹੈ। ਪਰਵਰਤੀ ਗੁਰੂ-ਸਾਹਿਬਾਨ ਵੱਲੋਂ ਵੀ ਉਕਤ ਮੰਤਵ ਦੀ ਪੂਰਤੀ ਵਾਸਤੇ ਬਹੁਪੱਖੀ ਮਨੁੱਖੀ-ਵਿਕਾਸ ਦੇ ਕਾਰਜਾਂ ਨੂੰ ਮੁਕੰਮਲਤਾ ਤੱਕ ਅਪੜਾਉਣ ਦੇ ਉਪਰਾਲੇ ਕੀਤੇ ਜਾਂਦੇ ਰਹੇ ਹਨ।



'ਬਾਣੀ ਕਾ ਬੋਹਿਥਾ' ਪੰਜਵੇਂ ਪਾਤਸ਼ਾਹ ਧੰਨ ਗੁਰੂ ਅਰਜਨ ਸਾਹਿਬ ਜੀ ਨੇ 'ਪੋਥੀ ਪਰਮੇਸਰ ਕਾ ਥਾਨ' ਦੇ ਸੰਕਲਨ ਤੇ ਸੰਪਾਦਨਾ ਦੌਰਾਨ, ਦੇਸ਼ ਦੇ ਦੂਰ-ਦੁਰੇਡੇ ਦੂਸਰੇ ਖਿਤਿਆਂ ਵਿਚਲੇ ਮੱਤ-ਮੱਤਾਂਤਰਾਂ ਨਾਲ ਸਬੰਧਤ ਸੰਤਾਂ-ਮਹਾਂਪੁਰਖਾਂ ਦੀਆਂ ਚੋਣਵੀਆਂ ਰਚਨਾਵਾਂ, ਜਿਹੜੀਆਂ ਕਿ 'ਨਾਨਕ ਨਿਰਮਲ ਪੰਥ' ਦੇ ਉਦੇਸ਼ਾਂ ਨਾਲ ਰਲਦੀਆਂ-ਮਿਲਦੀਆਂ ਸਨ, ਨੂੰ ਵੀ ਆਪਣੇ ਧਰਮ-ਗ੍ਰੰਥ ਵਿਚ ਸਤਿਕਾਰ ਸਹਿਤ ਅੰਕਿਤ ਕੀਤਾ। ਸੰਸਾਰ ਭਰ ਦੇ ਧਰਮ-ਦਰਸ਼ਨ ਦੇ ਇਤਿਹਾਸ ਵਿੱਚ ਇਹ ਅਲੌਕਿਕ ਤੇ ਵਿਲਖਣ ਵਰਤਾਰਾ ਹੈ ਜਿਸਨੇ ਮਨੁੱਖੀ ਸਮਾਜ ਵਿਚਲੀਆਂ ਨਸਲੀ ਤੇ ਜਾਤਿ-ਪਾਤੀ, ਵਰਣ-ਆਸ਼ਰਮਾਂ ਨਾਲ ਜੁੜੀਆਂ ਊਚ-ਨੀਚ, ਛੂਆ-ਛੂਤ, ਰੰਗ-ਰੂਪ, ਦਲਿਤ-ਲਲਿਤ ਵਰਗੀਆਂ ਵੰਡਾਂ ਵਿਥਾਂ ਵਾਲੇ ਵਿਤਕਰਿਆਂ ਨੂੰ ਮਿੱਟਾ ਕੇ ਸਾਰਿਆਂ ਨੂੰ 'ਏਕ ਪਿਤਾ ਏਕਸ ਕੇ ਹਮ ਬਾਰਿਕ' ਹੋਵਣ ਦਾ ਕ੍ਰਾਂਤੀਕਾਰੀ ਰਾਹ ਵਿਖਾਇਆ ਹੈ।

ਰਾਗੁ ਸੂਹੀ ਮਹਲਾ ੫ ਬਾਣੀ ਦੇ ਇੱਕ ਸ਼ਬਦ ਦਾ ਅੰਤਲਾ ਮਹੱਤਵਪੂਰਣ ਪਦਾ ਹੈ-: **ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥ ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥** (750) ਭਾਵ-ਅਰਥ: ਹੇ ਮੇਰੇ ਮਾਲਕ-ਪ੍ਰਭੂ! ਮੈਨੂੰ ਆਤਮਕ ਜੀਵਨ ਦੀ ਸੂਝ ਨਹੀਂ ਸੀ, ਤੇਰੇ ਚਰਨਾਂ ਵਿਚ ਸੁਰਤਿ ਟਿਕਾਣੀ ਭੀ ਨਹੀਂ ਸੀ ਜਾਣਦਾ ਅਤੇ ਕਿਸੇ ਹੋਰ ਧਾਰਮਿਕ ਕੰਮ ਦੀ ਭੀ ਮੈਨੂੰ ਸਮਝ ਨਹੀਂ ਸੀ। ਪਰ ਤੇਰੀ ਮੇਹਰ ਨਾਲ ਮੈਨੂੰ ਸਭ ਤੋਂ ਵੱਡਾ ਗੁਰੂ ਨਾਨਕ ਮਿਲ ਪਿਆ, ਜਿਸ ਨੇ ਮੇਰੀ ਲਾਜ ਰੱਖ ਲਈ ਤੇ ਮੈਨੂੰ ਤੇਰੇ ਚਰਨਾਂ ਵਿਚ ਜੋੜ ਦਿੱਤਾ।

ਗੁਰੂ ਅਰਜਨ ਦੇਵ ਜੀ, ਸੰਸਾਰ ਦੇ ਪੂਰਵ-ਵਰਤੀ ਉਪਲਭਦ ਧਾਰਮਿਕ-ਇਤਿਹਾਸ ਨੂੰ ਗੰਭੀਰਤਾ ਨਾਲ ਵਾਚਦਿਆਂ ਅਤੇ ਵਿਭਿੰਨ ਧਰਮ-ਸੰਸਥਾਪਕਾਂ ਵੱਲੋਂ ਸਮਕਾਲੀਨ ਮਨੁੱਖੀ ਸਮਾਜ ਦੇ ਸਰੋਕਾਰਾਂ ਪ੍ਰਤੀ ਅਪਣਾਈ ਪਹੁੰਚ ਨੂੰ ਪੜਚੋਲਦਿਆਂ ਹੀ, 'ਸਭ ਤੇ ਵਡਾ ਸਤਿਗੁਰੁ ਨਾਨਕੁ' ਵਾਲੇ ਨਿਰਣਾਇਕ-ਕਥਨ 'ਤੇ ਅਪੜੇ ਹਨ- ਐਸਾ ਸਾਨੂੰ ਪ੍ਰਤੀਤ ਹੁੰਦਾ ਹੈ। ਗੁਰੂ ਅੰਗਦ ਦੇਵ ਜੀ ਨੇ ਵੀ **ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥** (150) ਉਚਾਰਦਿਆਂ, ਆਦਿ-ਗੁਰੂ ਨਾਨਕ ਸਾਹਿਬ ਜੀ ਦੀ ਉਪਦੇਸ਼ਾਤਮਕ ਵਡਿਆਈ ਨੂੰ ਸਰਵੋਤਮ ਘੋਸ਼ਿਤ ਕੀਤਾ ਸੀ। ਗੁਰੂ ਨਾਨਕ ਸਾਹਿਬ ਜੀ ਦੇ ਵਿਅਕਤਿੱਤਵ ਅਤੇ ਧਰਮ-ਦਰਸ਼ਨ ਦੇ ਕੁਝ ਉਘੜਵੇਂ ਨੁਕਤਿਆਂ ਬਾਰੇ ਹੁਣ ਅਸੀਂ ਜਿਗਿਆਸੂ-ਪਾਠਕਾਂ ਨਾਲ ਵਿਚਾਰ ਸਾਂਝੇ ਕਰਨਾ ਚਾਹਾਂਗੇ, ਜਿਨ੍ਹਾਂ ਕਰਕੇ ਪੂਰਵਕਾਲੀਨ ਧਰਮਾਚਾਰੀਆਂ ਦੇ ਸਨਮੁੱਖ ਗੁਰੂ ਨਾਨਕ ਨੂੰ ਉਤਕ੍ਰਿਸ਼ਟ ਪਦਵੀ ਪ੍ਰਾਪਤ ਹੁੰਦੀ ਵੇਖੀ ਜਾ ਸਕਦੀ ਹੈ।

**1. ਨਾ ਕੋ ਹਿੰਦੂ ਨਾ ਮੁਸਲਮਾਨ (Sovereignty Human Soul):-** ਭਾਦਰੋਂ ਸੁਦੀ 13 ਸੰਮਤ 1564 ਨੂੰ ਜੋ ਕਿ ਈਸਵੀ ਸੰਨ 1507 ਦੇ ਅਗਸਤ ਮਹੀਨੇ ਦੀ 23 ਤਰੀਖ ਬਣਦੀ ਹੈ, ਲੋਕ-ਰਵਾਇਤ ਅਨੁਸਾਰ ਗੁਰੂ ਜੀ ਅੰਮ੍ਰਿਤ ਵੇਲੇ ਦੇ ਇਸ਼ਨਾਨ ਲਈ ਵੇਈਂ ਵਿੱਚ ਵੜੇ, ਤਾਂ ਮੁੜ ਬਾਹਰ ਨਾਂਹ ਨਿਕਲੇ ਤੇ ਟਹਲੀਏ ਨੇ ਉਡੀਕ ਉਡੀਕ ਕੇ ਵਾਪਿਸ ਘਰੇ ਆ ਦੱਸਿਆ ਕਿ ਮੋਦੀ ਜੀ ਡੁੱਬ ਗਏ ਨੇ।

ਗੁਰੂ ਨਾਨਕ ਦੇਵ ਜੀ, ਪ੍ਰਤੀਤ ਹੁੰਦੈ ਸ਼ਾਇਦ ਪਾਰਲੇ ਕੰਢੇ ਪਹੁੰਚ ਕੇ, ਪ੍ਰਕਿਰਤੀ ਦੀ ਸਹਜ ਸੁਖਾਂਵੀ ਇਕਾਂਤ ਵਿਚ, ਕਰਤੇਪੁਰਖ-ਪਾਲਨਹਾਰ ਨਾਲ ਪ੍ਰੀਤ- ਸੰਜੋਗੀ ਇਕਸੁਰਤਾ ਵਿੱਚ ਜੁੜ ਕੇ, ਜਗਤ-ਜਲੰਦੇ ਨੂੰ ਤਾਰਨ ਦੀਆਂ ਵਿਉਂਤਬੰਦੀਆਂ ਕਰ ਰਹੇ ਸਨ।ਜਦੋਂ ਨਸਲਾਂ, ਧਰਮਾਂ ਤੇ ਜਾਤਾਂ-ਪਾਤਾਂ ਵਿਚ ਵੰਡੀਜੀ ਮਨੁੱਖਤਾ, ਜ਼ਾਬਰ ਹਾਕਮਾਂ ਤੇ ਪਖੰਡੀ ਬਾਹਮਣ-ਮੌਲਾਣਿਆਂ ਦੇ ਹੱਥੋਂ ਧਿੰਗਾਣੀ ਧੌਂਸਾਂ ਸਹਾਰਦੀ ਤ੍ਰਾਹਿ-ਤ੍ਰਾਹਿ ਕਰ ਰਹੀ ਸੀ-- (ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ) ਸਤਿਗੁਰੂ ਜੀ ਦੀ ਦਿਬ ਦ੍ਰਿਸ਼ਟੀ ਜਾਣ ਚੁੱਕੀ ਸੀ ਕਿ ਮਨੁੱਖੀ ਸਮਾਜਿਕ ਸਥਿਤੀ ਨੂੰ ਸੋਧਣ ਲਈ ਭਵਿਖਮੁੱਖੀ ਕਾਰਜਯੋਜਨਾ ਵਿਚ ਅਤਿ ਬਿਖੜੇ ਪੈਂਡੇ ਮਾਰਨੇ ਪੈਣੇ ਸਨ। ਦੂਰੀਆਂ-ਦੁਸ਼ਵਾਰੀਆਂ ਦੇ ਅਣਕਿਆਸੇ ਕਸ਼ਟ ਮੂੰਹ-ਅੱਡੀ ਖੜ੍ਹੇ ਸਨ ਤੇ ਉਨ੍ਹਾਂ ਨੂੰ ਸਥਾਪਤ ਇਜਾਰੇਦਾਰੀਆਂ ਵੱਲੋਂ ਜ਼ਬਰਦਸਤ ਵਿਰੋਧਤਾ ਦੀਆਂ ਔਖਿਆਈਆਂ, ਕਲਿਜੁਗੀ-ਅੱਖਾਂ ਪਾੜ-ਪਾੜ ਕੇ ਖਾਣ ਨੂੰ ਪੈਂਦੀਆਂ ਸਾਫ਼ ਵਿਖਾਈ ਦੇ ਰਹੀਆਂ ਸਨ। ਸਤਿਗੁਰਾਂ ਨੇ ਸਰਬੱਤ ਦੇ ਭਲੇ ਖਾਤਿਰ ਨਿੱਜੀ ਸੁੱਖ-ਆਰਾਮ ਤੇ ਪਰਿਵਾਰਿਕ ਜ਼ੁੰਮੇਵਾਰੀਆਂ ਨੂੰ ਕੁਰਬਾਨ ਕਰ ਦੇਣ ਦਾ ਫੈਸਲਾ ਲਿਤਾ--ਅਗਲੇਰਿਆਂ ਰਾਹਾਂ ਦੌਰਾਨ, ਅਖੌਤੀ ਕਲਿਜੁਗ ਹਰ ਵਾਰੀ ਬਾਜ਼ੀ ਹਾਰਦਾ ਗਿਆ।

ਭਾਦਰੋਂ ਸੁਦੀ 15 ਨੂੰ ਸਤਿਗੁਰੂ ਨਾਨਕ, ਸੁਲਤਾਨਪੁਰ ਤੋਂ ਬਾਹਰਵਾਰ ਕਬਰਿਸਤਾਨ ਵਿਚ ਆ ਬਿਰਾਜੇ। ਪਲਾਂ 'ਚ ਘਰ-ਘਰ ਖ਼ਬਰ ਖਿੱਲਰ ਗਈ। ਇਲਾਕਾ ਨਿਵਾਸੀਆਂ ਦਾ ਵੱਡਾ ਇਕੱਠ ਆਣ ਜੁੜਿਆ।ਬਾਬਾ ਬੋਲਿਆ: **ਨਾ**

**ਕੋ ਹਿੰਦੂ ਨਾ ਮੁਸਲਮਾਨ!** ਇਉਂ ਗੁਰੂ ਨਾਨਕ ਦੇਵ ਜੀ ਨੇ ਪੈਂਦੀ ਸੱਟੇ ਅੱਡੋ ਅਡਰੇ ਮਜ਼ਬਾਂ ਤੇ ਮੱਤ-ਮਤਾਂਤਰਾਂ ਦੀਆਂ ਵੰਡੀਆਂ-ਵਿਥਾਂ ਨੂੰ ਮੂਲੋਂ ਰੱਦ ਕਰਨ ਦਾ ਬੁਲੰਦ ਹੋਕਾ ਦਿੱਤਾ। ਇਸ ਤੋਂ ਪਹਿਲੋਂ ਸੰਸਾਰ ਦੇ ਕਿਸੇ ਖੇਤਰ ਵਿਚ ਵੀ ਮਜ਼ਬੀ ਨਫ਼ਰਤਾਂ ਨੂੰ ਨਕਾਰਦਿਆਂ ਮਨੁੱਖੀ ਸਮਾਜ ਵਿੱਚ ਬਰਾਬਰਤਾ, ਸਮਾਨਤਾ ਤੇ ਪਰਸਪਰ ਸਨਮਾਨਜਨਕ ਵਿਵਹਾਰ ਸਥਾਪਿਤ ਕਰਨ ਵਾਸਤੇ ਇਜੇਹਾ ਮਾਨਵ-ਹਿਤੂ ਨੀਤੀ-ਘੋਸ਼, ਕਿਸੇ ਵੀ ਧਰਮ-ਸੰਸਥਾਪਕ ਵੱਲੋਂ ਨਹੀਂ ਸੀ ਸੁਣਾਇਆ ਗਿਆ। ਗੁਰਬਾਣੀ ਫੁਰਮਾਨਾਂ ਅਨੁਸਾਰ ਰੱਬੀ- ਇੱਕਤਾ ਹੀ ਪੂਰੀ ਮਖ਼ਲੂਕਾਤ ਵਿਚਲੀ ਅਨੇਕਤਾ ਨੂੰ ਮਨੁੱਖੀ-ਬਰਾਬਰਤਾ ਤੇ ਏਕਤਾ ਦੀ ਲੜੀ ਵਿੱਚ ਪਿਰੋਂਦੀ ਹੈ:

**1) ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥**

(ਮਹਲਾ 1 ਅੰਕ 340)

**2) ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥**

**ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ (ਮਹਲਾ 1 ਅੰਕ 1291)**

ਇਸੇ ਵੀਚਾਰ ਨੂੰ ਗੁਰੂ ਅਰਜੁਨ ਦੇਵ ਜੀ ਨੇ ਭੈਰਉ ਰਾਗ ਵਿਚ ਸਪੱਸ਼ਟਤਾ ਨਾਲ ਵਿਸਥਾਰਿਆ ਹੈ**:**

**ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥1॥**

**ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥1॥ ਰਹਾਉ॥**

**ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥2॥**

**ਪੂਜਾ ਕਰਉ ਨ ਨਿਵਾਜ ਗੁਜਾਰਉ॥**

**ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥3॥**

**ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥4॥**

**ਕਹੁ ਕਬੀਰ ਇਹੁ ਕੀਆ ਵਖਾਨਾ॥**

**ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥5॥3॥ (ਪੰਨਾ 1136)**

**2. ਹਉ ਢਾਢੀਕਾ ਨੀਚ ਜਾਤ (Humility Incarnate) :-** ਮੱਧਕਾਲੀਨ ਭਾਰਤ ਅੰਦਰ 'ਢਢ' ਨਾਂ ਦਾ, ਇੱਕ ਡੌਰੂ ਵਰਗੀ ਸ਼ਕਲ ਦਾ ਸਾਜ਼ ਕਾਫ਼ੀ ਪ੍ਰਚਿਲਤ ਸੀ।ਇਸ ਨੂੰ ਖੱਬੇ ਹੱਥ ਵਿਚ ਪਕੜ ਕੇ, ਸੱਜੇ ਹੱਥ ਦੀਆਂ ਉਂਗਲਾਂ ਦੀ ਚੋਟ ਨਾਲ ਵਜਾਇਆ ਜਾਂਦਾ ਹੈ। ਢਾਢੀ ਲੋਕ 'ਢਢ' ਵਜਾ ਕੇ ਯੋਧਿਆਂ ਸੂਰਮਿਆਂ ਦੀਆਂ ਵਾਰਾਂ ਗਾਉਂਦੇ ਹਨ ਤੇ ਇਨ੍ਹਾਂ ਕੋਲ ਦੂਸਰਾ ਸਾਜ਼ ਸਾਰੰਗੀ ਹੁੰਦਾ ਹੈ ਜਿਸ ਦੀਆਂ ਤਾਰਾਂ ਉਪਰ ਇੱਕ ਗਜ਼ ਫੇਰਦਿਆਂ ਸੰਗੀਤਕ-ਧੁੰਨਾਂ ਜੋਸ਼ੀਲ਼ਾ ਵਾਤਾਵਰਣ ਸਿਰਜਦੀਆਂ ਹਨ। ਉਨ੍ਹਾਂ ਸਮਿਆਂ ਵਿਚ ਅਕਸਰ ਰਜਵਾੜਿਆਂ ਜਾਂ ਸਥਾਨਕ ਹੁਕਮਰਾਨਾਂ ਵੱਲੋਂ ਆਪਣੇ ਮਨੋਰੰਜਨ ਵਾਸਤੇ ਢਾਢੀਆਂ ਨੂੰ ਆਪਣੇ ਪਾਸ ਰੱਖਿਆ ਜਾਂਦਾ ਸੀ ਤੇ ਉਹ ਉਨ੍ਹਾਂ ਦੇ ਖਾਨਦਾਨੀ-ਜੰਗਜੂ ਜੇਤੂਆਂ ਦੀ ਉਪਮਾ ਵਿਚ, ਜਾਂ ਹੋ-ਗੁਜ਼ਰੇ ਲੋਕ-ਨਾਇਕਾਂ ਦੀਆਂ ਵਾਰਾਂ ਗਾਉਂਦੇ ਸਨ। ਜਾਤੀ ਵਰਣ ਆਸ਼ਰਮ ਸਿਸਟਮ ਵਿਚ ਇਨ੍ਹਾਂ ਨੂੰ ਬਹੁਤ ਨੀਵੇਂ ਥਾਂ ਮੰਨਿਆ ਜਾਂਦਾ ਸੀ। ਇਉਂ ਰਾਜਪੂਤ-ਛੱਤਰੀਆਂ ਦੇ ਘੜਕਾਂ, ਬ੍ਰਾਹਮਣੀ ਭੱਟਾਂ ਤੇ ਢਾਢੀ-ਮੰਡਲੀਆਂ ਦਾ ਕਾਰਜਖੇਤਰ, ਆਪਣੇ ਮਾਲਕ-ਸੁਆਮੀ ਦਾ ਗੁਣਗਾਨ ਕਰਨਾ ਸੀ। ਇਸ ਪ੍ਰਤੀਕ ਨੂੰ ਸਾਹਮਣੇ ਰਖਦਿਆਂ ਗੁਰੂ ਨਾਨਕ ਦੇਵ ਜੀ ਨੇ ਓਸ 'ਆਦਿ ਅਨੀਲੁ ਅਨਾਦਿ ਅਨਾਹਤਿ' ਮਾਲਕ-ਪ੍ਰਭੂ ਵਾਹਿਗੁਰੂ-ਪਰਮਾਤਮਾ ਦੇ ਬੇਅੰਤ ਗੁਣਾਂ ਨੂੰ ਗਾਵਿਆ ਅਤੇ ਇਸੇ ਨਾਤੇ ਪੂਰੇ ਚਾਉ-ਉਮਾਹੂ ਨਾਲ ਆਪਣੇ ਆਪ ਨੂੰ **'ਢਾਡੀ'** ਆਖਿਆ: ਖਾਲਕ ਕਉ ਆਦੇਸੁ ਢਾਢੀ ਗਾਵਣਾ॥ ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ॥21॥ (148)

ਸੁਜਾਣ ਰਿਸ਼ੀਆਂ ਨੇ ਪ੍ਰਾਕ੍ਰਿਤਕ ਸ਼ਕਤੀਆਂ ਦੀ ਦੇਵੀ-ਦੇਵਤੇ ਜਾਂ ਭਗਵਾਨ ਰੂਪ ਵਿਚ ਪੂਜਾ-ਅਰਚਨਾ ਕਰਨੀ ਸ਼ੁਰੂ ਕੀਤੀ ਸੀ। ਫਿਰ ਰਾਜੇ ਰਾਣਿਆਂ ਨੂੰ ਅਵਤਾਰ ਮੰਨਿਆਂ ਜਾਣ ਲੱਗਾ। ਕਈ ਧਰਮ ਸੰਸਥਾਪਕਾਂ ਨੇ ਆਪਣੇ ਆਪ ਨੂੰ ਖੁਦਾ ਵੱਲੋਂ ਚੁਣ ਲਿਆ ਗਿਆ ਵਿਸ਼ੇਸ ਵਿਅਕਤੀ, ਕਿਸੇ ਨੇ ਰੱਬ ਦਾ ਇਕਲੌਤਾ ਪੁੱਤਰ ਤੇ ਕਈਆਂ ਨੇ ਅਲ੍ਹਾ-ਤਾਅਲਾ ਦਾ ਖ਼ਾਸਮ-ਖ਼ਾਸ ਨੁਮਾਂਇਦਾ-ਪੈਗੰਬਰ ਹੋਵਣ ਦਾ ਦਾਈਆ ਪੇਸ਼ ਕੀਤਾ ਸੀ। ਗੁਰੂ ਨਾਨਕ ਦੇਵ ਜੀ ਆਤਮਾ, ਪਰਮਾਤਮਾ ਤੇ ਪ੍ਰਕਿਰਤੀ ਨੂੰ ਇਕੋ ਲੜੀ ਵਿਚ ਵੇਖਦੇ ਸਨ। ਉਨ੍ਹਾਂ ਚੰਗੀ ਤਰ੍ਹਾਂ ਅਨੁਭਵ ਕਰ ਲਿਆ ਸੀ ਕਿ ਮਨੁੱਖੀ ਸਮਾਜ ਦੀਆਂ ਸਾਰੀਆਂ ਸਮੱਸਿਆਵਾਂ ਦਾ ਕਾਰਣ ਕੇਵਲ ਰੰਗ, ਨਸਲ ਜਾਂ ਜਾਤਿ-ਭੇਦਾਂ ਤੋਂ ਉਗਮਦਾ ਹਉਮੈ-ਅਹੰਕਾਰ ਹੈ। ਹੁਕਮਰਾਨਾਂ ਤੇ ਧਰਮਾਚਾਰੀਆਂ ਦੀ ਮਿਲੀ-ਭੁਗਤ ਨੇ ਉਚ-ਨੀਚ ਤੇ ਰਾਜਾ-ਰਈਯਤ ਵਿਚ ਪੱਕੀਆਂ ਵੰਡਾਂ ਦੁਆਰਾ, ਮਨੁੱਖਤਾ ਨੂੰ ਗੁਲਾਮ ਬਣਾਇਆ ਹੋਇਆ ਹੈ। ਗੁਰੂ ਸਾਹਿਬ ਨੇ ਨੀਵਿਆਂ ਤੋਂ ਵੀ ਨੀਵੇਂ ਅਤੇ ਨਿਮਾਣਿਆਂ-ਨਿਤਾਣਿਆਂ ਨਾਲ ਖਲੋਣ ਦਾ ਨਿਰਣਾ ਕੀਤਾ। ਉਨ੍ਹਾਂ ਆਪਣੇ ਆਪ ਨੂੰ **ਹਉ ਢਾਢੀਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ** ਅਤੇ **ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥** (ਸਿਰੀ ਰਾਗ ਮ: 1, 15) (ਸ਼ਟਰੁਗਗਲਏ ਡੋਰ ਟਹਏ ਾਏਓਕੲਰ, ਪੋਰ ਫ਼ ਦੋਨਟਰੋਦਦਏਨ) ਆਖਦਿਆਂ ਆਪਣੇ ਮਾਨਵ-ਹਿਤੂ ਉਦੇਸ਼ਾਂ, ਉਪਦੇਸ਼ਾਂ ਤੇ ਧਰਮ-ਸਿਧਾਂਤਾਂ ਨੂੰ ਨਿਸ਼ਚਤ ਕੀਤਾ ਹੈ। ਗੁਰਬਾਣੀ ਵਿੱਚ ਉਨ੍ਹਾਂ ਆਪਣੇ ਲਈ ਕਈ ਥਾਈਂ ਵਿਚਾਰਾ, ਨੀਚ, ਸਗ ਤੇ 'ਲੂਣ ਹਰਾਮੀ ਨਾਨਕੁ ਲਾਲਾ' ਆਦਿ ਸ਼ਬਦ ਵਰਤੇ ਹਨ।

ਸੋਦਰ ਵਾਲੀ ਪਉੜੀ ਵਿਚ ਵੀ ਸਤਿਗੁਰੂ ਜੀ ਕਾਵਿ-ਕਲਪਨਾ ਦੇ ਚਮਤਕਾਰ ਵਿਖਾਉਣ ਦੇ ਬਾਵਜੂਦ, ਨਿਰਮਾਣ ਹੋ ਕੇ ਉਚਾਰਦੇ ਹਨ: ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕ ਕਿਆ ਵੀਚਾਰੇ॥ ਹਾਂ ਜੀ, ਉੱਚੇ ਤੋਂ ਉੱਚੇ ਤਾਰਿਆਂ ਦੀ ਥਾਹ ਪਾਉਣ ਲਈ, ਕਲਪਨਾ ਦੀ ਟੈਲੀਸਕੋਪ, ਨਿਮ੍ਰਤਾ ਦੇ ਡੂੰਘੇ ਟੋਏ ਵਿਚ ਹੀ ਲਗਾਉਣੀ ਪੈਂਦੀ ਹੈ ਅਤੇ ਐਸੀ ਹਉਂ-ਰਹਿਤ-ਹਉਂ (ਸਏਲਡਲੲਸਸ ਸਏਲਡ) ਪ੍ਰਵਿਰਤੀ, ਕੇਵਲ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤੱਵ ਵਿਚ ਹੀ ਵੇਖੀ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਰਾਗ ਮਾਝ ਦੀ ਬਾਣੀ ਦੇ ਅਖੀਰ ਤੇ 27ਵੀਂ ਪਉੜੀ ਅੰਦਰ ਭਗਤੀ-ਭਾਵਨੀਆਂ ਦੀਆਂ ਸਿਖਰਾਂ ਛੂਹਦਿਆਂ, ਹਲੀਮੀ, ਦੀਨਤਾ, ਅਧੀਨਗੀ, ਨਿਰਮਾਣਤਾ ਅਤੇ ਨਾਮੁ-ਮਾਰਗ ਰਾਹੀਂ ਆਤਮਕ ਤ੍ਰਿਪਤੀ ਤੇ ਸੰਪੂਰਣ ਆਨੰਦ ਦੀ ਅਵਸਥਾ ਦਾ ਵਰਣਨ ਕੀਤਾ ਹੋਇਆ ਹੈ:

**ੳ) ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥**27॥ (ਮ:1, 150)

ਅਤੇ

**ਅ) ਖਸਮੈ ਕੈ ਦਰਬਾਰਿ ਢਾਢੀ ਵਸਿਆ ॥ ਸਚਾ ਖਸਮੁ ਕਲਾਣਿ ਕਮਲੁ ਵਿਗਸਿਆ॥ ਖਸਮਹੁ ਪੂਰਾ ਪਾਇ ਮਨਹੁ ਰਹਸਿਆ ॥ (ਮ:1, 148)**

ਪੁਰਾਣੇ ਧਰਮਾਂ ਦੇ ਸੰਸਥਾਪਕਾਂ ਨੂੰ ਪ੍ਰਭੂ-ਪ੍ਰਮਾਤਮਾ ਦਾ ਸਾਖਿਆਤ ਅਵਤਾਰ, ਖਾਸ ਇਕਲੌਤਾ ਪੁੱਤਰ ਜਾਂ ਚੁਣਿਆ ਹੋਇਆ ਨੁਮਾਇੰਦਾ ਮੰਨਦਿਆਂ ਪੂਜਾ ਕੀਤੀ ਜਾਂਦੀ ਸੀ। ਗੁਰੂ ਨਾਨਕ ਨੇ ਦੁਨੀਆਂ ਨੂੰ ਸਿੱਧੇ ਪ੍ਰਮਾਤਮਾ ਨਾਲ ਮਿਲਾਪ ਵਾਲਾ ਮਾਰਗ ਧਰਮ ਬਖਸ਼ਿਆ। ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਆਪ ਨੂੰ ਖੁਦਾਈ-ਹੁਕਮ (ਧਵਿਨਿੲੌਰਦੲਰ) ਦੀ ਪਾਲਣਾ, ਅਰਥਾਤ ਮਨੁੱਖੀ ਸਮਾਜ ਵਿਚ ਸੰਤੁਲਿਤ ਜੀਵਨ-ਜਾਚ ਲਾਗੂ ਕਰਨ ਹਿੱਤ, ਅਤਿ ਨਿਮਾਣੀ ਜਿਹੀ ਭੂਮਿਕਾ ਵਿਚ ਦਰਸਾਇਆ ਹੈ। ਕਾਰਜਸ਼ੀਲ ਸ਼ਕਤੀ ਤਾਂ ਵਾਹਿਗੁਰੂ ਆਪ ਹੈ।

**3. ਗੁਰਮੁਖਿ ਖੋਜਤ ਭਏ ਉਦਾਸੀ (Gracious Co-existance) :-** ਗੁਰੂ ਨਾਨਕ ਦੇਵ ਜੀ ਤੋਂ ਸਿਧਾਂ ਨੇ ਪੁਛਿਆ ਕਿ, ਜੇਕਰ ਤੁਸੀਂ ਸਾਡੇ ਵੱਲੋਂ ਸਮਾਜ ਨੂੰ ਤਿਆਗਣਾ ਠੀਕ ਨਹੀਂ ਸਮਝਦੇ ਤਾਂ ਤੁਸਾਂ ਆਪੂੰ ਕਿਸ ਕਾਰਣ ਘਰ ਛਡਿਆ ਤੇ ਉਦਾਸੀ ਭੇਖ ਧਾਰਿਆ ਸੀ? ਕਿਸ ਸ਼ੈ ਦੇ ਵਾਪਾਰੀ ਹੋ ਤੇ ਤੁਸੀਂ ਆਪਣੇ ਸਾਥੀਆਂ ਨੂੰ ਸੰਸਾਰ-ਸਾਗਰ ਤੋਂ ਕਿਵੇਂ ਪਾਰ ਲੰਘਾਓਗੇ? ਤਾਂ ਗੁਰੂ ਬਾਬਾ ਜੀ ਨੇ ਫੁਰਮਾਇਆ: **ਗੁਰਮੁਖਿ ਖੋਜਤ ਭਏ ਉਦਾਸੀ॥ ਦਰਸਨ ਕੈ ਤਾਈ ਭੇਖ**

**ਨਿਵਾਸੀ ॥ ਸਾਚ ਵਖਰ ਕੇ ਹਮ ਵਣਜਾਰੇ ॥ ਨਾਨਕ ਗੁਰਮੁਖਿ ਉਤਰਸਿ ਪਾਰੇ** ॥18॥ (ਅੰਗ 939) ਅਰਥਾਤ ਗੁਰਮੁਖਾਂ ਨੂੰ ਲੱਭਣ ਤੇ ਉਨ੍ਹਾਂ ਦੇ ਧਰਮ-ਦਰਸ਼ਨ ਨੂੰ ਜਾਣਨ ਲਈ ਉਦਾਸੀ ਭੇਖ ਧਾਰਨ ਕੀਤਾ ਸੀ। ਅਸੀਂ ਸਚ ਦੇ ਸੌਦਾਗਰ ਹਾਂ ਅਤੇ ਜੋ ਵੀ ਮਨੁੱਖ ਗੁਰੂ ਵਲੋਂ ਦਸੇ ਰਾਹ ਉੱਤੇ ਚਲਦਾ ਹੈ, ਉਹ ਭਵਸਾਗਰ ਤੋਂ ਪਾਰ ਹੋ ਸਕਦਾ ਹੈ। ਸਤਿਗੁਰਾਂ ਨੇ ਦਸਿਆ ਕਿ ਉਹ ਗ੍ਰਹਿਸਤੀ ਜਿੰਦਗੀ ਜੀਊਦਿਆਂ ਘਰਿ-ਪਰਿਵਾਰ ਵਾਲੇ ਹਨ ਪਰ ਕੇਵਲ ਪ੍ਰਮਾਤਮ-ਖੋਜ ਵਿਚ ਲਗੇ ਸਾਧਕਾਂ, ਧਰਮਾਚਾਰੀਆਂ ਤੇ ਪੀਰਾਂ-ਫਕੀਰਾਂ ਨਾਲ ਵਿਚਾਰਧਾਰਕ ਸਾਂਝ ਬਨਾਉਣ ਖਾਤਿਰ ਉਨ੍ਹਾਂ ਵਰਗੇ ਬਸਤਰ ਪਾਏ ਸਨ। ਸਾਡਾ ਸਿਧਾਂਤ ਤਾਂ ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ॥ ਵਾਲਾ ਹੈ ਅਤੇ ਮਾਨਵਹਿਤੂ ਕਦਰਾਂ ਕੀਮਤਾਂ ਵਾਲੇ ਜੀਵਨ-ਅਮਲਾਂ ਰਾਹੀਂ 'ਸੰਗੀ ਸਾਥੀ ਸਗਲ ਤਰਾਈ' ਵਾਲਾ ਆਦਰਸ਼ ਸਹਿਜੇ ਹੀ ਪੂਰਾ ਹੋ ਜਾਂਦਾ ਹੈ। ਧਰਮੀ-ਸੰਸਾਰ ਵਿਚ ਅਜਿਹੀ ਸੁਹਿਰਦਤਾ ਭਰਪੂਰ ਸਾਂਝ-ਭਿਆਲੀ ਪੂਰਵਕਾਲੀਨ ਵਿਵਸਥਾਵਾਂ ਵਿਚ ਕਿਸੇ ਦੇ ਚਿੱਤ-ਚੇਤੇ 'ਚ ਵੀ ਨਹੀਂ ਆਈ।

ਸਤਿਗੁਰੂ ਨਾਨਕ ਦਾ ਸਿਧਾਂਤ ਬਿਲਕੁਲ ਸਰਲ ਤੇ ਸਪੱਸ਼ਟ ਹੈ ਕਿ ਇਕੋ-ਇਕ ਪਰਮਪਿਤਾ ਪਾਰਬ੍ਰਹਮੁ-ਪਰਮੇਸਰੁ ਤੋਂ ਸਾਰੀ ਸ੍ਰਿਸ਼ਟੀ ਦਾ ਨਿਕਾਸ ਹੋਇਆ ਹੈ, ਵਿਸ਼ਵ 'ਚ ਵਸਦੀ ਸਾਰੀ ਮਨੁੱਖਾ-ਜਾਤੀ, ਸਕੇ-ਸੰਬਧੀ ਰਿਸ਼ਤਿਆਂ ਵਿਚ ਬੱਝੀ ਹੋਈ ਹੈ ਪਰ ਆਪਣੇ ਮੂਲ ਤੋਂ ਵਿਛੜ ਕੇ ਭੁਲਾਵੜਿਆਂ 'ਚ ਭੁਲੀ ਭਟਕਦੀ ਪਛਤਾ ਰਹੀ ਹੈ। ਸਾਰਿਆਂ ਦੀ ਜ਼ਿੰਦਗੀ ਦਾ ਅਸਲ ਮੰਤਵ ਤਾਂ ਆਪਣੇ ਮੂਲ-ਸ੍ਰੋਤ ਨਾਲ ਵਾਪਿਸ ਜਾਅ ਮਿਲਣ ਦਾ ਹੀ ਹੈ (ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ)। ਪਰ ਅਣ-ਡਿੱਠੀਆਂ ਕਾਲਪਨਿਕ ਤੇ ਕੱਚਘਰੜ ਪਗਡੰਡੀਆਂ ਉੱਤੇ ਭੇਡ-ਚਾਲ ਵਾਂਗ ਤੁਰਦਿਆਂ ਦਾ 'ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ' ਵਾਲਾ ਅੰਜਾਮ ਹੋ ਨਿਬੜਦਾ ਹੈ।ਹੋ-ਗੁਜ਼ਰੇ ਸਾਰੇ ਧਰਮ-ਸੰਸਥਾਪਕਾਂ, ਅਧਿਆਤਮੀ ਚਿੰਤਕਾਂ, ਸਾਧਕਾਂ ਤੇ ਗੁਰੂਆਂ-ਪੀਰਾਂ ਦਾ ਸਭ ਤੋਂ ਵੱਡਾ ਤੇ ਪ੍ਰਮੁੱਖ ਕਾਰਜ, ਮਨੁੱਖਾਂ ਨੂੰ ਆਪਣੇ ਮੂਲ ਪਛਾਣਨ ਦਾ ਸਹੀ ਢੰਗ-ਤਰੀਕਾ ਦੱਸਣਾ ਸੀ/ਹੈ, ਈਸ਼ਵਰੀ-ਰਾਹੇ ਤੋਰਨਾ ਸੀ/ਹੈ, ਦੇਵੱਤਵ ਪ੍ਰਦਾਨ ਕਰ ਕੇ ਮਾਨਸ ਨੂੰ ਦੇਵਤਾ ਬਨਾਉਣਾ ਸੀ/ਹੈ ਅਤੇ ਇਹ ਦੇਵੱਤਵ ਹੀ **ਗੁਰਮੁੱਖਤਾਈ** ਹੈ। ਹਾਂ ਜੀ, ਆਪਣੇ ਇਸ਼ਟ-ਦੇਵ ਪਾਰਬ੍ਰਹਮ, ਅਲਾਹ ਖੁਦਾ, ਲਾਰਡ ਆਲਮਾਈਟੀ ਅਤੇ ਕਿਸੇ ਵੀ ਹੋਰ ਨਾਉਂ ਨਾਲ ਜਾਣੇ ਜਾਂਦੇ, ਰੱਬੀ-ਜ਼ਹੂਰ ਜਾਂ ਵਾਹਿਗੁਰੂ ਦੀ ਸ੍ਰੇਸ਼ਟਤਾ ਨੂੰ ਸਮਝ-ਬੁੱਝ ਕੇ, ਆਪਣੇ ਰਹਿਬਰ ਦੀਆਂ ਸਿਖਿਆਵਾਂ ਨੂੰ ਮੰਨਦਿਆਂ, ਪ੍ਰਮਾਤਮਾ-ਪ੍ਰਾਪਤੀ ਦੇ ਮਾਰਗ ਉੱਤੇ ਚਲਣ ਵਾਲਾ ਬੰਦਾ **ਗੁਰਮੁਖਿ** ਹੈ। ਇੰਝ ਸਾਰੇ ਮੱਤ-ਮਤਾਤਰਾਂ ਦੇ ਸਚੇ ਪੈਰੋਕਾਰਾਂ ਨੂੰ ਸਤਿਗੁਰਾਂ ਨੇ ਗੁਰਮੁਖਿ ਆਖਦਿਆਂ ਉਨ੍ਹਾਂ ਨਾਲ ਸੁਹਿਰਦਤਾ-ਪੂਰਣ ਸਾਂਝ ਸਥਾਪਿਤ ਕਰਣ ਦਾ ਨਿਵੇਕਲਾ ਤੇ ਨਿਰਮਲਾ ਉੱਦਮ ਅਰੰਭਿਆ ਸੀ। ਗੁਰਮੁਖਿ ਦੇ ਸੰਕਲਪ ਨਾਲ ਨੈਤਿਕ, ਦਾਰਸ਼ਨਿਕ ਤੇ ਅਧਿਆਤਮਕ ਅਰਥ-ਭਾਵ ਜੁੜੇ ਹੋਏ ਹਨ।

ਗੁਰੂ ਨਾਨਕ ਦੇਵ ਜੀ ਨੇ ਭਿੰਨ ਭਿੰਨ ਦਿਸ਼ਾਵਾਂ ਵੱਲ ਦੇਸਾਂ-ਪ੍ਰਦੇਸਾਂ ਦੀਆਂ ਉਦਾਸੀ-ਯਾਤਰਾਵਾਂ ਦੌਰਾਨ ਵੱਖ-ਵੱਖ ਧਰਮਾਂ, ਮਜ਼੍ਹਬਾਂ ਤੇ ਮੱਤ-ਮਤਾਂਤਰਾਂ ਨਾਲ ਸਬੰਧਤ ਤੀਰਥਾਂ ਤੇ ਧਰਮ-ਅਸਥਾਨਾਂ ਉੱਤੇ ਪਹੁੰਚ ਕੇ ਉਥੋਂ ਦੇ ਗੱਦੀਦਾਰਾਂ, ਪੁਜਾਰੀਆਂ, ਮੱਠਾਧੀਸ਼ਾਂ ਤੇ ਕਾਜ਼ੀ-ਮੌਲਾਣਿਆਂ ਨਾਲ ਧਾਰਮਿਕ-ਮਾਨਤਾਵਾਂ, ਰੀਤਾਂ-ਰਸਮਾਂ ਤੇ ਸ਼ਰੀਅਤ ਦੀ ਅਸਲੀਅਤ ਬਾਰੇ ਗੰਭੀਰ ਚਰਚਾਵਾਂ ਕੀਤੀਆਂ, ਜਿਵੇਂ ਕਿ ਅਜੋਕੇ ਸਮੇਂ ਅੰਤਰਰਾਸ਼ਟਰੀ ਪੱਧਰ 'ਤੇ ਸਰਵ-ਧਰਮ-ਸੰਮੇਲਨ ਆਯੋਜਤ ਕੀਤੇ ਜਾਦੇ ਹਨ। **'ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ'** -ਇਨ੍ਹਾਂ ਯਾਤਰਾਵਾਂ ਦੌਰਾਨ ਉੱਚ-ਜਾਤੀ ਵਾਲੇ ਮੰਨੇ ਜਾਂਦੇ ਪਰਿਵਾਰ ਵਿੱਚ ਜਨਮੇ ਬਾਬੇ ਨਾਲ ਮੁਸਲਮਾਨਾਂ ਵਿੱਚੋ ਇਕ ਅਖੌਤੀ ਸਭ ਤੋਂ ਨੀਵੀਂ ਸ੍ਰੇਣੀ ਦੇ ਜੰਮਪਲ ਭਾਈ ਮਰਦਾਨੇ ਦਾ ਸੰਗੀ ਸਾਥੀ ਹੋਣਾ, ਵੇਖਣ ਵਾਲਿਆ ਉੱਤੇ ਖਾਸ ਅਸਰਦਾਇਕ ਪ੍ਰਭਾਵ ਪੈਦਾ ਕਰਦਾ ਸੀ। ਗੁਰੂ ਜੀ ਨੇ ਕੁਰਖੇਤਰ, ਹਰਿਦੁਆਰ, ਕਾਂਸ਼ੀ, ਮਥਰਾ, ਦ੍ਵਾਰਕਾਪੁਰੀ ਤੇ ਮੱਕੇ ਮਦੀਨੇ, ਬਗਦਾਦ ਆਦਿ ਵਿਖਿਆਤ ਧਰਮ-ਟਿਕਾਣਿਆਂ 'ਤੇ ਜਾ ਕੇ ਭਰਮਾਂ, ਵਹਿਮਾਂ, ਫੋਕਟ ਕਰਮਕਾਂਡਾਂ ਤੇ ਨਿਰਾਰਥਕ ਪਰੰਪਰਾਵਾਂ ਅਧੀਨ ਭੋਲੇ ਭਾਲੇ ਸ਼ਰਧਾਲੂਆਂ ਦੇ ਕੀਤੇ ਜਾ ਰਹੇ ਸ਼ੋਸ਼ਣ ਦਾ ਪਾਜ ਉਘੇੜਿਆ, ਸਿਧੇ ਸਚੁ ਦੇ ਰਾਹੇ ਪਾਇਆ। ਸਭਨੀਂ ਥਾਈਂ ਹਿੰਦੂ-ਮੁਸਲਿਮ ਮਖ਼ਲੂਕਾਤ ਨੇ ਸਤਿਗੁਰਾਂ ਵੱਲੋਂ ਸਾਫ਼ਗੋਈ ਨਾਲ ਕੀਤੇ ਬਚਨ-ਬਿਲਾਸ ਨੂੰ ਸਵੀਕਾਰਿਆ, ਸਤਿਕਾਰਿਆ ਤੇ ਨਮਸ਼ਕਾਰਿਆ। ਤਾਂ ਹੀ, 'ਬਾਬਾ ਨਾਨਕ ਸ਼ਾਹ ਫਕੀਰ ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ', ਇੱਕ ਹਰਮਨਪਿਆਰਾ ਲੋਕ ਅਖਾਣ ਬਣ ਗਿਆ ਸੀ। ਸਤਿਗੁਰਾਂ ਨੇ ਧਰਮ-ਦਰਸ਼ਨ-ਸੰਵਾਦਾਂ ਦੁਆਰਾ ਏਕੋ ਬ੍ਰਹਮ ਜਾਂ ਖੁਦਾਈ-ਵਾਹਦੀਅਤ ਦੀ ਸਰਬਕਾਲੀ ਤੇ ਸਰਬਵਿਆਪਿਕ ਹੋਂਦ ਅਤੇ ਪੱਕੇ ਕੁਦਰਤੀ-ਅਸੂਲਾਂ ਦੇ ਸਨਮੁੱਖ ਿਲਟਚਿਲਟੁਰਓਲ ਸ਼ੋਚਇਟੇ ਛੋ-ਏਣਸਿਟਏਨਚਏ ਵਾਲੇ ਸੱਭਿਆਚਾਰ ਦੀਆਂ ਸੰਭਾਵਨਾਵਾਂ ਤਾਲਾਸ਼ਣ ਵਾਸਤੇ ਹੰਭਲਾ ਮਾਰਿਆ ਸੀ।ਵਿਸ਼ਵ-ਧਰਮਾਂ ਦੇ ਇਤਿਹਾਸ ਵਿਚ ਅਜਿਹਾ ਇਨਕਲਾਬੀ ਤਜਰਬਾ ਸਰਵਪ੍ਰਥਮ ਗੁਰੂ ਨਾਨਕ ਸਾਹਿਬ ਜੀ ਨੇ ਹੀ ਕੀਤਾ ਸੀ। ਵਿਸ਼ਵ-ਵਿਆਪੀ ਸੁਹਿਰਦ ਚਿੰਤਕ ਤੇ ਵਿਦਵਾਨਾਂ ਨੇ ਹੁਣ ਇਸ ਦਿਸ਼ਾ ਵੱਲ ਉਪਰਾਲੇ ਅਰੰਭੇ ਹਨ -ਗੁਰੂ ਮੇਹਰ ਕਰੇ। -ਆਮੀਨ

**3. ਸਮਭਾਵੀ ਉਸਾਰੂ-ਦ੍ਰਿਸ਼ਟੀ Divinity is the Common Mutual Bond):-** ਗੁਰੂ ਨਾਨਕ ਦੇਵ ਜੀ ਦੇ ਸਮੇਂ ਤੱਕ ਅਜੇ ਈਸਾਈ-ਮਿਸ਼ਨਰੀ ਭਾਰਤ ਵਿੱਚ ਨਹੀਂ ਆਏ ਸਨ। ਇਸ ਦੇਸ਼ ਵਿਚ ਹਿੰਦੂ ਤੇ ਮੁਸਲਮਾਨ ਹੀ ਦੋ ਵੱਡੇ ਧਰਮ ਸਨ। ਹਿੰਦੂਆਂ ਵਿਚ ਬ੍ਰਾਹਮਣ ਤੇ ਮੁਸਲਮਾਨਾਂ ਵਿੱਚ ਕਾਜ਼ੀ-ਮੁੱਲਾਂ, ਨਿੱਜੀ ਸੁਆਰਥਾਂ ਨੂੰ ਤਰਜੀਹ ਦਿੰਦਿਆਂ ਆਪੋ ਆਪਣੇ ਧਰਮ ਦੇ ਪੈਰੋਕਾਰਾਂ ਨੂੰ, ਗੁੰਮਰਾਹ ਕਰ ਰਹੇ ਸਨ। ਗੁਰੂ ਨਾਨਕ ਦੇ ਅੰਤਰਆਤਮੇ ਨੇ ਆਦਿ-ਜੁਗਾਦੀ ਸਚੁ ਨੂੰ ਪਛਾਣਦਿਆਂ, ਆਪਣੇ ਉੱਤੇ ਕਿਸੇ ਵੀ ਧਰਮ ਦਾ ਲੇਬਲ ਨਹੀਂ ਲਗਣ ਦਿੱਤਾ ਸਗੋਂ ਅਧਿਆਤਮਵਾਦ ਦੀ ਸਰਬਸਾਂਝੀ ਪਹੁੰਚ ਅਪਣਾਈ। ਜਦੋਂ ਬ੍ਰਾਹਮਣੀ ਪੰਡਿਤਾਂ- ਪੁਰੋਹਿਤਾਂ ਵੱਲੋਂ ਸ਼ਰਧਾਲੂ ਜਨ-ਸਾਧਾਰਣ ਨੂੰ ਕਰਮ-ਕਾਡਾਂ ਵਿਚ ਫਸਾਉਂਦਿਆਂ ਤੱਕਿਆ ਤਾਂ ਸਤਿਗੁਰਾਂ ਨੇ ਉਨ੍ਹਾਂ ਦਾ ਪਾਜ ਉਘੇੜਕੇ ਲੋਕਾਈ ਨੂੰ ਸਿਧੇ ਰਾਹੇ ਪਾਇਆ। ਇਸੇ ਤਰ੍ਹਾਂ ਵੱਲ-ਛੱਲ ਕਰਦੇ ਸ਼ੇਖਾਂ-ਕਾਜ਼ੀਆਂ ਨੂੰ ਇਸਲਾਮ-ਧਰਮ ਦੇ ਮੁੱਢਲੇ ਅਸੂਲਾਂ ਤੇ ਬੁਨਿਆਦੀ-ਮਕਸਦਾਂ ਬਾਰੇ ਸਹੀ ਖੁਲਾਸਾ ਕਰਦਿਆਂ, ਅਸਲੀ-ਮੁਸਲਮਾਨ ਹੋਵਣ ਦਾ ਰਾਹ ਦੱਸਿਆ। ਗੁਰ ਫੁਰਮਾਨ ਹਨ:

**1) ਸੁਣਿ ਪੰਡਿਤ ਕਰਮਾ ਕਾਰੀ ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥ ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥ ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ** ॥2॥ ( ਸੋਰਠਿ ਮ: 1- 635)

**2) ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥**
**ਸਰਮ ਸੁਨੰਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥**
**ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥**
**ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ**॥1॥ (ਮਾਝ ਮ: 1-640)

ਬੋਧਾਂ, ਸਿੱਧਾਂ, ਨਾਥਾਂ, ਜੋਗੀਆਂ, ਜੰਗਮਾਂ, ਦਿਗੰਬਰਾਂ, ਸੰਨਿਆਸੀਆਂ, ਬੈਰਾਗੀਆਂ ਭਾਵ ਸਭ ਧਰਮਾਂ ਤੇ ਮੱਤ-ਮਤਾਂਤਰਾਂ ਵਾਲੇ ਸਾਧਕਾਂ ਨੂੰ, ਬਾਬਾ ਨਾਨਕ ਜੀ ਨੇ ਏਕੋ ਬ੍ਰਹਮ ਦੀ ਸਚਾਈ ਨੂੰ ਸਹਿਜ-ਸੁਭਾਏ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ ਹੈ।ਸਤਿਗੁਰਾਂ ਨੇ ਧਰਮਾਂ ਵਿਚ ਪ੍ਰਚਲਿਤ ਅੱਡੋ-ਅੱਡਰੇ ਚਿੰਨ੍ਹਾਂ, ਨਿਸ਼ਾਨਾਂ, ਭੇਖਾਂ, ਰੀਤਾਂ ਤੇ ਪ੍ਰਤੀਕਾਂ ਆਦਿ ਦੇ ਅੰਤ੍ਰੀਵ-ਅਰਥਾਂ ਦੀਆਂ ਮੂਲਕ-ਰਮਜ਼ਾਂ ਨੂੰ ਖੋਲ੍ਹ ਕੇ ਸਮਝਾਇਆ, ਤਾਂ ਜੋ ਭੋਲੇ ਭਾਲੇ ਲੋਕ, ਦਿਖਾਵੇ ਵਾਲੇ ਭੇਖਾਂ ਤੇ ਅਡੰਬਰਾਂ ਨੂੰ ਛੱਡ ਕੇ ਸੰਬਧਤ ਚਿੰਨ੍ਹਾਂ ਤੇ ਪ੍ਰਤੀਕਾਂ ਦੇ ਮਕਸਦਾਂ ਨੂੰ ਸਮਝਣ। ਇਸ ਤਰ੍ਹਾਂ ਹੀ ਪੈਰੋਕਾਰ ਆਪਣੇ ਧਰਮ ਦੀ ਸ੍ਰੇਸ਼ਟ-ਗੁਣਵੱਤਾ, ਮੌਲਿਕਤਾ ਤੇ ਪਹਿਲ-ਤਾਜ਼ਗੀ ਨੂੰ ਬਰਕਰਾਰ ਰੱਖ ਸਕਦੇ ਹਨ।

ਜੋਗੀਆਂ-ਨਾਥਾਂ ਨੇ ਯੋਗ ਦੇ ਅੰਤ੍ਰੀਵ-ਰਹੱਸ ਸਮਝਣ ਤੇ ਜੀਵਨ ਵਿਚ ਗ੍ਰਹਿਣ ਕਰਨ ਦੀ ਬਜਾਏ ਘਰ-ਬਾਰ ਤਿਆਗ ਕੇ ਜੰਗਲਾਂ-ਪਹਾੜਾਂ ਤੇ ਜਾ ਡੇਰੇ ਲਾਣ ਨੂੰ ਹੀ ਆਪਣਾ ਜੀਵਨ ਆਦਰਸ਼ ਬਣਾ ਲਿਆ ਸੀ। ਉਹ ਆਪਣੇ ਆਪ ਨੂੰ ਕਰਾਮਾਤਾਂ ਕਰ ਵਿਖਾਉਣ ਵਾਲੇ ਸਿੱਧ-ਪੁਰਸ਼ ਸਮਝ ਕੇ ਆਮ ਸੰਸਾਰੀ ਲੋਕਾਂ ਨੂੰ ਤ੍ਰਿਸਕਾਰ ਭਰੀਆਂ ਨਜ਼ਰਾਂ ਨਾਲ ਵੇਖਣ ਲਗ ਪਏ ਸਨ। ਉਨ੍ਹਾਂ ਨੂੰ ਬਾਬੇ ਨੇ ਜੋਗ ਦੀ ਸਹੀ ਜੁਗਤੀ ਇੰਝ ਦੱਸੀ:- **ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ**

**ਚੜਾਈਐ ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥** ( ਸੂਹੀ ਮ 1, ਅੰਕ 730 )

ਵੈਦਿਕ-ਰਿਸ਼ੀਆਂ, ਯੋਗੀਆਂ-ਸਿੱਧਾਂ ਤੇ ਮੁਸਲਮਾਨੀ ਸੂਫੀ-ਸੰਤਾਂ ਤੇ ਸਿੱਖ ਗੁਰੂਆਂ ਦੇ ਅਧਿਆਤਮਵਾਦ ਵਿਚ ਇੱਕ ਸਾਂਝੀ ਸੰਗਲੀ ਵੇਖੀ ਜਾ ਸਕਦੀ ਹੈ। ਅਧਿਆਤਮ ਤਾਂ ਸਾਰੀ ਮਨੁੱਖਤਾ ਦਾ ਸਾਂਝਾ ਵਿਰਸਾ ਹੈ ਪਰ ਇਸ ਮੂਲਕ 'ਸਚੁ' ਨੂੰ ਕੋਈ ਪੀਰ-ਪੈਗੰਬਰ ਜਾਂ ਧਰਮ ਸੰਸਥਾਪਕ ਇੰਦੂ ਪਹਿਲਾਂ ਪਛਾਨਣ ਦਾ ਦਾਵਾ ਨਹੀਂ ਕਰ ਸਕਿਆ। ਗੁਰੂ ਨਾਨਕ ਸਾਹਿਬ ਨੇ ਇਸ ਸਮਭਾਵੀ ਉਸਾਰੂ-ਦ੍ਰਿਸ਼ਟੀ ਦੀ ਅਸਲੀਅਤ ਨੂੰ ਉਜਾਗਰ ਕੀਤਾ ਹੈ।

**4. ਧਨ ਸੁਹਾਗਣਿ ਨਾਰਿ (Dignity, Liberation and Empowerment):-** ਪੂਰਬੀ ਸੱਭਿਅਕ ਸੰਸਾਰ ਦੇ ਆਰਯਾਵ੍ਰਤ ਜਾਂ ਭਾਰਤਵਰਸ਼ ਦੇ ਨਾਂ ਨਾਲ ਜਾਣੇ ਜਾਂਦੇ, ਧਰਤੀ ਦੇ ਇਸ ਖਿਤੇ ਵਿਚਲੇ ਆਦਿ-ਕਾਲੀਨ ਵਸਨੀਕਾਂ ਵੱਲੋਂ 'ਇਸਤਰੀ' ਦੀ ਪੁਰਾਤਨ ਸਮਿਆਂ ਤੋਂ ਹੀ ਜਗਤ-ਜਨਨੀ ਤੇ ਈਸ਼ਵਰੀ-ਸ਼ਕਤੀ ਦੇ ਰੂਪ ਵਿੱਚ 'ਦੇਵੀਆਂ' ਵੱਜੋਂ ਪੂਜਾ-ਅਰਚਨਾ ਹੁੰਦੀ ਆਈ ਹੈ। ਸਨਾਤਨ ਹਿੰਦੂ ਮਤ ਦੀ ਇਹ ਪੱਧਤੀ ਅਜੋਕੇ ਵਿਗਿਆਨਕ ਯੁਗ ਤੱਕ ਵੀ ਨਿਰੰਤਰ ਜਾਰੀ ਹੈ ਭਾਵੇਂ ਤੁਲਸੀ ਜੀ ਰਚਿਤ 'ਰਾਮ ਚਰਿਤ੍ਰ ਮਾਨਸ' ਅੰਦਰ 'ਢੋਲ ਗਵਾਰ ਨੀਚ ਪਸ਼ੂ ਨਾਰੀ।ਪਾਂਚੋਂ ਤਾੜਨ ਕੇ ਅਧੀਕਾਰੀ', ਵਾਲਾ ਨਿਰਣਾ ਵੀ ਸਮਾਜਿਕ ਤੇ ਧਾਰਮਿਕ ਅਮਲਾਂ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਉਕਤ ਆਪਾ-ਵਿਰੋਧੀ ਧਰਮ-ਸਿਧਾਂਤਾਂ ਦੇ ਸਨਮੁੱਖ ਹਿੰਦੁਸਤਾਨੀ-ਸਮਾਜ ਵਿੱਚ ਇਸਤਰੀ-ਜਾਤ ਦੀ ਦੁਰਗਤੀ ਦਾ ਪਿਛਲੇ ਹਜ਼ਾਰਾਂ ਸਾਲਾਂ ਦੌਰਾਨ ਬਰਕਰਾਰ ਰਹਿਣਾ ਇਕ ਇਤਿਹਾਸਿਕ ਤ੍ਰਾਸਦੀ ਹੈ। ਇਸਤਰੀਆਂ ਨੂੰ ਕਲੰਕਣੀ, ਬਾਘਣ, ਵਿਸ਼-ਗੰਦਲਾਂ ਤੇ ਪੈਰ ਦੀ ਜੁੱਤੀ ਤੱਕ ਕਹਿ ਕੇ ਦੁਰਕਾਰਿਆਂ ਜਾਂਦਾ ਰਹਿਆ ਹੈ ਅਤੇ ਕਿਸੇ ਅਨਪੜ੍ਹ ਗ਼ੈਰ-ਜ਼ੁਮੇਵਾਰ ਨਾਗਰਿਕ ਦੇ ਹੋਛੇ ਜਿਹੇ ਕਥਨ ਬਦਲੇ ਰਿਆਸਤ ਦੇ ਰਾਜੇ ਵੱਲੋਂ ਆਪਣੀ ਸਤੀ-ਸਵਿਤ੍ਰੀ ਰਾਣੀ ਨੂੰ ਘਰੋਂ ਕੱਢ ਕੇ ਜੰਗਲਾਂ ਵਿੱਚ ਧੱਕੇ ਖਾਣ ਵਾਸਤੇ ਮਜ਼ਬੂਰ ਕੀਤੇ ਜਾਣ ਨੂੰ ਵੀ ਧਰਮ-ਮਰਯਾਦਾ ਘੋਸ਼ਿਤ ਕੀਤਾ ਜਾਂਦਾ ਰਹਿਆ ਹੈ। ਸਿਮ੍ਰਿਤੀ-ਸਾਹਿਤ ਅੰਦਰ 'ਮੰਨੂੰ ਜੀ' ਨੇ ਇਸਤਰੀ ਨੂੰ ਅਗਿਆਨਤਾ ਤੇ ਕਪਟ-ਕੂੜ ਦੀ ਮੂਰਤੀ ਨਿਸ਼ਚਤ ਕੀਤਾ ਹੈ।

ਮਹਾਤਮਾ ਬੁੱਧ ਨੇ ਆਪਣੇ ਚੇਲੇ 'ਆਨੰਦ' ਨੂੰ ਸਖ਼ਤ ਤਾੜਨਾ ਕਰ ਦਿੱਤੀ ਸੀ ਕਿ ਕਿਸੇ ਵੀ ਇਸਤਰੀ ਨੂੰ 'ਸੰਘ' ਵਿੱਚ ਸ਼ਾਮਿਲ ਕਰਣ ਦੀ ਅਨੁਮਤੀ ਨਹੀਂ ਦਿੱਤੀ ਜਾਵੇਗੀ।ਉਨ੍ਹਾਂ ਆਖਿਆ ਕਿ ਭਵਿੱਖ ਵਿੱਚ ਵੀ ਜੇ ਕਿਸੇ ਸਮੇਂ ਇਸਤਰੀ-ਵਰਗ ਵਿੱਚੋਂ ਕਿਸੇ ਨੂੰ ਬੋਧੀ-ਸੰਘ ਵਿੱਚ ਸ਼ਮੂਲੀਅਤ ਮਿਲਦੀ ਹੈ ਤਾਂ ਇਹ ਮਤ ਜ਼ਿਆਦਾ ਦੇਰ ਤੱਕ ਪਵਿਤ੍ਰ ਨਾਂਹ ਰਹਿ ਸਕਣ ਕਾਰਣ ਟੁੱਟਦਾ ਨਜ਼ਰ ਆਵੇਗਾ। ਜੈਨ-ਗ੍ਰੰਥਾਂ ਵਿੱਚ ਵੀ ਔਰਤ ਨੂੰ ਮਾਇਆ ਤੇ ਸਰਪਣੀ ਤੱਕ ਆਖਿਆ ਗਿਆ ਹੈ। ਇਸ ਤਰ੍ਹਾਂ ਲਗਭਗ ਸਾਰਿਆਂ ਹੀ ਮੱਤ-ਮਤਾਂਤਰਾਂ ਦੇ ਮੁੱਖੀਆਂ ਤੇ ਪੈਰੋਕਾਰਾਂ ਨੇ ਇਸਤਰੀ-ਵਰਗ ਨੂੰ ਹਮੇਸ਼ਾ ਹੀ ਮੌਲਿਕ ਮਨੁੱਖੀ-ਅਧਿਕਾਰਾਂ ਤੋਂ ਵੰਚਿਤ ਰਖਦਿਆਂ ਤ੍ਰਿਸਕਾਰਿਆ ਹੈ, ਦੁਰਕਾਰਿਆ ਹੈ ਅਤੇ ਘਿਨਾਉਣਾ ਸ਼ੋਸ਼ਣ ਕੀਤਾ ਹੈ।

ਪੱਛਮੀ ਸੰਸਾਰ ਦੇ ਸੁਕਰਾਤ ਤੇ ਅਰਸਤੂ ਵਰਗੇ ਵਿਸ਼ਵ-ਵਿਖਿਆਤ ਮੁੱਢਲੇ ਫ਼ਿਲਾਸਫਰਾਂ ਦੀਆਂ ਲਿਖਤਾਂ ਵਿੱਚੋਂ "Woman is an unfinished man left standing on a lower step in the scale of development. The male is by nature superior and female inferior, the one is ruler and the other ruled. Woman is weak of will and therefore, imcapable of independence of character and position." ਅਰਥਾਤ ਔਰਤ ਇੱਕ ਅਧੂਰੀ ਸ਼ਖ਼ਸੀਅਤ ਹੈ ਜਿਹੜੀ ਮਾਨਵ ਵਿਕਾਸ ਸ੍ਰਿੰਖਲਾ ਵਿਚਕਾਰ ਮਰਦ ਤੋਂ ਹੇਠਲੀ ਜਾਂ ਨੀਵੇਂ ਥਾਂ ਉੱਤੇ ਹੈ। ਮਰਦ ਕੁਦਰਤੀ ਤੌਰ 'ਤੇ ਵਧੀਆ ਜਾਂ ਸ੍ਰੇਸ਼ਟ ਹੈ ਅਤੇ ਇਸਤਰੀ ਘਟੀਆ; ਇਉਂ ਔਰਤ ਉੱਤੇ ਰਾਜ ਕਰਨਾ ਉਸਦਾ ਹੱਕ ਹੈ। ਇਸਤਰੀ ਕਮਜ਼ੋਰ ਤੇ ਅ-ਨਿਸ਼ਚਿਤ ਸੁਭਾਉ ਵਾਲੀ ਸ਼ਖ਼ਸੀਅਤ ਹੋਣ ਕਰਕੇ ਸੁਤੰਤਰ ਜੀਵਨ-ਚਰਿਤ੍ਰ ਤੇ ਪਦ ਪਦਵੀ ਦੀ ਹੱਕਦਾਰ ਨਹੀਂ ਸਮਝੀ ਜਾਂਦੀ, ਵਰਗੇ ਹੋਏ ਸਿਧਾਂਤਕ ਨਿਰਣੇ ਸਾਡੇ ਸਾਹਮਣੇ ਮੌਜੂਦ ਹਨ।

ਪੱਛਮੀ-ਸਮਾਜ ਵਿੱਚ ਇਸਤਰੀ ਪ੍ਰਤੀ ਸੋਸ਼ਣਕਾਰੀ ਦਾ ਰੁਝਾਨ ਤਾਂ ਬਾਬਾ ਆਦਮ ਅਤੇ ਮਾਈ ਹਵਾ ਦੀ ਕਹਾਣੀ ਵਿੱਚੋਂ ਆਰੰਭ ਹੋਇਆ ਸਾਫ਼ ਵਿਖਾਈ ਦਿੰਦੈ। ਇਸ ਕਥਾਨਕ ਅਨੁਸਾਰ ਆਦਮ (ਮਰਦ) ਦੇ ਸਾਰੇ ਦੁੱਖਾਂ ਦਾ ਕਰਣ-ਕਾਰਣ ਹਵਾ (ਇਸਤਰੀ) ਨੂੰ ਦਰਸਾਇਆ ਗਿਆ ਹੈ, ਜਿਸਨੇ ਆਦਮ ਨੂੰ ਫੁਸਲਾ ਕੇ, ਉਸ ਕੋਲੋਂ ਮੁੱਢਲਾ ਪਾਪ (original sin) ਕਰਵਾਇਆ, ਜਿਸਦੇ ਪ੍ਰਤੀਫ਼ਲ ਵਜੋਂ ਕਸ਼ਟਾਂ ਭਰਿਆ ਖਮਿਆਜ਼ਾ, ਉਹ ਅੱਜ ਤੱਕ, ਇਸ ਦੁੱਖਾਂ ਭਰੀ ਦੁਨੀਆ ਵਿੱਚ ਨਿਤਨਵੀਆਂ ਮੁਸੀਬਤਾਂ ਹੰਢਾਉਂਦਿਆਂ ਜਿੰਦਗੀ ਗੁਜ਼ਾਰ ਰਿਹਾ ਹੈ। ਇਸਾਈ ਸੱਭਿਆਚਾਰ ਇਸ ਧਾਰਮਿਕ ਵਿਸ਼ਵਾਸ਼ ਨਾਲ ਪਾਲਿਆ ਪੋਸਿਆ ਗਿਆ ਹੈ ਕਿ ਔਰਤ ਦੇ ਨਿਰਦਈਪੁਣੇ ਕਾਰਣ ਹੀ ਮਨੁੱਖ ਨੂੰ ਘਾਤਕ ਸਥਿਤੀਆਂ 'ਚੋਂ ਲੰਘਦਿਆਂ ਅੰਤ ਮੌਤ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਇਸਤਰੀ ਨੂੰ ਧੋਖੇਬਾਜ਼, ਨਿੰਦਕ ਅਤੇ ਭਰਮਾਉਣ ਵਾਲੀ ਵਸਤ ਮੰਨਿਆ ਹੈ ਭਾਵੇਂ ਉਹ ਪਤਨੀ ਨੂੰ ਆਪਣਾ ਚੰਗੇਰਾ ਅੱਧ (Better half) ਵੀ ਪਏ ਆਖਣ।

ਉਪਰੋਕਤ ਅਤੇ ਹੋਰ ਬੇਅੰਤ ਅਜਿਹੇ ਪੁਰਾਤਨ ਧਰਮ-ਗ੍ਰੰਥਾਂ ਵਿਚਲੇ ਲਿਖਿਤ ਹਵਾਲਿਆਂ ਤੋਂ ਪਤਾ ਚਲਦਾ ਹੈ ਕਿ ਔਰਤ ਨਾਲ ਅਨਿਆਂ ਦੀ ਸ਼ੁਰੂਆਤ ਮੁੱਢ-ਕਦੀਮੋਂ ਚਲਦੀ ਆ ਰਹੀ ਹੈ -- ਕਾਰਣ ਭਾਵੇਂ ਕੁਝ ਵੀ ਹੋਵਣ। ਜਨਮ ਸਮੇਂ ਹੀ ਕੁੜੀਆਂ ਨੂੰ ਮਾਰ ਦੇਣਾ ਇੱਕ ਪੁਰਾਣੀ ਸਮਾਜਿਕ ਬੁਰਿਆਈ ਹੋ ਨਿਬੜੀ ਹੈ ਜੋ ਅਜੋਕੇ ਯੁੱਗ ਵਿੱਚ ਵੀ ਕਾਇਮ ਹੈ। ਇਸ ਵਿੱਚ ਵਿਭਿੰਨ ਧਾਰਮਿਕ-ਮਨੌਤਾਂ ਦਾ ਯੋਗਦਾਨ ਮਹੱਤਵਪੂਰਣ ਹੈ। ਹੁਣ ਤਾਂ ਮੈਡੀਕਲ-ਸਾਇੰਸ ਦੀ ਮਦਦ ਰਾਹੀਂ ਲੜਕੀਆਂ ਦੇ ਭਰੂਣ ਨੂੰ ਜੰਮਣ ਤੋਂ ਪਹਿਲਾ ਹੀ ਖਤਮ ਕਰ ਦਿੱਤਾ ਜਾਂਦਾ ਹੈ। ਪੰਜਾਬ ਵਿੱਚ 2011 ਦੀ ਜਨਗਣਨਾ ਦੱਸਦੀ ਹੈ ਕਿ ਸਾਡੇ ਸਮਾਜ ਵਿੱਚ 1000 ਮਰਦਾਂ ਦੇ ਮੁਕਾਬਲੇ ਇਸਤਰੀਆਂ ਦੀ ਗਿਣਤੀ ਕੇਵਲ 893 ਹੀ ਹੈ। ਔਰਤਾਂ-ਮਰਦਾਂ ਦੇ ਅਨੁਪਾਤ ਵਿਚਲਾ ਇੰਨਾ ਵੱਡਾ ਫ਼ਰਕ ਕਈ ਤਰ੍ਹਾਂ ਦੇ ਮਨੋਵਿਗਿਆਨਕ ਅਤੇ ਨੈਤਿਕ ਵਿਗਾੜ ਪੈਦਾ ਕਰ ਰਿਹਾ ਹੈ।

ਧਰਮਾਂ ਦੇ ਸਮੁੱਚੇ ਇਤਿਹਾਸ ਵਿੱਚ ਪਹਿਲੀ ਵਾਰ ਅੱਜ ਤੋਂ 550 ਸਾਲ ਪਹਿਲੋਂ, ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੀ ਲਗਭਗ ਅੱਧੀ ਅਬਾਦੀ, ਜੋ ਮਰਦ-ਪ੍ਰਧਾਨ ਸਮਾਜਿਕ ਬਣਤਰ ਦੀਆਂ ਧਿੰਗੋਜੋਰੀਆਂ ਦਾ ਸ਼ਿਕਾਰ ਬਣੀ ਤੇ ਗੁਲਾਮਾਂ ਵਰਗੀ ਜਿੰਦਗੀ ਗੁਜ਼ਾਰਨ ਲਈ ਮਜ਼ਬੂਰ ਕੀਤੀ ਜਾ ਚੁੱਕੀ ਸੀ, ਦੇ ਮਾਨਵੀ- ਅਧਿਕਾਰਾਂ ਦੀ ਸਥਾਪਤੀ ਵਾਸਤੇ ਬੁਲੰਦ ਹੋਕਾ ਦਿੱਤਾ।ਗੁਰੂ ਨਾਨਕ ਸਾਹਿਬ ਜੀ ਵੱਲੋਂ ਉਚਾਰੀ ਬਾਣੀ 'ਆਸਾ ਦੀ ਵਾਰ' ਦੀਆਂ ਪਉੜੀਆਂ ਸਿੱਖ ਦਰਸ਼ਨ-ਸ਼ਾਸਤ੍ਰ ਦਾ ਵੱਡਮੁਲਾ ਖਜ਼ਾਨਾ ਹਨ ਅਤੇ ਇਸ ਵਾਰ ਨਾਲ ਰਲਾਇ ਲਿਖੇ 'ਸਲੋਕ ਭੀ ਮਹਲੇ ਪਹਿਲੇ ਕੇ', ਮਨੁੱਖੀ-ਵਿਹਾਰ ਦੀਆਂ ਵਿਭਿੰਨ ਪਰਤਾਂ ਦੀ ਅਸਲੀਅਤ ਦਾ ਖ਼ੁਲਾਸਾ ਬੜੀ ਸਪੱਸ਼ਟਗੋਈ ਨਾਲ ਪ੍ਰਸਤੁਤ ਕਰਦੇ ਹਨ।੧੯ਵੀਂ ਪਉੜੀ ਦੀ ਆਰੰਭਤਾ ਤੋਂ ਪਹਿਲਾ ਅੰਕਿਤ ਇੱਕ ਸਲੋਕ ਦਾ ਪਾਠ ਇਉਂ ਹੈ :

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**
**ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥**
**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥**
**ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥**
**ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥**2॥

ਸੰਖੇਪ ਅਰਥ-ਭਾਵ ਇਉਂ ਜਾਣੀਏ ਕਿ ਇਸਤਰੀ (ਭੰਡ) ਵਿੱਚੋਂ ਹੀ ਸਾਡਾ ਸਰੀਰ ਜਨਮ ਲੈਂਦਾ ਹੈ, ਵੱਡਿਆਂ ਹੋ ਕੇ ਅਸੀਂ ਇਸਤਰੀ ਨਾਲ ਵਿਆਹੇ ਜਾਂਦੇ ਤੇ ਰਿਸ਼ਤੇਦਾਰੀਆਂ ਨਾਲ ਜੁੜਦੇ ਹਾਂ ਅਤੇ ਇਸਤਰੀ ਤੋਂ ਹੀ ਜਗਤ-ਉਤਪਤੀ ਦਾ ਵਿਧਾਨ ਚਲਦਾ ਹੈ। ਜੇ ਵਹੁਟੀ ਮਰ ਜਾਏ ਤਾਂ ਹੋਰ ਕਿਸੇ ਇਸਤਰੀ ਦੀ ਭਾਲ ਕਰੀਦੀ ਹੈ, ਅਰਥਾਤ ਔਰਤ ਤੋਂ ਬਿਨਾ ਜਿੰਦਗੀ ਚਲਦੀ ਹੀ ਨਹੀਂ। ਇਸਤਰੀ ਨੇ ਹੀ ਵੱਡੇ-ਵੱਡੇ ਰਾਜੇ-ਰਾਣੇ, ਯੋਧੇ-ਸੂਰਮੇ, ਗੁਣੀ-ਗਿਆਨੀ ਤੇ ਅਵਤਾਰੀ-ਪੁਰਸ਼ਾਂ ਨੂੰ ਜਨਮਿਆਂ ਹੈ-- ਤਾਂ ਤੇ ਕਿਸੇ ਵੀ ਕਾਰਣ ਇਸਤਰੀ ਨੂੰ ਮੰਦਾ ਜਾਂ

ਨੀਵਾਂ ਨਹੀਂ ਸਮਝਿਆ ਜਾਣਾ ਚਾਹੀਦਾ। ਉਕਤ ਅਕੱਟ ਦਲੀਲ ਨੇ ਔਰਤ-ਵਿਰੋਧੀ ਸਾਰੇ ਉਟੰਕਣਾਂ ਤੇ ਹੁੱਜਤਾਂ ਦਾ ਮੂੰਹ ਬੰਦ ਕਰ ਦਿੱਤਾ ਸੀ, ਪਰ ਕੱਟੜ-ਧਰਮੀਆਂ ਨੇ ਪਰੰਪਰਾਗਤ-ਮਰਯਾਦਾ ਦੇ ਨਾਂ ਉੱਤੇ ਆਪਣੀ ਡਫ਼ਲੀ ਵਜਾਉਣੀ ਅਜੇ ਤੱਕ ਪੂਰੀ ਤਰ੍ਹਾਂ ਨਹੀਂ ਛੱਡੀ।

ਗੁਰਬਾਣੀ ਦਾ ਸਮੁੱਚਾ ਉਪਦੇਸ਼ ਬਿਨਾ ਕਿਸੇ ਨਸਲ, ਰੰਗ, ਜਾਤ-ਪਾਤ ਅਤੇ ਲਿੰਗ ਭੇਦ ਦੇ ਸਾਰੀ ਮੱਨੁਖਤਾ ਲਈ ਸਾਂਝਾ ਹੈ। ਇਸ ਤੋਂ ਵੀ ਅੱਗੇ ਗੁਰੂ ਨਾਨਕ ਦੇਵ ਜੀ ਨੇ ਮੱਨੁਖਤਾ ਨੂੰ ਸੰਬੋਧਨ ਕਰਦਿਆਂ, ਪੁਲਿੰਗ ਦੀ ਬਜਾਏ ਇਸਤਰੀ-ਲਿੰਗ ਦੀ ਵਰਤੋਂ ਕੀਤੀ ਹੈ ਜਿਵੇਂ ਕਿ :-

**(1) ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥**
**ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥** (ਮ: 1 ਅੰਕ 17)

**(2) ਮੈ ਬਨਜਾਰਨਿ ਰਾਮ ਕੀ॥ ਤੇਰਾ ਨਾਮੁ ਵਖਰੁ ਵਾਪਾਰੁ ਜੀ॥ ਰਹਾਉ॥**
(ਮ:1, ਅੰਕ 157)

**(3) ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ ॥** (ਮ: 1 ਅੰਕ 242)

**(4) ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥**
**ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥** (ਮ:1, ਅੰਕ 85)

ਪਰੰਪਰਾ ਤੋਂ ਹਟ ਕੇ ਪਹਿਲੀ ਵਾਰਾਂ ਇੰਨੀ ਵਿਲੱਖਣ ਤੇ ਨਿਵੇਕਲੀ ਲਿਖਣ-ਸ਼ੈਲੀ ਅਪਣਾਈ ਗਈ, ਜਿਸਨੂੰ ਉਤਰਾਧਿਕਾਰੀ ਸਿੱਖ ਗੁਰੂਆਂ ਅਤੇ ਦੂਜੇ ਬਾਣੀਕਾਰਾਂ ਨੇ ਵੀ ਬਾਖ਼ੂਬੀ ਜਾਰੀ ਰੱਖਿਆ ਹੈ। ਆਪੂੰ-ਖ਼ੁਦ 'ਮਰਦ-ਜਾਮੇ' ਵਿੱਚ ਹੁੰਦਿਆ ਵੀ ਆਪਣੇ 'ਆਪੁ' ਨੂੰ ਇਸਤਰੀ-ਸਰੂਪ ਵਿੱਚ ਚਿਤਵਿਆ, ਭਾਵ ਗੁਰਮਤਿ ਭਗਤੀ-ਸਾਧਨਾ ਪੱਧਤੀ ਵਿੱਚ ਜੁੜੇ ਸਾਧਕ ਲਈ, ਇਸਤਰੀ-ਗੁਣਵੱਤਾ ਅਰਥਾਤ ਸ਼ਰਧਾ, ਸਮਰਪਣ, ਸੇਵਾ, ਨਿਮਰਤਾ, ਆਗਿਆਕਾਰਤਾ, ਸਚਾਈ, ਨਿਸ਼ਕਪਟਤਾ, ਦਿਆਲਤਾ, ਕੋਮਲਤਾ, ਧੀਰਜ ਆਦਿ ਸਦਗੁਣਾਂ ਦਾ ਧਾਰਨੀ ਹੋਣਾ ਲਾਜ਼ਮੀ ਹੈ।

**(1) ਮੈ ਪ੍ਰਭੁ ਸਚੁ ਪਛਾਣਿਆ ਹੋਰ ਭੂਲੀ ਅਵਗਣਿਆਰੇ॥**
**ਮੈ ਸਦਾ ਰਾਵੇ ਪਿਰੁ ਆਪਣਾ ਸਚੜੈ ਸਬਦਿ ਵੀਚਾਰੇ॥**
**ਸਚੈ ਸਬਦਿ ਵੀਚਾਰੇ ਰੰਗਿ ਰਾਤੀ ਨਾਰੇ**
**ਮਿਲਿ ਸਤਿਗੁਰ ਪ੍ਰੀਤਮੁ ਪਾਇਆ॥**
**ਅੰਤਰਿ ਰੰਗਿ ਰਾਤੀ ਸਹਜੇ ਮਾਤੀ ਗਇਆ ਦੁਸਮਨੁ ਦੂਖੁ ਸਬਾਇਆ॥**
(ਮ:3, ਅੰਕ 584)

**(2) ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ॥**
(ਮ:5, ਅੰਕ 394)

**(3) ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥127॥**
(ਬਾਬਾ ਫਰੀਦ, ਅੰਕ 1384)

**(4) ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ ॥**
**ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ ॥** (ਮ: 3, ਅੰਕ 1413)

ਸਿੱਖ ਗੁਰੂ ਸਾਹਿਬਾਨ ਜਦੋਂ ਪ੍ਰਭੂ-ਮਿਲਾਪ ਦੀ ਵੇਗਵਾਨ ਬੇਹਬਲਤਾ ਪ੍ਰਗਟਾਉਂਦੇ ਹਨ ਤਾਂ ਉਦੋਂ ਵੀ ਉਹ ਆਪਣੇ ਆਪ ਨੂੰ ਹਿਰਨੀ, ਕੋਇਲ ਅਤੇ ਨਾਗਣ ਭਾਵ ਮਾਦਾ ਦੇ ਰੂਪ ਵਿੱਚ ਚਿਤਵਦੇ ਹਨ, ਨਰ ਰੂਪ ਵਿੱਚ ਨਹੀਂ। ਪੂਰੀ ਮਨੁੱਖਤਾ ਵਿੱਚੋਂ ਇਸਤਰੀ- ਜਾਤੀ ਲਈ ਇਹ ਵੱਡੇ ਗੌਰਵ ਤੇ ਮਾਣ ਵਾਲੀ ਗੱਲ ਹੈ ਕਿ ਗੁਰੂ ਸਾਹਿਬ, ਸਰੀਰਕ- ਰੂਪ ਵਿਚ ਮਰਦ ਹੁੰਦਿਆ ਵੀ ਹਰੇਕ ਜੂਨੀ ਦੇ ਮਾਦਾ-ਰੂਪ ਨਾਲ ਆਪਣੇ ਆਪੇ ਦੀ ਤਦਰੂਪਤਾ (identification) ਦਾ ਅਹਿਸਾਸ ਕਰਦੇ ਹਨ।ਇਉਂ ਸਿੱਖ ਅਧਿਆਤਮਕ-ਵਿਰਸੇ ਵਿੱਚ ਇਸਤਰੀ-ਗੁਣਵਤਾ ਕੇਂਦਰੀ ਬਿੰਦੂ ਹੈ ਅਰਥਾਤ ਪ੍ਰਭੂ-ਪ੍ਰਾਪਤੀ ਵਾਸਤੇ ਸਰੇਸ਼ਟ ਨਾਰੀ-ਗੁਣਾਂ ਦਾ ਧਾਰਨੀ ਹੋਣਾ ਅਵਸ਼ਕ ਹੈ। ਇਜੇਹੇ ਗੁਣਾਂ ਨਾਲ ਸੰਵਾਰੀ-ਸ਼ਿੰਗਾਰੀ ਜੀਵਾਤਮਾ ਨੂੰ ਗੁਰਬਾਣੀ ਵਿੱਚ ਸੁਚੱਜੀ ਤੇ ਸੋਹਾਗਣ ਆਖਿਆ ਗਿਆ ਹੈ:

**ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ ॥**
**ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ ॥**
**ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ ॥**
**ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ ॥**
**ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ ॥**
**ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ ॥**5॥3॥ (689)

ਪੂਰੀ ਮਨੁੱਖਤਾ ਦੀ ਅਧਿਆਤਮਕ-ਖੇਤਰ ਵਿੱਚ ਅਗਵਾਈ ਕਰਦਿਆਂ ਭਗਤੀ-ਸਾਧਨਾ, ਗਿਆਨ, ਉਪਦੇਸ਼, ਫਲਸਫੇ, ਵਿਚਾਰਾਂ ਤੇ ਭਾਵਨੀਆਂ ਦੇ ਪ੍ਰਗਟਾਉ ਸਮੇਂ ਗੁਰੂ ਸਾਹਿਬਾਨ ਅਕਸਰ ਸੋਹਾਗਣਿ-ਇਸਤਰੀ ਦਾ ਬਿੰਬ (ਮਿਓਗਇ) ਵਰਤਦੇ ਹਨ।ਗੁਰਬਾਣੀ ਵਿੱਚ ਜਿਗਿਆਸੂ ਜੀਵ ਨੂੰ ਸੁਚੱਜੀ-ਪਤਨੀ ਤੇ ਪ੍ਰਭੂ-ਪ੍ਰਮਾਤਮਾ ਵਾਹਿਗੁਰੂ ਨੂੰ ਪਤੀ ਦੇ ਰੂਪ ਵਿੱਚ ਦਰਸਾਇਆ ਗਿਆ ਹੈ: **ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥** (ਅੰਕ 591)

19ਵੀਂ ਸਦੀ ਦੇ ਅੱਧ ਵਿੱਚ New York ਦੇ ਇੱਕ ਪਿੰਡ Seneca Falls ਵਿੱਚ, ਇੱਕ 32 ਸਾਲਾਂ ਦੀ Elizabeth Cady Stanton ny Women Liberation Movement ਸ਼ੁਰੂ ਕੀਤੀ ਸੀ। ਇਸ ਦੀਆਂ ਗਤੀਵਿਧੀਆਂ ਨੇ ਜ਼ੋਰ ਪਕੜਿਆ ਜਦੋਂ UNO Commission on Status of Women ਸਥਾਪਿਤ ਕੀਤਾ।ਅਜੋਕੇ ਸਮੇਂ ਹਰ ਅਗਾਂਹਵਧੂ ਹਕੂਮਤ ਤੇ ਰਾਜਨੀਤਕ ਆਗੂ Women Empowerment ਦੀਆਂ ਯੋਜਨਾਵਾਂ ਨੂੰ ਤਜਵੀਜ਼ ਕਰਦੇ ਵਿਖਾਈ ਦਿੰਦੇ ਹਨ। ਪਰ ਸ਼ਾਇਦ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਅੱਜ ਤੋਂ ਪੰਜ ਸਦੀਆਂ ਪਹਿਲੋਂ ਹਜ਼ਰਤ ਬਾਬਾ ਨਾਨਕ ਨੇ ਸਮੂਹ ਇਸਤਰੀ ਵਰਗ ਦੇ ਸਮਾਜਕ-ਉੱਥਾਨ ਤੇ ਧਾਰਮਿਕ-ਉੱਧਾਰ ਵਾਸਤੇ ਇਕ ਬਲਵਾਨ ਸਿਧਾਂਤਕ-ਵੀਚਾਰਧਾਰਾ ਨੂੰ ਅਧਿਆਤਮਿਕਤਾ ਦਾ ਅੰਗ ਬਣਾਉਂਣ ਦਾ, ਅਮਲੀ ਤੌਰ 'ਤੇ ਸ਼ੁੱਭ ਆਰੰਭ ਕਰ ਦਿੱਤਾ ਸੀ। ਇਸ ਲਹਿਰ ਨੂੰ ਚੜ੍ਹਦੀਆਂ ਕਲਾ ਵਿੱਚ ਪਹੁੰਚਾਉਣ ਦੀ ਜ਼ਿੰਮੇਵਾਰੀ ਸਾਡੇ ਸਾਰਿਆਂ ਅਤੇ ਵਿਸ਼ੇਸ਼ ਰੂਪ ਵਿੱਚ ਗੁਰੂ ਨਾਨਕ ਨਾਮ-ਲੇਵਾ ਸਿੱਖ ਸੰਗਤਾਂ ਨੂੰ ਲੈਣੀ ਬਣਦੀ ਹੈ ਤਾਂ ਜੋ ਸਮੁੱਚਾ ਨਾਰੀ ਸੰਸਾਰ, ਬੁਲੰਦ ਜੈਕਾਰਿਆਂ ਨਾਲ ਗੂੰਜ ਉਠੇ:-

**ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲਿ ਰਾਖੀ ਮੇਰੀ॥**

**5. ਆਧੁਨਿਕ ਵਿਗਿਆਨਕ ਪਹੁੰਚ (Dynamic School of Thought with Scientific Approach):-** ਜਦੋਂ ਸਤਿਗੁਰੂ ਆਪਣੇ ਸਾਥੀ ਭਾਈ ਮਰਦਾਨਾ ਜੀ ਨਾਲ ਸੂਰਜ ਗ੍ਰਹਿਣ ਦੇ ਅਵਸਰ 'ਤੇ ਕੁਰੂਕਸ਼ੇਤਰ ਗਏ, ਤਾਂ ਕੁਦਰਤੀ ਅਦਭੁਤ ਵਰਤਾਰਿਆਂ ਤੋਂ ਅਨਜਾਣਤਾ ਕਾਰਣ ਡਰੇ-ਸਹਿਮੇ ਹੋਏ ਲੋਕਾਂ ਨੂੰ, ਵਹਿਮਾਂ-ਭਰਮਾਂ ਤੋਂ ਮੁਕਤ ਹੋ ਕੇ ਸਿਰਜਣਹਾਰ ਪ੍ਰਭੂ-ਪ੍ਰਮਾਤਮਾ ਦੀ ਭਗਤੀ ਦਾ ਉਪਦੇਸ਼ ਦਿੱਤਾ। ਜਦੋਂ ਜਗਨਨਾਥ ਪੁਰੀ ਪਹੁੰਚੇ ਤਾਂ ਪੂਜਾ-ਆਰਤੀ ਕਰਦੇ, ਭਰਵੇਂ ਇੱਕਠ ਵਿਚ ਸਤਿਗੁਰੂ ਜੀ ਨੇ ਸ਼ਰਧਾਲੂਆਂ ਨੂੰ ਸਮਝਾਇਆ ਕਿ ਇਹ ਮੂਰਤੀਆਂ ਤਾਂ ਮਨੁੱਖ ਦੇ ਆਪਣੇ ਹੱਥਾਂ ਨਾਲ ਬਣਾਈਆਂ ਹੋਈਆਂ ਹਨ। ਇਹ ਜਗਤ ਦਾ ਨਾਥ ਅਰਥਾਤ ਪ੍ਰਭੂ-ਪਰਮੇਸ਼ਰ ਕਿਵੇਂ ਹੋ ਸਕਦੀਆਂ ਹਨ? ਮਾਨਵ-ਸੰਸਾਰ ਦਾ ਸੁਆਮੀ ਇੱਕੋਇਕ ਪਿਤਾ-ਪਰਮਾਤਮਾ ਹੈ ਤੇ ਉਸਦਾ ਸਿਮਰਨ-ਭਜਨ ਕਰਨਾ ਚਾਹੀਦਾ ਹੈ। ਜਦੋਂ ਗੁਰੂ ਜੀ ਹਾਜੀਆਂ ਨਾਲ ਮੱਕੇ ਗਏ, ਤਾਂ ਰਾਤੀਂ ਸੌਣ ਸਮੇਂ ਕਾਅਬੇ ਵੱਲ ਪੈਰ ਕਰ ਕੇ ਲੇਟ ਗਏ। ਜੀਉਣ ਨੇ ਗੁੱਸੇ ਵਿਚ ਆ ਕੇ ਲੱਤ ਕੱਢ ਮਾਰੀ-- ਅਖੇ ਇਹ ਕੌਣ ਕਾਫ਼ਰ ਪਿਆ ਹੈ?... ਖ਼ੁਦਾ ਦੇ ਘਰ ਵੱਲ ਪੈਰ ਕਰਕੇ! ਸਤਿਗੁਰਾਂ ਬੜੇ ਸਹਿਜ ਭਾਵ 'ਚ ਫ਼ੁਰਮਾਇਆ ਕਿ ਮੇਰੇ ਪੈਰ ਉਸ ਪਾਸੇ ਕਰ ਦੇ ਜਿਧਰ ਖ਼ੁਦਾ ਨਹੀਂ ਹੈ। ਸਾਰੇ ਮੋਮਨਾਂ ਦੀ ਮਾਨਸਿਕਤਾ ਜਾਗ੍ਰਿਤ ਹੋ ਉੱਠੀ ਕਿ ਖੁਦਾ ਦਾ ਘਰ (ਜ਼ਹੂਰ) ਤਾਂ ਹਰ ਤਰਫ਼ ਹੈ, ਹੈਰਾਨ ਹੁੰਦਿਆਂ ਹਾਜ਼ਰੀਨ ਨੇ ਆਦਰ ਮਾਣ ਕੀਤਾ।ਇੱਕਠੇ ਹੋਏ ਕਾਜ਼ੀਆਂ- ਮੌਲਾਣਿਆਂ ਨੇ ਜਦੋਂ ਬਾ-ਅਦਬ ਸੁਆਲ ਕੀਤਾ ਕਿ ਤੁਹਾਡੇ ਮੁਜਬ 'ਹਿੰਦੂ ਵਡਾ ਕਿ ਮੁਸਲਮਾਨੋਈ'? ਤਾਂ- **ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ**

**ਬਾਝਹੁ ਦੋਨੋ ਰੋਈ** (1/33 ਭਾ. ਗੁਰਦਾਸ)

ਉਕਤ ਸੰਖੇਪ ਸੰਕੇਤਾਂ ਦੀ ਭਾਵਨਾ ਹੈ ਕਿ ਸਤਿਗੁਰਾਂ ਨੇ ਵਕਤ ਦੇ ਕਿਸੇ ਵੀ ਮਤ-ਮਤਾਂਤਰ ਜਾਂ ਮਜ਼੍ਹਬੋ-ਮਿਲ੍ਹਤ ਦਾ ਵਿਰੋਧ ਨਹੀਂ ਕੀਤਾ ਸਗੋਂ ਉਨ੍ਹਾਂ ਦੇ ਧਰਮ-ਆਗੂਆਂ ਤੇ ਪੈਰੋਕਾਰਾਂ ਵਿਚ ਆ ਚੁੱਕੀਆਂ ਬੁਰਿਆਈਆਂ ਨੂੰ ਦੂਰ ਕਰ ਕੇ, ਅਧਿਆਤਮਵਾਦੀ-ਸਾਂਝ ਨੂੰ ਪ੍ਰਫੁਲਿਤ ਕਰਨ ਵਾਸਤੇ ਮਾਨਵ-ਧਰਮ ਦੀ ਨੀਂਹ ਰੱਖੀ ਹੈ। ਗੁਰੂ ਨਾਨਕ ਆਗਮਨ ਤੋਂ ਪਹਿਲੋਂ ਸੰਸਾਰ ਦੇ ਸਾਰੇ ਹੀ ਧਰਮਾਂ ਦੀ ਮਨੌਤ ਸੀ ਕਿ ਸਾਡੀ ਧਰਤੀ ਕੇਂਦਰੀ ਭੂਮਿਕਾ ਵਿੱਚ ਸਥਿਰ ਹੈ ਤੇ ਬਾਕੀ ਦੇ ਸਾਰੇ ਦ੍ਰਿਸ਼ਟਮਾਨ ਬ੍ਰਹਮੰਡੀ ਸਿਤਾਰੇ ਇਸ ਦੀਆਂ ਪਰਿਕਰਮਾਂ ਕਰ ਰਹੇ ਹਨ। ਜਨ-ਸਧਾਰਣ ਜਨਤਾ ਨੂੰ ਬ੍ਰਹਮਲੋਕ, ਸ਼ਿਵਪੁਰੀ, ਵਿਸ਼ਨੂ ਜੀ ਦੇ ਬੈਕੁੰਠ ਅਤੇ ਸੱਤ ਆਕਾਸ਼ਾਂ ਤੇ ਪਤਾਲਾਂ ਦੇ ਧਾਰਮਿਕ-ਵਿਸ਼ਵਾਸਾਂ ਦੁਆਰਾ ਅਤੇ ਜਾਦੂ-ਟੂਣਿਆਂ, ਥਿਤਾਂ ਵਾਰਾਂ ਤੇ ਮਹੂਰਤਾਂ ਦੀ ਪਵਿਤ੍ਰਤਾ ਜਾਂ ਅਸ਼ੁੱਭ ਘੜੀਆਂ ਵਾਲੇ ਮਕੜ-ਜਾਲ ਰਾਹੀਂ ਆਰਥਿਕ ਤੌਰ 'ਤੇ ਲੁੱਟਿਆ-ਪੁੱਟਿਆ ਜਾ ਰਿਹਾ ਸੀ। ਉਨ੍ਹਾਂ ਨੇ ਰੂੜ੍ਹੀਵਾਦੀ ਪਰੰਪਰਾਵਾਂ ਦਾ ਖੰਡਨ ਕਰਦਿਆਂ ਆਤਮਾ,ਪਰਮਾਤਮਾ, ਪ੍ਰਾਕਿਰਤੀ ਤੇ ਮਨੁੱਖਤਾ ਨੂੰ ਇੱਕੋ ਲੜੀ ਵਿੱਚ ਮੂਰਤੀਮਾਨ ਕਰਦਿਆਂ ਜਿੰਦਗੀ ਵਿਚਲੀ ਪਰਸਪਰ ਏਕਤਾ, ਨੇਮਬੱਧਤਾ, ਤਰਤੀਬ ਬੱਧ ਵਿਕਾਸ ਤੇ ਇਕ-ਦੂਜੇ ਉੱਤੇ ਨਿਰਭਰਤਾ ਦੀ ਸਮਕਾਲਵਰਤੀ (ਸੇਨਚਹਰੋਨਜ਼ਿਇਦ) ਲਗਾਤਾਰਤਾ ਦੇ ਵਿਗਿਆਨ-ਮੁਖੀ ਰਹੱਸਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ। ਜਿੰਨਾਂ ਭੂਗੋਲਿਕ ਤੱਥਾਂ ਨੂੰ ਸਾਇੰਸਦਾਨਾਂ ਨੇ ਪਿਛਲੇ ਦੋ ਕੁ ਸੌ ਵਰ੍ਹਿਆਂ ਦੌਰਾਨ ਲੱਭਿਆ ਹੈ, ਉਨ੍ਹਾਂ ਬਾਰੇ ਗੁਰੂ ਨਾਨਕ ਸਾਹਿਬ ਜੀ ਲਗਭਗ ਪੰਜ ਸੌ ਸਾਲ ਪਹਿਲਾਂ ਦੱਸ ਚੁਕੇ ਹਨ। ਸਤਿਗੁਰਾਂ ਨੇ ਫਰਮਾਇਆ ਹੈ:-

**1. ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ (ਜਪੁ ਜੀ)**

**2. ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ ਵਿਣੁ ਥੰਮਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥** (ਮ: 1, ਅੰਕ 1279)

**3. ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥7॥ ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥** (ਮ:1, ਅੰਕ 64)

ਸੰਸਕ੍ਰਿਤ ਨੂੰ ਦੇਵਤਿਆਂ ਦੀ ਪਵਿਤ੍ਰ ਭਾਸ਼ਾ ਤੇ ਦੂਜੀਆਂ ਸਥਾਨਿਕ ਬੋਲੀਆਂ ਨੂੰ ਅਪਵਿਤ੍ਰ ਜਾਂ ਫੂਹੜ-ਗੰਵਾਰ ਆਖਦਿਆਂ ਤ੍ਰਿਸਕਾਰਿਤ ਕੀਤਾ ਜਾਂਦਾ ਸੀ ਤੇ ਮੁਸਲਮਾਣੀ ਧਰਮ-ਸਾਹਿਤ ਜੋ ਕਿ ਅਰਬੀ-ਫ਼ਾਰਸੀ ਵਿਚ ਸੀ, ਨੂੰ ਮਲੇਛ-ਭਾਸ਼ਾ ਆਖਦਿਆਂ ਨਫ਼ਰਤ ਕੀਤੀ ਜਾਂਦੀ ਸੀ। ਇਉਂ ਸਾਧਾਰਣ ਬੋਲ-ਚਾਲ, ਖਾਣ-ਪੀਣ, ਪਹਿਰਾਵੇ ਦੇ ਰੰਗ-ਢੰਗ ਤੇ ਰੀਤੀ ਰਿਵਾਜ਼ਾਂ ਦੀ ਭਿੰਨਤਾ ਕਾਰਣ ਵੀ ਸਮਾਜਕ-ਵੰਡੀਆਂ ਤੇ ਵਖਰੇਵਿਆਂ ਦੀ ਵਿਖੰਡਿਤ ਵਿਵਸਥਾ, ਮਨੁੱਖ ਨੂੰ ਮਨੁੱਖ ਤੋਂ ਦੂਰ ਰੱਖ ਰਹੀ ਸੀ। ਸਤਿਗੁਰਾਂ ਨੇ ਸਮਾਜਿਕ ਰਹਿਣ-ਸਹਿਣ ਦੀ ਵਿਭਿੰਨਤਾ ਨੂੰ ਕੁਦਰਤੀ-ਸਭਿਆਚਾਰਕ ਵੰਨ-ਸੁਵੰਨਤਾ ਵਾਲੀ ਸੁੰਦਰਤਾ ਦੇ ਤੌਰ 'ਤੇ ਸਵੀਕਾਰਨ ਦਾ ਪ੍ਰੇਮ-ਸੁਨੇਹੜਾ ਦਿੱਤਾ। ਉਹ ਜਿਥੇ-ਜਿਥੇ ਵੀ ਗਏ, ਸਥਾਨਕ ਲੋਕਾਂ ਦੇ ਸੰਪਰਕ ਵਿਚ ਉਨ੍ਹਾਂ ਦੀ ਹੀ ਬੋਲੀ ਅਨੁਸਾਰ ਉਪਦੇਸ਼ ਦਿੱਤਾ। ਗੁਰਬਾਣੀ ਵਿਚ ਪੰਜਾਬੀ ਜ਼ੁਬਾਨ ਤੇ ਮੁਹਾਵਰੇ ਦੀ ਬਹੁਲਤਾ ਦੇ ਬਾਵਜੂਦ, ਦੂਰ-ਦੁਰੇਡੇ ਦੀਆਂ ਸਥਾਨਕ ਬੋਲੀਆਂ ਦੇ ਸ਼ਬਦ ਵੀ ਮੌਜੂਦ ਹੋਣੇ, ਸਾਂਝੇ ਮਨੁੱਖੀ ਸਭਿਆਚਾਰ ਦੀ ਪ੍ਰਫੁਲਤਾ ਵੱਲ ਸਲਾਹੁਣਯੋਗ ਪਹਿਲ ਹੈ। ਉਪਰੋਕਤ ਪ੍ਰਵਿਰਤੀਆਂ, ਗੁਰਤਾਗਦੀ ਉੱਤੇ ਸੁਸ਼ੋਭਿਤ ਉੱਤਰਾਧਿਕਾਰੀ ਗੁਰੂ-ਸਾਹਿਬਾਨ ਦੇ ਨਿੱਜੀ-ਜੀਵਨ, ਉਪਦੇਸ਼-ਜੁਗਤਾਂ ਤੇ ਬਾਣੀ-ਪ੍ਰਵਚਨਾਂ ਵਿਚ ਪ੍ਰਵਾਹਿਤ ਰਹੀਆਂ ਅਤੇ ਗੁਰੂ-ਕੇ-ਸਿੱਖਾਂ ਦੀ ਜੀਵਨ-ਸ਼ੈਲੀ ਵਿਚ ਵੀ ਵੇਖੀਆਂ ਜਾਂਦੀਆਂ ਹਨ। ਇਜੇਹੀਆਂ ਸਾਰੀਆਂ ਵਿਗਿਆਨਕ ਪਹਿਲਕਦਮੀਆਂ ਸਤਿਗੁਰੂ ਨਾਨਕ ਦੇਵ ਜੀ ਦੇ ਹਿੱਸੇ ਹੀ ਆਈਆਂ ਹਨ, ਪਹਿਲੋਂ ਤਾਂ ਧਰਮੀ-ਮਾਨਤਾਵਾਂ ਤੇ ਵਿਗਿਆਨਿਕ ਖੋਜਾਂ ਦਾ ਆਪਸੀ ਟਕਰਾਓ ਹੀ ਬਣਿਆ ਚਲਾ ਆਉਂਦਾ ਸੀ/ਹੈ।

**6. ਰਾਜੇ ਸੀਹ ਮੁਕਦਮੁ ਕੁਤੇ (Unique Revolutionary Perspective) :-** ਗੁਰੂ ਨਾਨਕ ਦੇਵ ਜੀ ਦੀ ਬਾਣੀ ਕੇਵਲ ਆਤਮਾ ਪਰਮਾਤਮਾ ਤੇ ਪਰਮਾਰਥ ਦੇ ਭੇਤਾਂ ਨੂੰ ਹੀ ਨਹੀਂ ਖੋਲ੍ਹਦੀ ਸਗੋਂ ਮਨੁੱਖ ਦੀਆਂ ਬਹੁਪੱਖੀ ਸੰਸਾਰਿਕ ਸਮਸਿਆਵਾਂ, ਮੁਸੀਬਤਾਂ ਤੇ ਭੂਮਿਕ-ਉਲਝਣਾਂ ਦਾ ਹੱਲ ਵੀ ਸੁਝਾਉਂਦੀ ਹੈ। ਗੁਰੂ ਨਾਨਕ ਜੀ ਦੀ ਕਥਨੀ ਤੇ ਕਰਣੀ ਵਿਚ ਦਲੇਰਾਨਾ ਸਮਾਵੇਸ਼ ਹੈ ਜੋ ਬਲਵਾਨ-ਬੋਲਾਂ ਰਾਹੀਂ ਜਨ-ਸਧਾਰਣ ਦੇ ਮਨਾਂ ਉੱਤੇ ਤਿੱਖਾ-ਚੀਰਵਾਂ ਅਸਰ ਕਰਦਾ ਹੈ। ਆਮ ਰਿਆਇਆ ਤਤਕਾਲੀਨ ਸਮਾਜਿਕ ਜ਼ਿੰਦਗੀ ਦੀਆਂ ਮਜ਼ਬੂਰੀਆਂ, ਦਰਿਦ੍ਰਤਾ ਤੇ ਮੰਦਹਾਲੀ ਤੋਂ ਨਿਜਾਤ ਪਾਉਣ ਲਈ ਬੇਵਸ ਤੇ ਬੇ-ਆਸ ਹੋ ਚੁੱਕੀ ਸੀ। ਲੋਕਾਈ ਪਹਿਲੋਂ, ਧਰਮਾਚਾਰੀਆਂ ਸਾਧੂ-ਮਹਾਤਮਾਵਾਂ ਪਾਸੋਂ ਕੇਵਲ ਪੁਰਾਤਨ ਕਥਾ-ਕਹਾਣੀਆਂ ਹੀ ਸੁਣਨ ਦੀ ਆਦੀ ਹੋ ਚੁੱਕੀ ਸੀ ਤੇ ਮੰਨਦੀ ਸੀ ਕਿ ਇਸ ਤਰ੍ਹਾਂ ਉਨ੍ਹਾਂ ਦਾ ਲੋਕ-ਪਰਲੋਕ ਸੁਧਰ ਜਾਵੇਗਾ। ਉਦੋਂ ਪੂਰੇ ਪੰਜਾਬ ਦੇਸ਼ ਵਿਚ ਜੋਗੀਆਂ, ਸਿੱਧਾਂ ਤੇ ਨਾਥ-ਪੰਥੀਆਂ ਦਾ ਬੋਲਬਾਲਾ ਸੀ। ਬਹੁ-ਚਰਚਿਤ ਗੋਰਖ ਅਤੇ ਚਰਪਟ ਆਦਿਕ ਨਾਥ ਪੰਥੀਆਂ ਦਾ ਕਾਰਜਖੇਤਰ ਹਠਯੋਗ ਦੀਆਂ ਕ੍ਰਿਆਵਾਂ ਜਾਂ ਆਚਾਰ-ਸਦਾਚਾਰ ਦੇ ਪਰਚਾਰ ਤੱਕ ਹੀ ਸੀਮਿਤ ਸੀ। ਮੱਧਕਾਲ 'ਚ ਆਰੰਭ ਹੋਈ ਭਗਤੀ ਲਹਿਰ ਦੇ ਲੋਕ-ਪ੍ਰੀਯ ਸੰਤਾਂ-ਭਗਤਾਂ ਦਾ ਪਰਚਾਰ ਖੇਤਰ ਵੀ ਆਮ ਤੌਰ ਤੇ ਪਰਮਾਰਥ ਨਾਲ ਹੀ ਸੰਬਧਿਤ ਰਹਿਆ ਹੈ। ਉਨ੍ਹਾਂ ਨੇ ਸਨਾਤਨ-ਧਰਮ ਦੀ ਵਰਣ-ਵੰਡ ਤੇ ਕਰਮਕਾਡਾਂ ਦਾ ਬਾ-ਖ਼ੂਬੀ ਖੰਡਨ ਕੀਤਾ ਜਿਸ ਕਾਰਣ ਕਈਆਂ ਨੂੰ ਕਈ ਤਰ੍ਹਾਂ ਦੇ ਕਸ਼ਟਾਂ ਵਿੱਚੋਂ ਵੀ ਲੰਘਣਾ ਪਿਆ ਸੀ। ਪਰ ਉਨ੍ਹਾਂ ਦਾ ਪ੍ਰਭਾਵ ਸਥਾਨਕ ਇਲਾਕਿਆਂ ਤੱਕ ਹੀ ਮਹਿਦੂਦ ਰਹਿਆ ਹੈ।

ਭਗਤੀ ਕਾਲ ਨਾਲ ਸੰਬੰਧਤ ਅਨੇਕਾਂ ਮਹਾਂਪੁਰਸ਼ਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੰਕਲਿਤ ਹੈ। ਸ੍ਰੀ ਰਾਮਾਨੰਦ ਜੀ, ਜੈਦੇਵ ਜੀ, ਨਾਮਦੇਵ ਜੀ, ਕਬੀਰ, ਤ੍ਰਿਲੋਚਨ, ਸਦਨਾ, ਸੈਣ ਤੇ ਰਵਿਦਾਸ ਜੀ ਆਦਿਕ ਵਿੱਚੋਂ ਕਬੀਰ ਜੀ ਦੀਆਂ ਰਚਨਾਵਾਂ ਦਾ ਵਿਸ਼ਾ-ਵਸਤੂ, ਦੂਜਿਆਂ ਦੇ ਮੁਕਾਬਲੇ ਵਧੇਰੇ ਪਾਸਾਰ ਵਾਲਾ ਹੈ। ਪਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚਲੇ ਵਿਸ਼ਾ-ਵਸਤੂ ਦੇ ਟਾਕਰੇ ਉੱਤੇ ਯਕੀਨਨ ਪਛੜ ਜਾਂਦਾ ਹੈ। ਉਦਾਹਰਣ ਦੇ ਤੌਰ'ਤੇ ਸਤਿਗੁਰੂ ਨਾਨਕ ਦੀ ਬਾਣੀ ਵਿਚ ਸਮਕਾਲੀ-ਭਾਰਤ ਦੀ ਸਮਾਜਕ ਤੇ ਰਾਜਨੀਤਕ ਸਥਿਤੀ ਬਾਰੇ ਜਿਹੋ ਜੇਹਾ ਸੰਜੀਦਾ ਤੇ ਬਲਵਾਨ ਅਨੁਭਵ ਮਿਲਦਾ ਹੈ, ਉਸ ਦਾ ਕਬੀਰ ਜੀ ਦੇ ਵਾਕਾਂ ਵਿਚ ਲਗਭਗ ਅਭਾਵ ਹੈ। ਇਨ੍ਹਾਂ ਤੱਥਾਂ ਨੂੰ J. D. Cunningham- History of the Sikhs, Gokal Chand Narang – Transformation of Sikhism ਅਤੇ ਪ੍ਰਸਿੱਧ ਵਿਦਵਾਨਾਂ ਸ੍ਰੀ ਤਾਰਾ ਚੰਦ ਤੇ ਜੈ ਰਾਮ ਮਿਸ਼ਰ ਆਦਿਕ ਨੇ ਵੀ ਮੰਨਿਆ ਹੈ ਕਿ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਜਾਨਸ਼ੀਨ ਗੱਦੀਦਾਰਾਂ ਦੀ ਭਾਰਤਵਰਸ਼ ਦੇ ਸਮਾਜਿਕ-ਰਾਜਨੀਤਿਕ ਖੇਤਰਾਂ ਵਿਚ ਦਿੱਤੀ ਵੱਡੀ ਦੇਣ ਨੂੰ ਵਾਚਦਿਆਂ, ਉਨ੍ਹਾਂ ਨੂੰ ਭਗਤੀ-ਕਾਲ ਦੇ ਬਾਕੀ ਸੰਤ-ਭਗਤ ਕਵੀਆਂ (ਰਾਮਾ ਨੰਦ, ਨਾਮਦੇਵ, ਕਬੀਰ ਆਦਿਕ) ਨਾਲੋਂ ਵੱਡੇ ਫਰਕਾਂ ਨਾਲ ਨਿਖੇੜਿਆ ਜਾ ਸਕਦਾ ਹੈ।

ਗੁਰੂ ਨਾਨਕ ਸਾਹਿਬ ਦੇ ਜੀਵਨ-ਕਾਲ 'ਚ ਭਾਰਤ ਵਿਚ ਇਬਰਾਹੀਮ ਲੋਧੀ ਦਾ ਰਾਜ ਸੀ। ਬਾਬਰ ਨੇ ਕਈ ਹਮਲੇ ਕੀਤੇ, ਕਤਲੋਗਾਰਤ ਦੇ ਨਾਲ ਨਾਲ ਇਸਤ੍ਰੀਆਂ ਦੀ ਪੱਤ ਗਲੀਆਂ 'ਚ ਰੁਲਦੀ ਰਹੀ, ਕੋਈ ਨਹੀਂ ਕੁਸਕਿਆ। ਗੁਰੂ ਨਾਨਕ-ਬਾਣੀ ਅੰਦਰ ਕਾਬਲੋਂ ਚੜ੍ਹ ਆਈ ਮੁਗ਼ਲੀਆ ਧਾੜਵੀਆਂ ਦੀ 'ਪਾਪ ਕੀ ਜੰਞ' ਦਾ ਹਵਾਲਾ **'ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥ '** ਵਰਗੇ ਵਿਦਰੋਹੀ-ਕਥਨਾਂ ਰਾਹੀਂ ਉਪਲਭਦ ਹਨ। ਬਾਬਰ ਨੂੰ ਜ਼ਾਬਰ ਐਲਾਨਦਿਆਂ, ਜਿਥੇ ਸਤਿਗੁਰਾਂ ਨੇ ਹਮਲਾਵਰਾਂ ਦੇ ਜ਼ੁਲਮਾਂ ਵਿਰੁੱਧ ਆਵਾਜ਼ ਬੁਲੰਦ ਕੀਤੀ ਹੈ, ਉਥੇ ਹੀ ਹਿੰਦੁਸਤਾਨ ਦੇ ਪਠਾਣੀ-ਹਾਕਮਾਂ ਦੀ ਅੱਯਾਸ਼ੀ ਤੇ ਨਾਲਾਇਕੀ ਉੱਤੇ ਵੀ ਕਰੜੀ ਅਲੋਚਨਾ ਕੀਤੀ ਹੈ। ਗੁਰੂ ਜੀ ਨੇ, ਗੁਲਾਮ ਬਣੇ ਹਿੰਦੁਸਤਾਨੀ-ਨਾਗਰਿਕਾਂ ਦੇ ਬੇ-ਅਣਖੇ ਤੇ ਸਾਹ-ਸਤਹੀਣ ਹੋਏ ਮੁਰਦਿਆਂ ਵਾਂਗ, ਸਰਕਾਰੀ-ਟੈਕਸ ਭਰੀ ਜਾਣ ਤੇ ਸਿਰ ਨਿਵਾਈ ਜਾਣ ਵਾਲੇ ਕਿਰਦਾਰ ਨੂੰ ਵੀ ਬੇਬਾਕੀ ਨਾਲ ਭੰਡਿਆ ਹੈ: **ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥** (469) ਗੁਰੂ ਨਾਨਕ ਨੇ ਹਿੰਦੁਸਤਾਨੀਆਂ ਉੱਤੇ ਬਾਬਰ

ਦੀ ਜਿੱਤ ਅਤੇ ਦੇਸੀ-ਹੁਕਮਰਾਨਾ ਦੀ ਹਾਰ ਦੇ ਕਾਰਣਾਂ ਨੂੰ ਵੀ ਵਿਵੇਕਪੂਰਣ ਦ੍ਰਿਸ਼ਟੀ ਨਾਲ ਪੜਚੋਲਿਆ ਤੇ ਨਸੀਹਤ ਦਿੱਤੀ ਹੈ: **ਅਗੋ ਦੇ ਜੇ ਚੇਤੀਐ ਤਾ ਕਾਇਤ ਮਿਲੈ ਸਜਾਇ॥** (417)

ਗੁਰੂ ਨਾਨਕ ਦੇਵ ਜੀ ਵੱਲੋਂ ਉਚਾਰੀ ਗਈ ਬਾਣੀ ਅੰਦਰ ਜੀਵਨ-ਮੂਲਕ ਧਰਮ ਦਰਸ਼ਨ, ਸਮਾਜਿਕ ਤੇ ਰਾਜਨੀਤਿਕ-ਚੇਤਨਤਾ ਦੇ ਜਿਸ ਤਰ੍ਹਾਂ ਉਘੜਵੇਂ-ਉਸਾਰੂ ਸੁਨੇਹੜੇ ਗੁਰਬਾਣੀ ਵਿਚ ਪ੍ਰਾਪਤ ਹਨ, ਉਜੇਹੇ ਵਿਚਾਰਾਂ ਦਾ ਪੇਤਲਾ ਜੇਹਾ ਪ੍ਰਗਟਾਉ ਵੀ, ਉਨ੍ਹਾਂ ਤੋਂ ਪਹਿਲੋਂ ਦੇ ਅਤੇ ਨਾਂਹ ਹੀ ਉਨ੍ਹਾਂ ਤੋਂ ਸੈਂਕੜੇ ਸਾਲ ਪਿੱਛੋਂ ਦੇ ਚਿੰਤਕਾਂ, ਵਿਦਵਾਨਾਂ ਜਾਂ ਕਵੀਆਂ ਦੀਆਂ ਰਚਨਾਵਾਂ ਵਿੱਚ ਵਿਖਾਈ ਦਿੰਦਾ ਹੈ। ਗੁਰੂ ਨਾਨਕ ਸਾਹਿਬ ਦਾ ਨਜ਼ਰੀਆ, ਖਿਆਲ, ਅਲਫਾਜ਼ ਤੇ ਮੁਹਾਵਰੇਦਾਰ-ਬੋਲਾਂ ਦਾ ਠਾਠ, ਪੰਜਾਬੀ ਲੋਕਾਂ ਦੇ ਸੁਭਾਅ ਵਾਂਗੂ ਐਨ ਨਿਖੱਰਵਾਂ, ਬਣਾਉਟੀ ਸ਼ਲੀਨਤਾ ਤੋਂ ਮੁਕਤ, ਅਣਛਿੱਲਿਆ ਤੇ ਅਣਤ੍ਰਾਸ਼ਿਆ ਖੂੰਡਾ, ਜਾਂ ਕਹੀਏ ਕਿ ਜੰਗਲੀ ਸ਼ੇਰਾਂ ਦਾ ਬੁਕਣਾ ਹੈ:

**1. ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨ੍ਹਿ ਬੈਠੇ ਸੁਤੇ ॥**

(ਮਲਾਰ ਮ: 1, 1288)

**2. ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ॥**

(ਤਿਲੰਗ ਮ: 1-723)

**3. ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥ ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥1॥ ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥ ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥1॥ ਕਲ ਮਹਿ ਰਾਮ ਨਾਮੁ ਸਾਰੁ ॥ ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥1॥ ਰਹਾਉ ॥ ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥ ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥2॥ ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥ ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥3॥** (ਧਨਾਸਰੀ ਮ: 1, 662)

ਇਹੋ ਜਿਹੇ ਮਰਦਾਵੇਂ-ਬੋਲਾਂ ਦਾ ਤਾਲ, ਪੰਜਾਬੋਂ-ਬਾਹਰਲੇ ਸੰਤਾਂ-ਭਗਤਾਂ, ਸੁਧਾਰਵਾਦੀਆਂ ਜਾਂ ਲੋਕ-ਕਵੀਆਂ ਦੀਆਂ ਰਚਨਾਵਾਂ ਵਿਚ ਵੇਖਣ-ਸੁਣਨ ਨੂੰ ਨਹੀਂ ਮਿਲਦਾ। ਨਾਨਕ-ਬਾਣੀ ਦਾ ਵਾਕ ਛੋਟਾ ਹੈ ਜਾਂ ਵੱਡਾ, ਪਰ ਵਿਚਲੀ ਗੱਲ ਮੁੰਕਮਲ ਹੈ, ਤੇ ਗਲ ਤਾਂ ਸਾਰੀ ਵਿਚਲੀ-ਗਲ ਦੀ ਹੀ ਹੁੰਦੀ ਹੈ। ਜਿਵੇਂ ਕਿ :

**1. ਮੂਰਖ ਗੰਢੁ ਪਵੈ ਮੁਹਿ ਮਾਰ॥ (ਮਾਝ ਵਾਰ ਮ: 1, ਅੰਕ 143)**

**2. ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥1॥ (467)**

**3. ਮੂਰਖ ਪੰਡਤਿ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ**

**(ਮ:1, ਅੰਕ 469)**

**4. ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ॥**

**(ਮਲਾਰ ਵਾਰ ਮ:1, ਅੰਕ 1288)**

**ਉਪਰੋਕਤ ਥੋੜ੍ਹੇ ਜਿਹੇ ਨਿਵੇਕਲੇ ਨੁਕਤਿਆਂ ਉੱਤੇ ਨਜ਼ਰਸਾਨੀ ਦੁਆਰਾ ਹੀ, ਨਾਨਕ ਨਾਮਲੇਵਾ ਸੰਗਤਾਂ ਆਪਣੇ ਗੁਰੂ ਬਾਬਾ ਜੀ ਦਾ 550ਵਾਂ ਜਨਮ-ਦਿਹਾੜਾ ਮਨਾਉਂਦਿਆਂ, ਉਨ੍ਹਾਂ ਵੱਲੋਂ ਦਰਸਾਏ ਧਰਮ-ਦਰਸ਼ਨ ਦੇ ਅਕੀਦਿਆਂ ਤੇ ਅਸੂਲਾਂ ਦੀ ਬੇਹਤਰੀਨ ਆਨ-ਸ਼ਾਨ ਬਾਰੇ ਬਾਖ਼ੂਬੀ ਮਾਣ ਕਰ ਸਕਦੀਆਂ ਹਨ। ਪਰ ਕੀ ਕੇਵਲ ਸਿਧਾਂਤਾਂ ਦੀ ਸ੍ਰੇਸ਼ਟਤਾ ਨਾਲ ਜੁੜੀ ਗੌਰਵਸ਼ੀਲਤਾ ਹੀ ਕਾਫ਼ੀ ਹੈ? ਨਹੀਂ-ਨਹੀਂ, ਉੱਕਤ ਅਸੂਲਾਂ ਨੂੰ ਆਪਣੇ ਜਿੰਦਗੀ-ਅਮਲਾਂ ਵਿੱਚ ਸਾਕਾਰ ਕਰਣਾ ਸਾਡਾ ਮੁੱਖ ਧਰਮ-ਕਰਮ ਬਣੇ, ਤਦੋਂ ਹੀ ਅਸੀਂ ਸਤਿਗੁਰੂ ਨਾਨਕ ਦੇ ਸਚਿਆਰ ਸਿੱਖ ਅਖਵਾਉਣ ਦੇ ਹੱਕਦਾਰ ਹੋਵਾਗੇ।**

**ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥**
**ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥**

**(749-750)**

-0-

**ਸੰਪਾਦਕੀ : ਸਫਾ 7 ਦਾ ਬਾਕੀ**

ਖੁੱਡਿਆਂ ਵਰਗੇ ਘਰਾਂ ਵਿਚ ਰਹਿ ਰਹੇ ਸਿੱਖ ਪ੍ਰਵਾਰ ਗੁਜ਼ਾਰੇ ਲਈ ਆਟੋ ਰਿਕਸ਼ਾ, ਸਬਜ਼ੀ ਆਦਿ ਦਾ ਕੰਮ ਕਰਦੇ ਹਨ। ਭੈਣ ਨਿਰਮਲ ਕੌਰ ਦੀ ਜ਼ਬਾਨੀ ਜੋ ਸਟੋਰੀ ਚਰਜੀਤ ਸਿੰਘ ਸੁਰਖ਼ਾਬ ਨੇ ਸਪੋਕਸਮੈਨ ਵਿਚ 3 ਨਵੰਬਰ 2022 ਨੂੰ ਛਾਪੀ ਸੀ।

ਨਿਰਮਲ ਕੌਰ ਨੇ ਦੱਸਿਆ ਕਿ ਮੇਰੇ ਪਿਤਾ ਨੂੰ ਵੱਢਿਆ ਟੁਕਿਆ ਗਿਆ ਫਿਰ ਚਿੱਟੇ ਰੰਗ ਦਾ ਪਉਡਰ ਪਾ ਕੇ ਸਾੜ ਦਿੱਤਾ ਗਿਆ। ਨਿਰਮਲ ਕੌਰ ਨੇ ਦੱਸਿਆ ਕਿ ਮੇਰੇ ਪਿਤਾ ਜੀ ਨੂੰ ਮੇਰੇ ਸਾਹਮਣੇ ਘਿਨਾਉਣੀ ਮੌਤ ਦੇ ਘਾਟ ਉਤਾਰਿਆ ਗਿਆ।

ਆਪਣੀਆਂ ਅੱਖਾਂ ਨਾਲ ਮਾਮੇ ਨੂੰ ਸੜਿਆ ਦੇਖਿਆ ਤਾਂ ਮੇਰੀ ਚੀਕ ਵੀ ਨਹੀਂ ਨਿਕਲ ਰਹੀ ਸੀ। ਚਾਚੇ ਨੂੰ ਰਾਡਾ ਨਾਲ ਕੁਟਿਆ ਗਿਆ ਫਿਰ ਚਿੱਟਾ ਪਾਊਡਰ ਪਾ ਕੇ ਸਾੜ ਦਿੱਤਾ ਗਿਆ।

ਅਸੀਂ 31 ਅਕਤੂਬਰ ਦੀ ਇਕੱਠੀ ਰੋਟੀ ਖਾਧੀ ਸੀ। ਮੁੜ ਇਕੱਠੇ ਨਹੀਂ ਹੋਏ ਮੇਰੇ ਪਰਿਵਾਰ ਦੇ 12 ਜੀ ਮਾਰੇ ਗਏ ਸਨ

ਕੈਂਪ ਵਿਚ ਰਹਿੰਦਿਆਂ ਇਕੋ ਸੂਟ ਹੀ ਚਾਰ ਮਹੀਨੇ ਪਹਿਨਿਆਂ। ਦਿੱਲ ਨੂੰ ਚੀਰਨ ਵਾਲੀ ਅਵਾਜ਼ ਵਿੱਚ ਦੱਸਿਆ ਕਿ ਮੇਰੀ ਮਾਮੀ ਨੇ ਆਪਣੇ ਛੋਟੇ ਬੱਚੇ ਨੂੰ ਪਾਣੀ ਦੀ ਥਾਂ 'ਤੇ ਪਿਸ਼ਾਬ ਪਿਲਾਇਆ ਕਿਉਂਕਿ ਪਾਣੀ ਬੰਦ ਸੀ।

ਤ੍ਰਿਲੋਕਪੁਰੀ 32 ਬਲਾਕਪੁਰੀ ਪੱਪੀ ਕੌਰ 10 ਜੀਅ, ਪਿਤਾ, ਤਾਇਆ, ਚਾਚਾ, ਵੱਡਾ ਭਰਾ, ਮਾਮਾ, ਮਾਸੜ,ਜੀਜਾ, ਫੁੱਫੜ ਦੇ ਗਲ਼ਾਂ ਵਿਚ ਟਾਇਰ ਪਾ ਕੇ ਜਿਉਂਦੇ ਸਾੜੇ ਗਏ।

ਪੱਪੀ ਕੌਰ ਨੇ ਦੱਸਿਆ ਕਿ ਭੀੜ ਵਿਚੋਂ ਅਵਾਜ਼ਾਂ ਆ ਰਹੀਆਂ ਸਨ ਕਿ "ਸਰਦਾਰੋਂ ਕਾ ਏਕ ਭੀ ਬੱਚਾ ਬਚਣਾ ਨਹੀਂ ਚਾਹੀਏ, ਯੇਹ ਸਭ ਸਪੋਲੇ ਹਨ ਹਮੀਂ ਕੋ ਡਸੇਗੇਂ, ਇਨ ਕੋ ਮਾਰੋ। ਦਸ ਦਸ ਬੰਦਿਆਂ ਨੇ ਕੁੜੀਆਂ ਨਾਲ ਦੁਸ਼ਕਰਮ ਕੀਤੇ ਰੌਂਗਟੇ ਖੜੇ ਹੁੰਦੇ ਹਨ।

ਬੜਾ ਵੱਡਾ ਦੁੱਖ ਹੈ ਅਕਾਲੀ ਸਰਕਾਰਾਂ ਬਣੀਆਂ, ਕਹਿਣ ਨੂੰ ਅਕਾਲੀ ਦਲ ਪੰਥ ਦਾ ਰਖਵਾਲਾ, ਸ਼੍ਰੋਮਣੀ ਕਮੇਟੀ ਅਮ੍ਰਿੰਤਸਰ, ਦਿੱਲੀ ਪ੍ਰਬੰਧ ਕਮੇਟੀ, ਦੇਸ਼ ਦੇ ਕਾਬਲ ਲੋਕ ਸਿੱਖ ਕਤਲੇਆਮ ਦੇ ਸਬੂਤ ਹੀ ਨਹੀਂ ਜੁਟਾ ਪਾ ਸਕੇ। ਗਵਾਹ ਗਵਾਹੀਆਂ ਹੀ ਨਹੀਂ ਦੇਣ ਗਏ।

ਕਿਹਾ ਜਾ ਸਕਦਾ ਹੈ ਜਾ ਸਕਦਾ ਹੈ ਕਿ ਅਜ਼ਾਦ ਭਾਰਤ ਵਿਚੋਂ ਨੈਤਿਕਤਾ, ਸਮਾਜਿਕ ਸਰੋਕਾਰ ਅਤੇ ਇਨਸਾਨੀਅਤ ਵਰਗੀਆਂ ਵਰਗੀਆਂ ਕਦਰਾਂ ਕੀਮਤਾਂ ਜ਼ਮੀਨ ਵਿਚ ਦਫਨ ਹੋ ਗਈਆਂ ਹਨ।

6 ਜੂਨ 1985 ਨੂੰ ਇੰਦਰਾ ਕਤਲ ਦੀ ਸੁਣਾਵਈ ਹੋਈ ਤੇ 28 ਜਨਵਰੀ 1986 ਨੂੰ ਇਸ ਕੇਸ ਦਾ ਫੈਸਲਾ ਸੁਣਾਇਆ ਗਿਆ। ਸੈਸ਼ਨ ਜੱਜ ਮਹੇਸ਼ ਚੰਦਰ ਨੇ ਸਤਵੰਤ ਸਿੰਘ, ਬਲਬੀਰ ਸਿੰਘ ਤੇ ਕੇਹਰ ਸਿੰਘ ਨੂੰ ਸਜ਼ਾ-ਇ-ਮੌਤ ਸੁਣਾਈ।

ਆਖੀਰ 6 ਜਨਵਰੀ 1989 ਦੇ ਦਿਨ ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ।

ਸ੍ਰ. ਕੇਹਰ ਸਿੰਘ ਦੀ ਸਜਾ ਬਾਰੇ ਦੁਨੀਆਂ ਭਰ ਦੇ ਕਾਨੂੰਨ ਦਾਨਾਂ ਨੂੰ ਸਦਮਾ ਲੱਗਾ ਕਿ ਉਸ ਨੂੰ ਬੇ-ਗੁਨਾਹ ਹੋਣ ਦੇ ਬਾਵਜੂਦ ਵੀ ਫਾਂਸੀ ਦਿੱਤੀ ਗਈ। ਇਹ ਦੁਨੀਆਂ ਭਰ ਦੀ ਤਾਰੀਖ਼ ਦਾ ਸਭ ਤੋਂ ਵਧੇਰੇ ਬੇਇਨਸਾਫ਼ੀ ਵਾਲਾ ਫੈਸਲਾ ਸੀ।

ਹਾਂ ਦੂਜਿਆਂ 'ਤੇ ਦੁੱਖ ਜ਼ਰੂਰ ਹੁੰਦਾ ਹੈ ਪਰ ਆਪਣਿਆਂ ਵੀ ਕਿਸੇ ਢੰਗ ਤਰੀਕੇ ਨਾਲ ਕੋਈ ਪੁਖਤਾ ਕੰਮ ਨਹੀਂ ਕੀਤਾ। ਇਕਾ ਦੁੱਕਾ ਵਕੀਲ ਛੱਡ ਦਿਓ ਬਾਕੀ ਸਾਰੇ ਇਸ ਹਮਾਮ ਵਿਚ ਨੰਗੇ ਹਨ—

ਜ਼ਮਾਨਾ ਕਾਂਪ ਉਠੇਗਾ, ਯਿਹ ਖ਼ੂਨੀ ਮਾਜਰਾ ਸੁਨ ਕਰ,
ਕਿ ਮੇਰੇ ਸਾਹਮਨੇ ਫੂੰਕਾ ਗਿਆ ਹੈ ਆਸ਼ੀਆ ਮੇਰਾ।

-0-

# ਸਿੰਘ ਸਭਾ ਲਹਿਰ

ਗਿ: ਕੇਵਲ ਸਿੰਘ (ਸਾਬਕਾ ਜਥੇਦਾਰ)
ਤਖ਼ਤ ਸ੍ਰੀ ਦਮਦਮਾ ਸਾਹਿਬ # 95920-93472

**ਸਿੰਘ ਸਭਾ ਲਹਿਰ ਦੀ ਮੁੜ ਉਸਾਰੀ ਕਿਉਂ ਜ਼ਰੂਰੀ ?**

ਪੰਥਕ ਤਾਲਮੇਲ ਸੰਗਠਨ ਪਿਛਲੇ ਕਈ ਵਰਿਆਂ ਤੋਂ ਸਿੰਘ ਸਭਾ ਲਹਿਰ ਦਾ ਸਥਾਪਨਾ ਦਿਹਾੜਾ ਹਰ ਸਾਲ ਇਕ ਅਕਤੂਬਰ ਨੂੰ ਮਨਾਉਣ ਦਾ ਯਤਨ ਕਰਦਾ ਆ ਰਿਹਾ ਹੈ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ, ਪੰਥਕ ਤਾਲਮੇਲ ਸੰਗਠਨ ਦਾ ਬਹੁਤ ਮਹੱਤਵਪੂਰਨ ਹਿੱਸਾ ਹੈ। ਇਸ ਵਿਚ ਹੋਰ ਵੀ ਬਹੁਤ ਸਾਰੀਆਂ ਉਹ ਸਿੱਖ ਸੰਸਥਾਵਾਂ ਹਨ ਜੋ ਧੰਨ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨ ਬਚਨ ਕਰਮ ਕਰਕੇ ਤਨ ਮਨ ਧਨ ਕਰਕੇ ਪੂਰੀ ਤਰ੍ਹਾਂ ਨ ਕੇਵਲ ਸਮਰਪਿਤ ਹਨ ਬਲਕਿ ਆਪਣੇ ਸਤਿਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸਦ ਸਦਾ ਵਾਰਨੇ ਬਲਿਹਾਰਨੇ ਜਾਂਦੀਆਂ ਹਨ। ਇਨ੍ਹਾਂ ਲਈ ਖਾਲਸਾ ਪੰਥ ਵੱਲੋਂ ਤਿਆਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਪੰਥਕ ਹੁਕਮ ਹੈ ਤੇ ਇਹ ਸਭ ਇਨ ਬਿਨ ਅਮਲ ਲਈ ਯਤਨਸ਼ੀਲ ਹਨ।

ਪਿਛਲੇ ਸਾਲ ਸਿੰਘ ਸਭਾ ਲਹਿਰ ਦਾ ੧੫੦ ਸਾਲਾ ਵਰ੍ਹਾ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਤੇ ਪੰਥਕ ਤਾਲਮੇਲ ਸੰਗਠਨ ਨੇ ਹੋਰ ਪੰਥਕ ਸੰਸਥਾਵਾਂ ਦੇ ਸਹਿਯੋਗ ਨਾਲ ਪੂਰਨ ਉਤਸ਼ਾਹ ਨਾਲ ਮਨਾਇਆ ਹੈ। ਭਾਰਤ ਤੇ ਪੂਰੇ ਪੰਜਾਬ ਅੰਦਰ ਪਹੁੰਚ ਬਣਾ ਕੇ ਸਿੰਘ ਸਭਾਵਾਂ, ਹੋਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਿੱਖ ਵਿਦਿਅਕ ਅਦਾਰਿਆਂ ਤੱਕ ਪਹੁੰਚ ਬਣਾਈ ਗਈ। ਬਹੁਤ ਮਹੱਤਵਪੂਰਨ ਨਿਰਣੇ ਲਏ ਗਏ। ਸਿੰਘ ਸਭਾਵਾਂ ਦਾ ਮੁੜ ਤਾਲਮੇਲ ਕਰਨਾ ਜ਼ਰੂਰੀ ਮਹਿਸੂਸ ਕੀਤਾ ਗਿਆ। ਸਿੱਖ ਵਿਦਿਅਕ ਲਹਿਰ ਦੇ ਮੁੜ ਜਾਹੋਜਲਾਲ ਦੀ ਭਾਰੀ ਲੋੜ ਮਹਿਸੂਸ ਕਰਕੇ ਸਿੱਖ ਵਿਦਿਅਕ ਬੋਰਡ ਦੀ ਸਥਾਪਨਾ ਦਾ ਨਿਰਣਾ ਲਿਆ ਗਿਆ ਹੈ। ਅਮਲ ਸ਼ੁਰੂ ਕਰ ਦਿੱਤਾ ਹੈ।

ਜਦੋਂ ਸਿੱਖ ਕੌਮ ਦਾ ਅੰਦਰੂਨੀ ਪੱਖ ਅੱਜ ਸਿੱਖਾਂ ਦੇ ਨਿੱਜੀ ਵਰਤਾਰਿਆਂ ਤੇ ਗੁਰਦੁਆਰਾ ਪ੍ਰਬੰਧ ਦਾ ਮਾਹੌਲ ਵੇਖ ਕੇ ਮਨ ਉਦਾਸ ਹੋ ਰਿਹਾ। ਨਿਰਮਲ ਨਿਆਰਾ ਗੁਰੂ ਕਾ ਖਾਲਸਾ ਪੰਥ ਆਪਣੇ ਨਿਆਰੇਪਨ ਨੂੰ ਛੱਡ ਕੇ ਅਨਮੱਤੀ ਮਨਮਤੀ ਪ੍ਰਭਾਵ ਵੱਲ ਬੜੀ ਤੇਜ਼ੀ ਨਾਲ ਮੋੜ ਕਟੀ ਜਾ ਰਿਹਾ ਹੈ। ਸ਼ਰਧਾ ਗੁਰਮਤਿ ਗੁਰਬਾਣੀ ਸਿਧਾਤਾਂ ' ਤੇ ਭਾਰੂ ਹੋ ਰਹੀ ਹੈ। ਕਰਮਕਾਂਡ ਅੰਧਵਿਸ਼ਵਾਸ ਦੀ ਹਨ੍ਹੇਰੀ ਝੁੱਲ ਰਹੀ ਹੋਵੇ। ਗੁਰਮਤਿ ਸਿਧਾਂਤਾਂ ਦੀ ਪਹਿਰੇਦਾਰੀ ਵਾਲੀਆਂ ਸੰਸਥਾਵਾਂ ਤੇ ਪ੍ਰਚਾਰਕ ਕਹਾਉਣ ਵਾਲੇ ਖਾਮੋਸ਼ ਦਿਖਾਈ ਦੇਣ ਲੱਗੇ ਹਨ।

ਦਾਸ ਕਿਉਂਕਿ ਵਧੇਰੇ ਕਰਕੇ ਯਾਤਰਾ ਭਰਮਣ ਵਿਚ ਰਹਿੰਦਾ ਹੈ ਤੇ ਗੁਰਦੁਆਰਾ ਪ੍ਰਬੰਧ ਦਾ ਅੰਦਰੂਨੀ ਰੂਪ ਤੇ ਸਿੱਖ ਕਹਾਉਣ ਵਾਲਿਆਂ ਦਾ ਮਨਮਤ ਵੱਲ ਝੁਕਾਅ ਤੇ ਅਮਲ ਆਏ ਦਿਨ ਪਿੰਡਾਂ ਸ਼ਹਿਰਾਂ ਵਿਚ ਵੇਖਦਾਂ ਹਾਂ। ਜੋ ਦਿਖਾਈ ਦੇ ਰਿਹਾ ਇਹ ਕਿਸੇ ਵੱਡੇ ਭਵਿੱਖੀ ਖਤਰੇ ਦਾ ਇਕ ਕਿਸਮ ਦਾ ਅਲਾਰਮ ਹੈ। ਸਾਡੀਆਂ ਬਹੁਤ ਸਾਰੀਆਂ ਸੰਸਥਾਵਾਂ ਪ੍ਰਚਾਰ ਦਾ ਜੋ ਰੂਪ ਜਾਂ ਢੰਗ ਅਪਣਾ ਰਹੀਆਂ ਹਨ ਇਸ ਵਿਚ ਸਿੱਖ ਮਰਯਾਦਾ ਦੇ ਪ੍ਰਚਾਰ ਪ੍ਰਸਾਰ ਦੀ ਡਾਢੀ ਘਾਟ ਹੈ। ਰਾਗੀ ਢਾਡੀ, ਕਥਾਵਾਚਕ, ਕਵੀ ਕਵੀਸ਼ਰ ਬਹੁਤਾਤ ਰੋਜ਼ੀ ਰੋਟੀ ਦੇ ਦ੍ਰਿਸ਼ਟੀਕੋਣ ਤੋਂ ਹੀ ਵਿਚਰ ਰਿਹਾ ਹੈ। ਉਹ ਪ੍ਰਬੰਧਕ ਤੇ ਹੋਰਾਂ ਦਾ ਸਖਤੀ ਪ੍ਰਭਾਵ ਸਵੀਕਾਰ ਕਰਦੇ ਹਨ। ਗੁਰਮਤਿ ਦ੍ਰਿੜ ਕਰਾਉਣੀ ਆਪਣੇ ਜ਼ਿੰਮੇ ਨਹੀਂ ਲੈਂਦੇ।

ਵਰਤਮਾਨ ਸਮੇਂ ਸਿੱਖ ਗੁਰਦੁਆਰਿਆਂ ਵਿਚ ਜਦੋਂ ਵੀ ਜਾਣ ਦਾ ਸੁਭਾਗ ਮਿਲਦਾ ਹੈ ਤਾਂ ਉਥੇ ਅਨਮਤੀ ਮਨਮਤੀ ਕਿਰਿਆਵਾਂ ਵੇਖਣ ਲਈ ਮਿਲਦੀਆਂ ਹਨ। ਇਹ ਸਿੱਖ ਇਤਿਹਾਸਕ ਅਸਥਾਨਾਂ 'ਤੇ ਵੀ ਹੈ। ਮਸਾਲ ਦੇ ਤੌਰ ਤੇ ਜੋਤ ਜਗਾਉਣਾ ਮਨਮੱਤ ਹੈ ਹਾਲਾਤ ਇਹ ਹੋ ਗਏ ਹਨ ਵੇਖਦਿਆਂ ਹੀ ਵੇਖਦਿਆਂ ਸ਼ਾਇਦ ਹੀ ਕੋਈ ਅਸਥਾਨ ਇਸ ਤੋਂ ਬਗੈਰ ਹੋਵੇ। ਜਦੋਂ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਪੜ੍ਹੀਏ ਉਥੋ ਜੋਤ ਜਗਾਉਣੀ ਮਨਮੱਤ ਕਰਮ ਲਿਖਿਆ ਹੈ। ਹੁਣ ਤੇ ਤਸਵੀਰਾਂ ਨੂੰ ਮੱਥੇ ਟੇਕਣ ਦਾ ਰੁਝਾਨ ਆਏ ਦਿਨ ਵਧੀ ਤੁਰੀ ਜਾ ਰਿਹਾ ਹੈ। ਸ਼ਬਦ ਗੁਰੂ ਦੀ ਅਗਵਾਈ ਵਿਚ ਤੁਰਨ ਵਾਲਿਆਂ ਵਿਚ ਇਹ ਰੁਝਾਨ ਤਾਂ ਗੁਰਬਾਣੀ ਗੁਰੂ ਦੀ ਤੌਹੀਨ ਹੈ।ਦੋਸ਼ ਕਿਸ ਨੂੰ ਦਿੱਤਾ ਜਾਵੇ? ਦਾਵਾ ਅਸੀਂ ਨਿਰਮਲ ਨਿਆਰੀ ਕੌਮ ਦਾ ਕਰਦੇ ਹਾਂ! ਨਿਰਸੰਦੇਹ ਕਰਨਾ ਵੀ ਬਣਦਾ ਹੈ ਮਗਰ ਅਸੀਂ ਨਿਰਮਲ ਨਿਆਰੇ ਹੈ ਕਿਉਂ ਨਹੀਂ? ਉੱਤਰ ਕਿਥੋਂ ਲੱਭਿਆ ਜਾਵੇ ਜਾਂ ਮੰਗਿਆ ਜਾਵੇ। ਹੋਰ ਤਾਂ ਹੋਰ ਅੱਖਾਂ ਦੇ ਸਾਹਮਣੇ ਕੌਮ ਦੇ ਅਨਿਨ ਗੁਰਸਿੱਖ ਸ਼ਹੀਦ ਬਾਬਾ ਦੀਪ ਸਿੰਘ ਜੀ ਨੂੰ ਗੁਰੂ ਤੁੱਲ ਪੂਜ ਬਣਾ ਲਿਆ ਗਿਆ ਹੈ। ਸਿੰਘ ਸਭਾਵਾਂ ਵਿਚ ਵੀ ਉਨ੍ਹਾਂ ਦੀ ਤਸਵੀਰ ਲਈ ਵਿਸ਼ੇਸ਼ ਟਿਕਾਣਾ ਬਣਾ ਕੇ ਅੱਗੇ ਘਿਓ ਦਾ ਦੀਵਾ ਜਗਾਇਆ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਂਗ ਮੱਥੇ ਟਿਕ ਰਹੇ ਹਨ। ਵੱਡੇ ਪਰਚਾਰ ਦੀ ਗੱਲ ਕਰਨ ਵਾਲੇ ਇਸ ਘੋਰ ਮਨਮੱਤ ਨੂੰ ਸ਼ਰੇਆਮ ਪ੍ਰਚਾਰ ਪ੍ਰਸਾਰ ਰਹੇ ਹਨ। ਕਿਸੇ ਪਾਸੇ ਤੋਂ ਕੋਈ ਰੋਕਣ ਟੋਕਣ ਵਾਲਾ ਸਾਹਮਣੇ ਨਹੀਂ ਆ ਰਿਹਾ।

ਕੀ ਮੰਨੀਏ! ਕਿ ਹੁਣ ਕੌਮ ਨੇ ਮਨਮੱਤ ਨੂੰ ਗੁਰਮਤਿ ਹੋਣ ਦਾ ਰੁਤਬਾ ਦੇ ਦਿੱਤਾ ਹੈ ? ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੇ ਪਿਛਲੇ ਪਾਸੇ ਸ਼ਹੀਦ ਭਾਈ ਗੁਰਬਖ਼ਸ਼ ਸਿੰਘ ਜੀ ਦਾ ਅਸਥਾਨ ਹੈ ਓੱਥੇ ਜੋਤ ਕੁਝ ਸਮਾਂ ਪਹਿਲਾਂ ਤੱਕ ਨਹੀਂ ਸੀ ਜਗਦੀ ਅੱਜ ਬੁਝਦੀ ਨਹੀਂ। ਕਿਸ ਨੂੰ ਕਹੀਏ ਰਾਣੀਏ ਅੱਗਾ ਢੱਕ! ਦੋਸ਼ੀ ਪਰਬੰਧ ਹੈ ਗ੍ਰੰਥੀ ਸਿੰਘ, ਜੱਥੇਦਾਰ ਜਾਂ ਕੌਣ?

ਸ੍ਰੀ ਅੰਮ੍ਰਿਤਸਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਅਸਥਾਨ ਚਾਟੀਵਿੰਡ ਦਰਵਾਜ਼ੇ ਤੋਂ ਜੋਤ ਨੂੰ ਮੱਥਾ ਟੇਕਣ ਲਈ ਮਰਯਾਦਾ ਹੈ ਕਤਾਰ ਬਣਾ ਕੇ ਮੱਥਾ ਟੇਕਣ ਦੀ। ਮਗਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਲਈ ਮਰਯਾਦਾ ਨਹੀਂ ਹੈ। ਓੱਥੇ ਬਾਹਰ ਦੁਕਾਨਾਂ 'ਤੇ ਜੇ ਸਮੱਗਰੀ ਸ਼ਰਧਾ ਦੇ ਨਾਮ 'ਤੇ ਵੇਚੀ ਜਾ ਰਹੀ ਹੈ ਕੀ ਪ੍ਰਬੰਧਕਾਂ ਤੇ ਧਾਰਮਿਕ ਸੇਵਾਦਾਰਾਂ ਨੂੰ ਪਤਾ ਨਹੀਂ ? ਕਿ ਦਿਖਾਈ ਨਹੀਂ ਦੇ ਰਹੀ? ਕੀ ਇਹ ਸਭ ਬਿਪਰਵਾਦ ਤੋਂ ਨਿਰਮਲ ਨਿਆਰੇ ਹੋਣ ਦੀ ਖੂਬੀ ਹੈ? ਕੀ ਸਾਨੂੰ ਇਹ ਸਭ ਕੁਝ ਕਰਨ ਦੀ ਹਦਾਇਤ ਗੁਰੂ ਸਾਹਿਬ ਜੀ ਨੇ ਦਿੱਤੀ ਹੈ ਕਿਧਰੇ ?

ਇਹ ਬਹੁਤ ਲੰਮੀ ਦੁਖਦਾਈ ਵਿਥਿਆ ਹੈ ਅਨਮੱਤ ਮਨਮੱਤ ਦੇ ਪੈ ਚੁੱਕੇ ਜਾ ਪਾ ਦਿੱਤੇ ਗਏ ਇਸ ਤਰ੍ਹਾਂ ਦੇ ਖਿਲਾਰੇ ਦੀ। ਦੁੱਖ ਇਸ ਗੱਲ ਦਾ ਹੈ ਸਿੱਖ ਕੌਮ ਵਿਚ ਅੱਜ ਇਨ੍ਹਾਂ ਪਾ ਦਿੱਤੇ ਗਏ ਵਿਗਾੜਾਂ ਨੂੰ ਰੋਕਣ ਤਥਾ ਸੁਧਾਰਨ ਲਈ ਜੱਥੇਬੰਦ ਹੀਲੇ ਨਹੀਂ ਹੋ ਰਹੇ।

ਇਸ ਤੋਂ ਇਲਾਵਾ ਖਾਲਸਾ ਪੰਥ ਦੀ ਇਕਸੁਰਤਾ ਇਕਸਾਰਤਾ ਨੂੰ ਸਭ ਤੋਂ ਵੱਡੀ ਢਾਹ ਸਿੱਖਾਂ ਅੰਦਰਲਾ ਡੇਰਾਵਾਦ ਹੈ ਜਿਸ ਨੇ ਖ਼ਾਲਸਾ ਪੰਥ ਨੂੰ ਅੱਜ ਬਦਸੂਰਤ ਕਰਕੇ ਰੱਖਿਆ ਹੈ। ਪੰਥ ਸ਼ਬਦ ਹੀ ਸਿੱਖ ਕਹਾਉਣ ਵਾਲਿਆਂ ਦੀ ਸੁਰਤਿ ਦਿਮਾਗ ਵਿਚੋ ਮਨਫੀ ਕਰ ਦਿੱਤਾ ਹੈ। ਸੰਪਰਦਾਵਾਂ ਦੀ ਵਧਦੀ ਭਰਮਾਰ ਖ਼ਾਲਸਾ ਪੰਥ ਦਾ ਮਜ਼ਾਕ ਉਡਾ ਰਹੀ ਹੈ। ਪੰਥ ਦੀ ਕੋਈ ਸੰਪਰਦਾ ਨਹੀ ਪੰਥ ਕੇਵਲ ਪੰਥ ਹੈ। ਇਹ ਸਮਝ ਆਉਣੀ ਅੱਜ ਆਮ ਸਿੱਖ ਲਈ ਮੁਸ਼ਕਲ ਹੋ ਗਈ ਹੈ।

ਸਿੱਖ ਵਿਦਿਅਕ ਸੰਸਥਾਵਾਂ ਆਏ ਦਿਨ ਜ਼ਮੀਨਦੋਜ਼ ਹੋ ਰਹੀਆਂ ਹਨ। ਇਹ ਉਹ ਜਾਹੋ ਜਲਾਲ ਸਾਡੇ ਬਜ਼ੁਰਗਾਂ ਨੇ ਸਿੰਘ ਸਭਾ ਲਹਿਰ ਰਾਹੀਂ ਸਿਰਜਿਆ ਉਭਾਰਿਆ ਸੀ ਅੱਜ ਕਿੱਥੇ ਹੈ?

ਵੱਡੀਆਂ ਵੱਡੀਆਂ ਸੰਸਥਾਵਾਂ ਵਿਦਿਅਕ ਅਦਾਰਿਆਂ ਨੂੰ ਚਲਾਉਣ ਦਾ ਵੱਡਾ ਦਾਅਵਾ ਕਰ ਰਹੀਆਂ ਹਨ ਮਗਰ ਸਿੱਖ ਵਿਦਿਅਕ ਸੰਸਥਾਵਾਂ ਦੀ ਆਨ ਸ਼ਾਨ ਕਿੱਧਰੇ ਵੀ ਲੱਭਿਆਂ ਵੀ ਨਹੀਂ ਲੱਭਦੀ।

ਅੱਜ ਮੁੜ ਸਿੰਘ ਸਭਾ ਲਹਿਰ ਦੇ ਬਾਨੀ ਗੁਰਸਿੱਖਾਂ ਵਰਗੇ ਸਿੱਖਾਂ ਦਾ ਸਾਹਮਣੇ ਆ ਕੇ ਸਿੰਘ ਸਭਾ ਲਹਿਰ ਦੀ ਮੁੜ ਸੁਰਜੀਤੀ ਲਈ ਲੱਕ ਬੰਨ੍ਹ ਕੇ ਕੰਮ ਕਰਨ ਦੀ ਲੋੜ ਹੈ। ਮੁੜ ਗੁਰਦੁਆਰਾ ਪ੍ਰਬੰਧ ਪੰਥ ਦੇ ਹੱਥ ਆਵੇ। ਸਿੱਖ ਵਿਦਿਅਕ ਸੰਸਥਾਵਾਂ ਸੰਸਾਰ ਦੀ ਝੋਲੀ ਦੁਨੀਆਂ ਦੇ ਬੇਹਤਰ ਪ੍ਰਬੰਧਕਾਂ ਨਾਲ ਭਰ ਜਾਵੇ!

ਘਾਟ ਕਿਸੇ ਗੱਲ ਦੀ ਨਹੀਂ! ਗੁਰੂ ਭਰੋਸੇ ਦੀ ਕਮੀ ਹੈ ਤੇ ਗੁਰੂ ਅੱਗੇ ਸੱਚੇ ਦਿਲੋਂ ਸਮਰਪਣ ਦੀ ਹੀ ਦੇਰ ਹੈ। ਗੁਰੂ ਰਹਿਮਤ ਵਸੇਗੀ। -0-

# ਗੁਰਮੁਖੀ ਦਾ ਨਿਕਾਸ

**ਗੁਰਮਤਿ ਵਿਰਸਾ ਬਿਊਰੋ**

**ਪੰਜਾਬੀ ਭਾਸ਼ਾ ਭਾਰਤ-ਪਾਕ ਉਪ-ਮਹਾਂਦੀਪ ਦੇ ਬਹੁਤ ਵੱਡੇ ਭੂ-ਖੰਡ ਦੀ ਲੋਕ-ਪ੍ਰਵਾਨ ਤੇ ਬਲਵਾਨ ਭਾਸ਼ਾ ਹੈ। ਜਿਹੜੀ ਪੰਜਾਬੀ ਇਸ ਵਿਸ਼ਾਲ ਪ੍ਰਾਂਤ ਵਿੱਚ ਅੱਜ ਪ੍ਰਚਲਿਤ ਹੈ, ਉਹ ਕੋਈ ਇੱਕ ਹਜ਼ਾਰ ਸਾਲ ਪੁਰਾਣੀ ਹੈ। ਉਸ ਤੋਂ ਪਹਿਲਾਂ ਪ੍ਰਾਚੀਨ ਪੰਜਾਬ ਵਿੱਚ ਵੈਦਿਕ ਸੰਸਕ੍ਰਿਤ, ਉਸ ਤੋਂ ਬਾਅਦ ਪ੍ਰਾਕ੍ਰਿਤ ਭਾਸ਼ਾਵਾਂ ਅਤੇ ਫਿਰ ਅਪਭ੍ਰੰਸ਼ ਭਾਸ਼ਾਵਾਂ ਬੋਲੀਆਂ ਜਾਂਦੀਆਂ ਸਨ । ਇਹਨਾਂ ਪੁਰਾਣੀਆਂ ਭਾਸ਼ਾਵਾਂ ਤੋਂ ਹੀ ਹੌਲੀ-ਹੌਲੀ ਬਦਲ ਕੇ ਦਸਵੀਂ-ਗਿਆਰ੍ਹਵੀਂ (ਈਸਵੀ) ਸਦੀ ਵਿੱਚ ਪੰਜਾਬੀ ਭਾਸ਼ਾ ਦਾ ਜਨਮ ਹੋਇਆ। ਪੁਰਾਣੀ ਤੇ ਮੱਧ-ਕਾਲੀ ਪੰਜਾਬੀ ਭਾਸ਼ਾ ਦੀਆਂ ਵੰਨਗੀਆਂ ਸਾਨੂੰ ਗੋਰਖਨਾਥ, ਚਰਪਟ ਨਾਥ, ਅੱਦਹਮਾਣ, ਬਾਬਾ ਫ਼ਰੀਦ, ਸ਼ਾਹ ਹੁਸੈਨ, ਦਮੋਦਰ, ਗੁਰੂ ਨਾਨਕ, ਭਾਈ ਗੁਰਦਾਸ, ਵਾਰਿਸ ਸ਼ਾਹ ਅਤੇ ਬੁੱਲ੍ਹੇ ਸ਼ਾਹ ਆਦਿ ਪੰਜਾਬੀ ਸਾਹਿਤਕਾਰਾਂ ਦੀਆਂ ਕਿਰਤਾਂ ਵਿੱਚ ਮਿਲ ਜਾਂਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਕਾਲ ਤੋਂ ਬਾਅਦ ਹੀ ਆਧੁਨਿਕ ਕਾਲ ਵਿੱਚ ਅਜੋਕੀ ਪੰਜਾਬੀ ਭਾਸ਼ਾ ਦਾ ਸਰੂਪ ਨਿਖਰਿਆ ਹੈ, ਜੋ "ਟਕਸਾਲੀ ਪੰਜਾਬੀ" ਵਜੋਂ ਪ੍ਰਵਾਨ ਹੋਇਆ ਹੈ ਅਤੇ ਜੋ ਅੱਜ ਸਾਡੇ ਸੱਭਿਆਚਾਰ, ਸਾਹਿਤ, ਸਿੱਖਿਆ ਅਤੇ ਹੋਰ ਲਿਖਤ-ਪੜ੍ਹਤ ਦਾ ਮਾਧਿਅਮ ਹੈ।**

ਗੁਰਮੁਖੀ ਦੇ ਨਿਕਾਸ ਜਾਂ ਉਤਪਤੀ ਬਾਰੇ ਤਿੰਨ ਤਰ੍ਹਾਂ ਦੇ ਮਤ-ਸਿਧਾਂਤ ਵੇਖੇ ਜਾਂਦੇ ਹਨ। ਪਹਿਲਾ ਮੱਤ ਇਹ ਹੈ ਕਿ ਗੁਰਮੁਖੀ ਦੀ ਰਚਨਾ ਗੁਰੂ ਅੰਗਦ ਸਾਹਿਬ ਜੀ ਨੇ ਕੀਤੀ। ਗੁਰਮੁਖੀ ਪਦ ਬਾਰੇ ਹਵਾਲਾ ਬਾਬਾ ਮੋਹਨ ਵਾਲੀਆਂ ਪੋਥੀਆਂ ਵਿੱਚ ਇਉਂ ਮਿਲ਼ਦਾ ਹੈ :

"ਗੁਰੂ ਅੰਗਦੁ ਗੁਰਮੁਖੀ ਅੱਖਰ ਬਾਨਾਏ ਬਾਬੇ ਦੇ ਅਗੇ ਸਬਦੁ ਭੇਟ ਕੀਤਾ" ਸਿੱਖ ਸਾਹਿਤ ਵਿੱਚ ਇਸ ਮਤ ਦੀ ਪ੍ਰੋੜ੍ਹਤਾ ਵਿੱਚ ਕਈ ਹਵਾਲੇ ਮਿਲਦੇ ਹਨ। ਸਹਿਬ ਸਿੰਘ ਮਿਗਿੰਦ ਅਤੇ ਗਿਆਨੀ ਗਿਆਨ ਸਿੰਘ ਵੀ ਇਸੇ ਮਤ ਦੇ ਧਾਰਨੀ ਹਨ। ਇਹਨਾਂ ਨੂੰ ਆਧਾਰ ਬਣਾ ਕੇ ਗ੍ਰੀਅਰਸਨ ਵਰਗੇ ਪੱਛਮੀ ਵਿਦਵਾਨਾਂ ਨੇ ਵੀ ਗੁਰੂ ਅੰਗਦ ਸਾਹਿਬ ਜੀ ਨੂੰ ਹੀ ਗੁਰਮੁਖੀ ਲਿਪੀ ਦੇ ਕਰਤਾ ਮੰਨਿਆ ਹੈ।

ਦੂਜੇ ਮਤ ਦੇ ਅਨੁਸਾਰ ਗੁਰਮੁਖੀ ਦੇ ਰਚੈਤਾ ਗੁਰੂ ਨਾਨਕ ਸਾਹਿਬ ਜੀ ਸਨ। ਪ੍ਰੋ. ਪ੍ਰੀਤਮ ਸਿੰਘ ਨੇ ਕਿਸੇ ਕੰਕਨ ਨਾਂ ਵਾਲੇ ਕਵੀ ਦੀ ਅਣਛਪੀ ਰਚਨਾ "ਦਸ ਗੁਰੂ ਕਥਾ" ਵਿੱਚੋਂ ਇਹ ਟੂਕ ਲਿਖੀ ਹੈ। ਕੰਕਨ ਗੁਰੂ ਨਾਨਕ ਦੀ ਉਸਤਤ ਵਿੱਚ ਲਿਖਦਾ ਹੈ—

"ਏਹ ਕੀਆ ਉਪਕਾਰ ਬਡਾ, ਗੁਰੂ ਅੱਛਰ ਬੇਦਨ ਕੇ ਪਲਟਾਏ। ਗੁਰਮੁਖਿ ਅਖਯਰ ਕੀਨੇ ਤਬੈ ਜਬ ਕੈ ਸਿਉਂ ਕੋ ਨਰ ਕਸਟ ਨ ਪਾਏ।"

ਤੀਜਾ ਮਤ ਕੇਸਰ ਸਿੰਘ ਛਿੱਬਰ ਦੇ ਗ੍ਰੰਥ "ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ" ਵਿੱਚ ਉਪਲਬਧ ਹੈ। ਇਸ ਵਿੱਚ ਬਾਬਾ ਸ੍ਰੀ ਚੰਦ ਜੀ ਨੂੰ ਗੁਰਮੁਖੀ ਦਾ ਰਚੈਤਾ ਮੰਨਿਆ ਹੈ। ਤੁਕਾਂ ਇਹ ਹਨ-

"ਜੈਸੇ ਸਹਿਬ ਸ੍ਰੀ ਚੰਦ ਜੀ ਅਖਰ ਗੁਰਮੁਖੀ ਬਣਾਏ।
ਅਗੇ ਸਾਸਤ੍ਰੀ, ਪਾਰਸੀ, ਟਾਕਰੇ ਆਹੇ।"

ਇਹਨਾਂ ਸਾਰੀਆਂ ਧਾਰਨਾਵਾਂ ਦੀ ਭਰਮ-ਨਵਿਰਤੀ ਇਸ ਇਤਿਹਾਸਿਕ ਪ੍ਰਮਾਣ ਤੋਂ ਹੋ ਜਾਂਦੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਆਪ ਜਿਹੜੀ "ਪਟੀ" ਨਾਮਕ ਬਾਣੀ ਰਚੀ, ਜੋ ਹੁਣ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ ਹੈ, ਉਸ ਵਿੱਚ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |

ਗੁਰਮੁਖੀ ਲਿਪੀ ਦੇ ਸਾਰੇ ਅੱਖਰ ਅਤੇ ਉਹਨਾਂ ਅੱਖਰਾਂ ਦੇ ਸੱਸਾ, ਕੱਕਾ, ਆਦਿ ਉਚਾਰਨ ਵੀ ਦਿੱਤੇ ਹੋਏ ਹਨ। ਪਟੀ ਦਾ ਅਰਥ ਵਰਨ-ਮਾਲਾ, ਪੈਂਤੀ, ਹਰਫ਼ਾਂ ਦੀ ਲੜੀ ਹੈ ਪਰ ਪਟੀ ਦਾ ਅਰਥ ਲੱਕੜੀ ਦੀ ਫੱਟੀ ਵੀ ਹੈ ਜਿਸ ਉੱਤੇ ਅੱਖਰ ਲਿਖੇ ਜਾਂਦੇ ਸਨ। ਪੰਜਾਬੀ ਦੇ ਮੁਹਾਵਰਿਆਂ ਜਿਵੇਂ ਕਿ ਪੱਟੀ ਪੜ੍ਹਾਉਣਾ, ਪੱਟੀ ਮੇਸ ਕਰਨਾ, ਵਿੱਚ ਵਰਨ-ਮਾਲਾ ਅਤੇ ਫੱਟੀ ਦੇ ਮੂਲ ਸ਼ਬਦਾਰਥ ਪ੍ਰਾਪਤ ਹਨ, ਭਾਵੇਂ ਪ੍ਰਯੋਗ ਵਿੱਚ ਲੱਖਣਾਰਥ ਵੀ ਹਨ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਤੋਂ ਪਹਿਲੇ ਦੇ ਆਮ ਲੋਕਾਂ ਵਿੱਚ ਪ੍ਰਚਲਿਤ ਅੱਖਰ ਲੈ ਕੇ ਅੱਖਰ-ਕ੍ਰਮ ਨਾਲ ਬਾਣੀ ਦਾ ਉਚਾਰਨ ਕੀਤਾ ਸੀ। ਇਸ ਤੋਂ ਜ਼ਾਹਰ ਹੈ ਕਿ ਗੁਰਮੁਖੀ, ਬਾਬਾ ਸ੍ਰੀ ਚੰਦ ਜੀ, ਗੁਰੂ ਅੰਗਦ ਸਾਹਿਬ ਜੀ ਜਾਂ ਗੁਰੂ ਨਾਨਕ ਸਾਹਿਬ ਜੀ ਨੇ ਨਹੀਂ ਬਣਾਈ, ਇਹ ਤਾਂ ਪੁਰਾਤਨ ਪੰਜਾਬ ਵਿੱਚ ਆਮ ਵਰਤੀ ਜਾਂਦੀ ਸੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਗੁਰਮੁਖੀ ਦਾ ਆਖ਼ਰਕਾਰ ਸਰੋਤ ਕੀ ਹੈ? ਇਸ ਦਾ ਕਿੱਥੋਂ ਨਿਕਾਸ ਹੋਇਆ ? ਇਹ ਤਾਂ ਅਸੀਂ ਵੇਖ ਆਏ ਹਾਂ ਕਿ ਭਾਰਤ ਦੀਆਂ ਸਾਰੀਆਂ ਲਿਪੀਆਂ ਦਾ ਸੋਮਾ "ਬ੍ਰਾਹਮੀ" ਲਿਪੀ ਹੈ। ਬ੍ਰਾਹਮੀ ਦੀ ਉੱਤਰ ਸ਼ੈਲੀ ਤੇ ਗੁਪਤ ਲਿਪੀ ਅਤੇ ਗੁਪਤ ਲਿਪੀ ਤੋਂ ਕੁਟਿਲ ਲਿਪੀ ਅਤੇ ਕੁਟਿਲ ਲਿਪੀ ਤੋਂ ਹੀ ਸ਼ਾਰਦਾ ਅਤੇ ਸ਼ਾਰਦਾ ਤੋਂ ਅਰਧ-ਨਾਗਰੀ, ਸਿਧ-ਮਾਤਰਿਕਾ, ਲੰਡੇ ਮਹਾਜਨੀ, ਭੱਟਅੱਛਰੀ, ਉੱਚੀ, ਗੁਰਮੁਖੀ ਆਦਿ ਲਿਪੀਆਂ ਨਿਕਲੀਆਂ ਹਨ। ਸ਼ਾਰਦਾ ਦੇ ਪ੍ਰਾਚੀਨ ਸ਼ਾਰਦਾ ਅਤੇ ਨਵੀਨ ਸ਼ਾਰਦਾ ਦੋ ਰੂਪ ਹੈ। ਸ਼ਾਰਦਾ ਅਤੇ ਗੁਰਮੁਖੀ ਦੇ ਸੰਬੰਧਾਂ ਬਾਰੇ ਵਿਦਵਾਨਾਂ ਦੀਆਂ ਰਾਵਾਂ ਵੇਖਣਯੋਗ ਹਨ । ਜੇ.ਬੀ ਸਿੰਘ ਨੇ ਗੁਰਮੁਖੀ ਦਾ ਨਿਕਾਸ ਅਰਧ-ਨਾਗਰੀ ਤੋਂ ਮੰਨਿਆ ਹੈ ਪਰ ਇਹ ਮੱਤ ਵਜ਼ਨਦਾਰ ਨਹੀਂ ਦੂਜੇ ਪਾਸੇ ਗੌਰੀ ਸ਼ੰਕਰ ਓਝਾ ਨੇ ਗੁਰਮੁਖੀ ਦੀ ਉਤਪਤੀ ਸ਼ਾਰਦਾ ਤੋਂ ਮੰਨੀ ਹੈ। ਡਚ (ਹਾਲੈਂਡ) ਵਿਦਵਾਨ ਵੋਗਲ (ਫ਼ੋਗਇਲ) ਨੇ ਲਿਖਿਆ ਹੈ, "ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਗੁਰਮੁਖੀ ਜੋ ਕਿ ਅਜੋਕੇ ਪੰਜਾਬ ਦੀ ਲੋਕ ਭਾਸ਼ਾ ਦੀ ਲਿਪੀ ਹੈ, ਪ੍ਰਾਚੀਨ ਸ਼ਾਰਦਾ ਦੀ ਹੀ ਸੰਤਾਨ ਹੈ।" ਜਯ ਚੰਦ ਵਿਦਿਆਲੰਕਾਰ ਅਤੇ ਡਾ. ਤਰਲੋਚਨ ਸਿੰਘ ਬੇਦੀ ਨੇ ਵੀ ਗੁਰਮਖੀ ਦਾ ਜਨਮ ਸ਼ਾਰਦਾ ਤੋਂ ਹੀ ਹੋਇਆ ਮੰਨਿਆ ਹੈ। ਪੰਜਾਬ ਦੇ ਸਾਹਿਤ ਵਿੱਚ ਵੀ ਸ਼ਾਰਦਾ ਦੇ ਪ੍ਰਚਲਨ ਦੇ ਹਵਾਲੇ ਮਿਲਦੇ ਹਨ। "ਗਿਆਨ ਰਤਨਾਵਲੀ" (1730 ਈ.) ਵਿੱਚ ਪਾਂਧੇ ਪੜ੍ਹਨ ਵਾਲੀ ਸਾਖੀ ਵਿੱਚ ਇਹ ਸਤਰਾਂ ਅੰਕਿਤ ਹਨ-

"ਬਾਬੇ ਨੂੰ ਪਾਂਧੇ ਕਹਾ" ਤੂ ਪੜ੍ਹ ਸਾਰਦਾ "ਉਥੰ ਸੁਆਹਾ ਸੁਅਸਤ" ਇਵੇਂ ਹੀ "ਗਿਆਨ ਰਤਨਾਗਰ" ਗ੍ਰੰਥ ਵਿੱਚ ਪਾਂਸ਼ਾਹਿਬਾਲੀ ਸਾਖੀ ਵਿੱਚ ਪਾਂਧਾ ਗੁਰੂ ਜੀ ਨੂੰ ਪੜ੍ਹਾਉਣ ਲੱਗਿਆਂ ਪਹਿਲਾਂ ਸ਼ਾਰਦਾ ਦਾ ਮੰਤ੍ਰ, ਪੜ੍ਹਾਉਂਦਾ ਹੈ । "ਤਬ ਲਿਆਯ ਪਟੀ ਬੁਧਕਾ ਲਿਖਤਾਂ ਪ੍ਰਬ ਸ਼ਾਰਦਾ ਮੰਤ੍ਰ ਪਠਾਵਤ ਭੇ"

ਇਸ ਸਮੱਸਿਆ ਨੂੰ ਇੱਕ ਹੋਰ ਦ੍ਰਿਸ਼ਟੀ ਤੋਂ ਵੀ ਵੇਖਿਆ ਜਾ ਸਕਦਾ ਹੈ ਪ੍ਰਾਚੀਨ ਪੰਜਾਬੀ ਦੀਆਂ ਅਰਧ-ਨਾਗਰੀ, ਸਿੱਧ-ਮਾਤਰਿਕਾ, ਲੰਡੇ ਆਦਿ ਲਿਪੀਆਂ ਨਾਲ ਜਦ ਅਸੀਂ ਗੁਰਮੁਖੀ ਦਾ ਟਾਕਰਾ

ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਹਨਾਂ ਦੇ ਬਹੁਤ ਸਾਰੇ ਅੱਖਰ ਆਪਸ ਵਿੱਚ ਮਿਲਦੇ ਹਨ। ਗੁਰਮੁਖੀ ਲਿਪੀ ਸ਼ਾਰਦਾ ਦੇ ਹੀ ਪਿਛਲੇ ਰੂਪ ਦਾ ਇੱਕ ਇਲਾਕਾਈ ਵਿਕਸਿਤ ਰੂਪ ਹੈ। ਸਾਰੰਸ਼ ਇਹ ਹੈ ਕਿ ਗੁਰਮੁਖੀ ਅਤੇ ਹੋਰ ਪੰਜਾਬ ਦੀਆਂ ਪੁਰਾਣੀਆਂ ਲਿਪੀਆਂ ਦਾ ਜਨਮ ਸ਼ਾਰਦਾ ਲਿਪੀ ਤੋਂ ਹੀ ਹੋਇਆ ਹੈ।

**ਗੁਰਮੁਖੀ ਦਾ ਨਾਮਕਰਨ**

ਗੁਰਮੁਖੀ ਇੱਕ ਪ੍ਰਾਚੀਨ ਲਿਪੀ ਹੈ ਜੋ ਬ੍ਰਾਹਮੀ ਲਿਪੀ-ਪਰਿਵਾਰ ਦੀ ਸ਼ਾਰਦਾ ਲਿਪੀ ਤੋਂ ਨਿਕਲੀ ਹੈ। ਹਾਂ ਇੱਕ ਗੱਲ ਜ਼ਰੂਰ ਹੈ ਕਿ ਗੁਰੂ ਸਹਿਬਾਨ ਤੋਂ ਪਹਿਲਾਂ ਗੁਰਮੁਖੀ ਲਿਪੀ ਦਾ ਨਾਂ ਗੁਰਮੁਖੀ ਨਹੀਂ ਸੀ, ਕੋਈ ਹੋਰ ਨਾਂ ਹੋਵੇਗਾ, ਜਿਵੇਂ ਸ਼ਾਰਦਾ ਜਾਂ ਸਿਧੋਙਾਇਆ, ਸਿੱਧ-ਮਾਤਰਿਕਾ ਭੱਟਅੱਛਰੀ ਜਾਂ ਅਰਧ-ਨਾਗਰੀ ਗੁਰਮੁਖੀ ਨਾਂ ਤਾਂ ਗੁਰੂ ਸਾਹਿਬਾਨ ਦੀ ਦੇਣ ਹੈ। ਜਦੋਂ ਗੁਰੂ ਨਾਨਕ ਸਾਹਿਬ ਜੀ ਦੇ ਯੁੱਗ ਵਿੱਚ ਗੁਰੂ-ਬਾਣੀ ਨੂੰ ਲਿਖਣ ਦਾ ਅਵਸਰ ਆਇਆ ਤਾਂ ਉਸ ਵੇਲੇ ਅਜਿਹੀ ਲਿਪੀ ਦੀ ਜ਼ਰੂਰਤ ਸੀ ਜੋ ਸਾਹਿਤਿਕ ਹੋਵੇ ਅਤੇ ਜੋ ਗੁਰਬਾਣੀ ਦੀਆਂ ਬਰੀਕੀਆਂ ਨੂੰ ਅੰਕਿਤ ਕਰਨ ਵਿੱਚ ਸਮਰੱਥ ਹੋਵੇ। ਗੁਰੂ ਸਾਹਿਬਾਨ ਦੇ ਸਾਹਮਣੇ ਪੰਜਾਬ ਦੀਆਂ ਅਧੂਰੀਆਂ ਲਿਪੀਆਂ ਸਨ। ਹੋ ਸਕਦਾ ਹੈ ਉਹਨਾਂ ਅਧੂਰੀਆਂ ਲਿਪੀਆਂ ਦੇ ਅੱਖਰਾਂ ਨੂੰ ਸੋਧ ਕੇ ਅਤੇ ਤਰਤੀਬ ਦੇ ਕੇ ਇੱਕ ਅਜਿਹੀ ਲਿਪੀ ਵਿਓਂਤ ਲਈ ਜੋ ਤਤਕਾਲੀ ਪੰਜਾਬੀ ਸਾਹਿਤਿਕ ਭਾਸ਼ਾ ਅਤੇ ਗੁਰੂ-ਬਾਣੀ ਦੀਆਂ ਸਾਰੀਆਂ ਧੁਨੀਆਂ ਨੂੰ ਲਿਖਣ ਲਈ ਆਦਰਸ਼ ਲਿਪੀ ਬਣ ਨਿਬੜੀ।

ਗੁਰਮੁਖੀ ਦਾ ਨਾਂ ਪੁਰਾਣਾ ਨਹੀਂ, ਕੋਈ ਪੰਜ ਸੌ ਸਾਲ ਤੋਂ ਹੀ ਪਿਆ ਹੈ ਪਰ ਗੁਰਮੁਖੀ ਦੇ ਅੱਖਰ ਅਵੱਸ਼ ਪੁਰਾਣੇ ਹਨ। ਗੁਰਮੁਖੀ ਦੇ 15 ਅੱਖਰ ਟਾਕਰੀ ਦੇ ਅੱਖਰਾਂ ਨਾਲ ਸਾਂਝੇ ਹਨ, ਪੰਜ ਕਾਫੀ ਮਿਲਦੇ ਹਨ ਅਤੇ ਛੇ ਕੁਝ-ਕੁਝ ਮਿਲਦੇ ਹਨ। ਸੱਤ ਅੱਖਰ ਨਵੀਨ ਸ਼ਾਰਦਾ ਨਾਲ ਸਾਂਝੇ ਹਨ ਅਤੇ ਬਾਰਾਂ ਕਾਫ਼ੀ ਮਿਲਦੇ ਹਨ। ਗੁਰਮੁਖੀ ਦੇ ਜਿਹੜੇ ਥੋੜ੍ਹੇ ਅੱਖਰ ਸ਼ਾਰਦਾ ਤੇ ਟਾਕਰੀ ਨਾਲ ਨਹੀਂ ਰਲ਼ਦੇ ਉਹ ਲੰਡੇ, ਮਹਾਜਨੀ ਦੇ ਅੱਖਰਾਂ ਨਾਲ ਮਿਲਦੇ ਹਨ। ਇਸ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਗੁਰਮੁਖੀ ਦੇ ਸਾਰੇ ਅੱਖਰ ਗੁਰੂ ਕਾਲ ਤੋਂ ਪਹਿਲਾਂ ਦੇ ਸਨ ਪਰ ਗੁਰੂ ਨਾਨਕ ਸਾਹਿਬ ਜਾਂ ਗੁਰੂ ਅੰਗਦ ਸਾਹਿਬ ਜੀ ਨੇ ਗੁਰਮੁਖੀ ਨੂੰ ਸਹੀ ਸੋਧ ਤੇ ਤਰਤੀਬ ਦੇ ਕੇ ਆਦਰਸ਼ ਲਿਪੀ ਦਾ ਮੁਹਾਂਦਰਾ ਪ੍ਰਦਾਨ ਕੀਤਾ। ਇਸ ਲਈ ਇਹ ਕਹਿਣਾ ਸਰਾਸਰ ਭ੍ਰਾਮਿਕ ਹੈ ਕਿ ਗੁਰਮੁਖੀ ਸਿੱਖ ਗੁਰੂਆਂ ਦੀ ਘੜੀ ਹੋਈ ਲਿਪੀ ਹੈ। ਸਗੋਂ ਸਚਾਈ ਇਹ ਹੈ ਕਿ ਗੁਰਮੁਖੀ ਗੁਰੂ-ਕਾਲ ਤੋਂ ਪਹਿਲਾਂ ਪੰਜਾਬ ਵਿੱਚ ਪ੍ਰਚਲਿਤ ਪੁਰਾਣੀਆਂ ਲਿਪੀਆਂ ਦਾ ਸੁਧਰਿਆ ਤੇ ਸੁਆਰਿਆ ਰੂਪ ਹੈ।

**ਪੰਜਾਬੀ ਭਾਸ਼ਾ ਤੇ ਗੁਰਮੁਖੀ**

ਪੰਜਾਬੀ ਭਾਸ਼ਾ ਤੇ ਗੁਰਮੁਖੀ ਦਾ ਬਹੁਤ ਗੂੜ੍ਹਾ ਸੰਬੰਧ ਹੈ। ਪੰਜਾਬੀ ਭਾਸ਼ਾ ਨੂੰ ਲਿਖਣ ਲਈ ਹੀ ਗੁਰਮੁਖੀ ਦਾ ਜਨਮ ਹੋਇਆ ਹੈ ਅਤੇ ਪੰਜਾਬੀ ਨੂੰ ਛੱਡ ਕੇ ਗੁਰਮੁਖੀ ਲਿਪੀ ਕਿਸੇ ਹੋਰ ਭਾਸ਼ਾ ਨੂੰ ਲਿਖਣ ਲਈ ਰਾਖਵੀਂ ਨਹੀਂ ਹੈ। ਪੰਜਾਬੀ ਭਾਸ਼ਾ ਦੀਆਂ ਸਾਰਥਕ ਧੁਨੀਆਂ ਨੂੰ ਅੱਖਰਾਂ ਵਿੱਚ ਚਿੰਨ੍ਹਤ ਕਰਨ ਦਾ ਜੋ ਲਿਖਣ- ਪ੍ਰਬੰਧ ਉਸਰਿਆ ਹੈ, ਉਹ ਗੁਰਮੁਖੀ ਲਿਪੀ ਹੈ। ਗੁਰਮੁਖੀ ਦੇ ਸਾਰੇ ਅੱਖਰ ਪੰਜਾਬੀ ਦੀਆਂ ਸਾਰੀਆਂ ਧੁਨੀਆਂ ਨੂੰ ਪ੍ਰਗਟਾਉਣ ਵਾਲੇ ਹਨ । ਅੱਖਰਾਂ ਨੂੰ "ਵਰਨ" ਵੀ ਕਿਹਾ ਜਾਂਦਾ ਹੈ ਅਤੇ ਵਰਨਾਂ ਦੀ ਤਰਤੀਬ ਨੂੰ ਵਰਨ-ਮਾਲਾ ਕਿਹਾ ਜਾਂਦਾ ਹੈ। ਗੁਰਮੁਖੀ ਲਿਪੀ ਦੇ ਅੱਖਰ ਜਦੋਂ ਇੱਕ ਤਰਤੀਬ ਵਿੱਚ ਵਿਓਂਤੇ ਜਾਂਦੇ ਹਨ ਤਾਂ ਉਹਨਾਂ ਨੂੰ ਗੁਰਮੁਖੀ ਵਰਨ-ਮਾਲਾ ਕਿਹਾ ਜਾਂਦਾ ਹੈ। ਆਮ ਤੌਰ 'ਤੇ ਗੁਰਮੁਖੀ ਵਰਨ-ਮਾਲਾ ਨੂੰ "ਪੈਂਤੀ" ਕਹਿਣ ਦਾ ਰਿਵਾਜ ਹੈ ਕਿਉਂਕਿ ਪਹਿਲਾਂ ਗੁਰਮੁਖੀ ਵਰਨ-ਮਾਲਾ ਵਿੱਚ 35 (ਪੈਂਤੀ) ਅੱਖਰ ਹੀ ਸਨ। ਇਹ ਸਿਰਫ਼ ਪੰਜਾਬੀ ਸੱਭਿਆਚਾਰ ਦੀ ਹੀ ਰੀਤ ਹੈ ਕਿ ਗਿਣਤੀਵਾਚਕ ਸ਼ਬਦ ਲਿਪੀਵਾਚਕ ਬਣ ਨਿਬੜੇ ਹਨ।


ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਦੇ ਸੰਬੰਧ ਵਿੱਚ ਇਹ ਉਲੇਖਯੋਗ ਹੈ ਕਿ ਪੰਜਾਬੀ ਤੇ ਗੁਰਮੁਖੀ ਦਾ ਰਿਸ਼ਤਾ ਚਿਰੋਕਣਾ ਹੈ। ਗੁਰਮੁਖੀ ਪੰਜਾਬੀ ਦੀ ਵਿਰਾਸਤ ਹੈ, ਇਹ ਪੰਜਾਬ ਦੀ ਜੱਦੀ ਪੈਦਾਵਾਰ ਹੈ, ਗੁਰਮੁਖੀ ਮਾਂਗਵੀਂ ਜਾਂ ਬਾਹਰੋਂ ਠੋਸੀ ਹੋਈ ਨਹੀਂ ਹੈ, ਇਹ ਤਾਂ ਸੁਦੇਸ਼ੀ ਪੰਜਾਬੀ ਬੋਲੀ ਨਾਲ ਪਰਨਾਈ ਹੋਈ ਹੈ। ਇਹਨਾਂ ਪੰਜਾਬੀ, ਪੰਜਾਬ ਦੇ ਲੋਕਾਂ ਦੀ ਭਾਸ਼ਾ ਹੈ। ਪੰਜਾਬ ਦੇ ਲੋਕ ਆਪਣੇ ਪਰਿਵਾਰਾਂ ਘਰਾਂ, ਗਲੀਆਂ-ਮੁਹੱਲਿਆਂ ਅਤੇ ਸੱਥਾਂ-ਪਰਿਆਂ ਵਿੱਚ ਪੰਜਾਬੀ ਭਾਸ਼ਾ ਹੀ ਬੋਲਦੇ ਹਨ। ਸਾਨੂੰ ਮਾਂ ਦੇ ਦੁੱਧ ਨਾਲ ਹੀ ਪੰਜਾਬੀ ਦੀ ਗੁੜ੍ਹਤੀ ਮਿਲਦੀ ਹੈ ਅਤੇ ਅਸੀਂ ਛੋਟੀ ਉਮਰ ਵਿੱਚ ਹੀ ਮਾਪਿਆਂ, ਭੈਣਾਂ-ਭਰਾਵਾਂ ਅਤੇ ਸ਼ਰੀਕੇ-ਕਬੀਲੇ ਦੇ ਬੰਦਿਆਂ ਤੋਂ ਪੰਜਾਬੀ ਬੋਲਣਾ ਤੇ ਸਮਝਣਾ ਸਿੱਖ ਲੈਂਦੇ ਹਾਂ। ਬਚਪਨ ਤੋਂ ਹੀ ਅਸੀਂ ਪੰਜਾਬੀ ਵਿੱਚ ਸੋਚਦੇ, ਗੱਲ-ਬਾਤ ਕਰਦੇ ਅਤੇ ਨਿਤਾਪ੍ਰਤਿ ਕਾਰ-ਵਿਹਾਰ ਨੂੰ ਚਲਾਉਂਦੇ ਰਹਿੰਦੇ ਹਾਂ। ਫੇਰ ਵੱਡੇ ਹੋ ਕੇ ਵੀ ਅਸੀਂ ਸਕੂਲਾਂ-ਕਾਲਜਾਂ ਵਿੱਚ ਪੰਜਾਬੀ ਦੇ ਸਹਾਰੇ ਵਿੱਦਿਆ ਗ੍ਰਹਿਣ ਕਰਦੇ ਹਾਂ। ਹੋਰ ਤਾਂ ਹੋਰ, ਸਾਡੀਆਂ ਰੀਤਾਂ ਤੇ ਰਸਮਾਂ, ਮੇਲੇ ਤੇ ਤਿਉਹਾਰ, ਮੰਨਤਾਂ ਤੇ ਮਨੌਤਾਂ, ਸਾਡਾ ਗੀਤ-ਸੰਗੀਤ, ਸਾਡੇ ਕਿੱਸੇ-ਕਹਾਣੀਆਂ ਸਾਰਾ ਕੁਝ ਪੰਜਾਬੀ ਦੇ ਆਸਰੇ ਹੀ ਪੂਰਾ ਹੁੰਦਾ ਹੈ। ਇਸ ਤੋਂ ਵੀ ਅੱਗੇ ਸਾਡੇ ਆਲ਼ੇ-ਦੁਆਲ਼ੇ ਅਤੇ ਦੂਰ-ਦੂਰ ਤੱਕ ਜੋ ਵੀ ਸੰਸਾਰ ਪਸਰਿਆ ਹੋਇਆ ਹੈ, ਉਸ ਨਾਲ ਸਾਡੀ ਸਾਂਝ ਤੇ ਜਾਣ-ਪਛਾਣ ਪੰਜਾਬੀ ਰਾਹੀਂ ਹੀ ਹੁੰਦੀ ਹੈ। ਗੱਲ ਕੀ ਗ਼ੁੱਸੇ ਤੇ ਪਿਆਰ ਵਿੱਚ, ਰੋਣੇ ਤੇ ਹਾਸੇ ਵਿੱਚ, ਖ਼ੁਸ਼ੀ ਤੇ ਗ਼ਮੀ ਵਿੱਚ ਪੰਜਾਬੀ ਬੋਲੀ ਹੀ ਸਾਡਾ ਸਹਾਰਾ ਹੁੰਦੀ ਹੈ। ਜਦੋਂ ਅਸੀਂ ਪਹਿਲਾ ਕਦਮ ਚੁੱਕਦੇ ਹਾਂ, ਕੋਈ ਪੁਲਾਂਘ ਪੁੱਟਦੇ ਹਾਂ, ਖਾਂਦੇ-ਪੀਂਦੇ ਜਾਂ ਸੌਂਦੇ-ਜਾਗਦੇ ਹਾਂ, ਉਦੋਂ ਵੀ ਪੰਜਾਬੀ ਬੋਲੀ ਸਾਡੇ ਅੰਗ-ਸੰਗ ਹੁੰਦੀ ਹੈ। ਇਸ ਤਰ੍ਹਾਂ ਅਸੀਂ ਘਰ ਵਿੱਚ ਤੇ ਸਮਾਜ ਵਿੱਚ, ਦਿਲ ਵਿੱਚ ਤੇ ਦਿਮਾਗ਼ ਵਿੱਚ ਜਿੱਥੇ-ਜਿੱਥੇ ਵੀ ਕੁਝ ਸੋਚਦੇ ਤੇ ਚਿਤਵਦੇ ਹਾਂ, ਉੱਥੇ-ਉੱਥੇ ਪੰਜਾਬੀ ਦੇ ਬੋਲ ਗੂੰਜਦੇ ਹਨ।

ਜਦੋਂ ਕਦੇ ਅਸੀਂ ਕੋਈ ਹੋਰ ਬੋਲੀ ਬੋਲਦੇ ਹਾਂ ਤਾਂ ਉਸ ਵਿੱਚ ਵੀ ਪੰਜਾਬੀ ਦੀਆਂ ਮਹਿਕਾਂ ਮਹਿਕ ਜਾਂਦੀਆਂ ਹਨ। ਅਸੀਂ ਹਿੰਦੀ, ਉਰਦੂ ਜਾਂ ਅੰਗਰੇਜ਼ੀ ਬੋਲਣ ਵੇਲੇ ਕਿੰਨਾ ਵੀ ਜ਼ੋਰ ਲਾਈਏ ਪਰ ਪੰਜਾਬੀ ਨੂੰ ਨਹੀਂ ਭੁੱਲ ਸਕਦੇ। ਉੱਥੇ ਵੀ ਕੋਈ ਸੁਰ, ਕੋਈ ਤਾਨ, ਕੋਈ ਧੁਨੀ ਜਾਂ ਕੋਈ ਬੋਲ ਮੱਲੋ-ਮੱਲੀ ਪੰਜਾਬੀ ਭਾਸ਼ਾ ਦਾ ਆ ਹਾਜ਼ਰ ਹੁੰਦਾ ਹੈ। ਇਸ ਤਰ੍ਹਾਂ ਸਾਡਾ ਭਾਈਚਾਰਾ, ਸਾਡਾ ਸੱਭਿਆਚਾਰ ਤੇ ਪਰਿਵਾਰ ਪੰਜਾਬੀ ਵਿੱਚ ਹੀ ਉੱਸਰਦਾ ਅਤੇ ਪੰਜਾਬੀ ਵਿੱਚ ਹੀ ਫੁੱਲਦਾ ਹੈ ਅਤੇ ਇਸੇ ਵਹਿਣ ਵਿੱਚ ਹੀ ਅਸੀਂ ਭਰਪੂਰ ਜੀਵਨ ਜਿਉਂਦੇ ਹਾਂ ਤਾਂ ਫਿਰ ਸਾਡੇ ਲੂੰ-ਲੂੰ ਵਿੱਚ ਤੇ ਰਗ-ਰਗ ਵਿੱਚ ਅਤੇ ਸੁਫ਼ਨਿਆਂ ਵਿੱਚ ਤੇ ਸੱਧਰਾਂ ਵਿੱਚ ਜਿਹੜੀ ਪੰਜਾਬੀ ਸਦਾ ਬਿਰਾਜਮਾਨ ਰਹਿੰਦੀ ਹੈ, ਉਸ ਪੰਜਾਬੀ ਰੂਪੀ ਮਹਾਨ ਕੀਮਤੀ ਵਿਰਸੇ ਬਾਰੇ ਸਾਨੂੰ ਵੱਧ ਤੋਂ ਵੱਧ ਤੇ ਹੋਰ ਜਾਣਨ ਦੀ ਲੋੜ ਹੈ।

ਇਸ ਤਰ੍ਹਾਂ ਪੰਜਾਬੀ ਭਾਸ਼ਾ ਭਾਰਤ-ਪਾਕ ਉਪ-ਮਹਾਂਦੀਪ ਦੇ ਬਹੁਤ ਵੱਡੇ ਭੂ-ਖੰਡ ਦੀ ਲੋਕ-ਪ੍ਰਵਾਨ ਤੇ ਬਲਵਾਨ ਭਾਸ਼ਾ ਹੈ। ਜਿਹੜੀ ਪੰਜਾਬੀ ਇਸ ਵਿਸ਼ਾਲ ਪ੍ਰਾਂਤ ਵਿੱਚ ਅੱਜ ਪ੍ਰਚਲਿਤ ਹੈ, ਉਹ ਕੋਈ ਇੱਕ ਹਜ਼ਾਰ ਸਾਲ ਪੁਰਾਣੀ ਹੈ। ਉਸ ਤੋਂ ਪਹਿਲਾਂ ਪ੍ਰਾਚੀਨ ਪੰਜਾਬ ਵਿੱਚ ਵੈਦਿਕ ਸੰਸਕ੍ਰਿਤ, ਉਸ ਤੋਂ ਬਾਅਦ ਪ੍ਰਾਕ੍ਰਿਤ ਭਾਸ਼ਾਵਾਂ ਅਤੇ ਫਿਰ ਅਪਭ੍ਰੰਸ਼ ਭਾਸ਼ਾਵਾਂ ਬੋਲੀਆਂ ਜਾਂਦੀਆਂ ਸਨ । ਇਹਨਾਂ ਪੁਰਾਣੀਆਂ ਭਾਸ਼ਾਵਾਂ ਤੋਂ ਹੀ ਹੌਲ਼ੀ-ਹੌਲ਼ੀ ਬਦਲ ਕੇ ਦਸਵੀਂ-ਗਿਆਰ੍ਹਵੀਂ (ਈਸਵੀ) ਸਦੀ ਵਿੱਚ ਪੰਜਾਬੀ ਭਾਸ਼ਾ ਦਾ ਜਨਮ ਹੋਇਆ। ਪੁਰਾਣੀ ਤੇ ਮੱਧ-ਕਾਲੀ ਪੰਜਾਬੀ ਭਾਸ਼ਾ ਦੀਆਂ ਵੰਨਗੀਆਂ ਸਾਨੂੰ ਗੋਰਖਨਾਥ, ਚਰਪਟ ਨਾਥ, ਅੱਦਹਮਾਣ, ਬਾਬਾ ਫ਼ਰੀਦ, ਸ਼ਾਹ ਹੁਸੈਨ, ਦਮੋਦਰ, ਗੁਰੂ ਨਾਨਕ, ਭਾਈ ਗੁਰਦਾਸ, ਵਾਰਿਸ ਸ਼ਾਹ ਅਤੇ ਬੁੱਲ੍ਹੇ ਸ਼ਾਹ ਆਦਿ ਪੰਜਾਬੀ ਸਾਹਿਤਕਾਰਾਂ ਦੀਆਂ ਕਿਰਤਾਂ ਵਿੱਚ ਮਿਲ ਜਾਂਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਕਾਲ ਤੋਂ ਬਾਅਦ ਹੀ ਆਧੁਨਿਕ ਕਾਲ ਵਿੱਚ ਅਜੋਕੀ ਪੰਜਾਬੀ ਭਾਸ਼ਾ ਦਾ ਸਰੂਪ ਨਿਖਰਿਆ ਹੈ, ਜੋ 'ਟਕਸਾਲੀ ਪੰਜਾਬੀ' ਵਜੋਂ ਪ੍ਰਵਾਨ ਹੋਇਆ ਹੈ ਅਤੇ ਜੋ ਅੱਜ ਸਾਡੇ ਸੱਭਿਆਚਾਰ, ਸਾਹਿਤ, ਸਿੱਖਿਆ ਅਤੇ ਹੋਰ ਲਿਖਤ-ਪੜ੍ਹਤ ਦਾ ਮਾਧਿਅਮ ਹੈ।

-0-


## ਸੂਚਨਾ



**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐੱਪ ਕਰ ਸਕਦੇ ਹੋ।**

# ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ

**ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਗ੍ਰੰਥ ਵਿੱਚ ਬਿਨਾਂ ਭੇਦ ਭਾਵ ਤੋਂ ਹਰੇਕ ਪ੍ਰਾਣੀ ਨੂੰ ਬਰਾਬਰਤਾ ਦਾ ਦਰਜਾ ਦੇ ਕੇ ਸਮੁੱਚੀ ਮਨੁੱਖਤਾ ਨੂੰ ਹੱਦਾਂ ਵਲਗਣਾਂ ਤੋਂ ਬਾਹਰ ਕੱਢਿਆ ਗਿਆ ਹੈ। ਸ਼ੂਦਰ ਅਖਵਾਉਣ ਵਾਲਿਆਂ ਨੂੰ ਆਪਣੇ ਬਰਾਬਰ ਬਿਠਾਇਆ। ਰਾਜੇ ਮਹਾਰਾਜਿਆਂ ਨੂੰ ਸੱਚੀਆਂ ਗੱਲਾਂ ਸਮਝਾਈਆਂ। ਇਹੀ ਹੈ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਵਿਲੱਖਣਤਾ। ਸਾਰੇ ਸੰਸਾਰ ਵਿੱਚ ਅਜਿਹਾ ਕੋਈ ਗ੍ਰੰਥ ਨਹੀਂ ਜੋ ਇਸਦੀ ਬਰਾਬਰਤਾ ਕਰ ਸਕੇ। ਇਸ ਦੀ ਮਹਾਨਤਾ ਨੂੰ ਦੁਨੀਆਂ ਮੰਨਦੀ ਹੈ। ਸੁੱਖਾਂ ਦਾ ਮੂਲ ਸੋਮਾ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਬਦ ਵੀਚਾਰ ਅਪਨਾਉਣ ਨਾਲ ਮਿਲਦਾ ਹੈ।**




**ਬੀਬੀ ਰਜਿੰਦਰ ਕੌਰ**
**98774-73171**




ਜਗਤ-ਜਲੰਦੇ ਨੂੰ ਉਭਾਰਨ, ਠਾਰਨ ਤੇ ਸੁਧਾਰਨ ਹਿਤ ਸੰਸਾਰ ਦੇ ਗ਼ਮਖ਼ਾਰ ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੇ ਜੀਵਨ ਦੇ 25 ਸਾਲ ਵਿੱਚ ਚਾਰ ਉਦਾਸੀਆਂ ਸਮੇਂ ਲਗਭਗ 28000 ਕਿਲੋਮੀਟਰ ਦਾ ਸਫ਼ਰ ਤਹਿ ਕੀਤਾ। ਭਾਈ ਗੁਰਦਾਸ ਜੀ ਮੁਤਾਬਕ ਬਾਬੇ ਨਾਨਕ ਨੇ ਚੌਹਾਂ ਦਿਸ਼ਾਵਾਂ ਦੀ ਧਰਤੀ ਦੇ ਨੌਂ ਖੰਡਾਂ ਵਿਚ ਵੱਸਦੀ ਲੋਕਾਈ ਨੂੰ ਸੱਚ ਨਾਲ ਜੋੜਿਆ। ਗੁਰੂ ਨਾਨਕ ਸਾਹਿਬ ਜੀ ਤੋਂ ਬਾਅਦ ਨੌ ਗੁਰੂ ਸਾਹਿਬਾਨ ਹੋਏ ਜਿਨ੍ਹਾਂ ਦਾ ਜੀਵਨ ਕਾਲ 1708 ਤੱਕ ਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਅਕਤੂਬਰ,1708 ਈ ਨੂੰ ਨਾਂਦੇੜ 'ਮਹਾਂਰਾਸ਼ਟਰ', ਵਿਖੇ ਅੰਮ੍ਰਿਤ ਵੇਲੇ ਸੰਗਤਾਂ ਦੇ ਸਾਹਮਣੇ ਇਹ ਆਦੇਸ਼ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੇਰੀ ਥਾਂ ਤੇ ਗੁਰੂ ਜਾਨਣਾ ਤੇ ਮੰਨਣਾ ਹੈ।ਇਸ ਹੁਕਮ ਨਾਲ ਦੇਹਧਾਰੀ ਗੁਰੂ ਪ੍ਰੰਪਰਾ ਸਮਾਪਤ ਹੋ ਗਈ। ਗੁਰੂ ਸਾਹਿਬ ਜੀ ਨੇ ਪੰਥ ਨੂੰ ਆਪਣਾ ਸਰੀਰ ਕਿਹਾ ਤੇ ਜੋਤਿ ਭਾਵ ਸਿੱਖਿਆ, ਉਪਦੇਸ਼ ਗੁਰੂ ਗ੍ਰੰਥ ਸਾਹਿਬ ਵਿੱਚ ਹਨ । ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਦੀ ਪਾਲਣਾਂ ਕਰਦੇ ਹੋਏ ਸਿੱਖ ਧਰਮ ਨੂੰ ਮੰਨਣ ਵਾਲਿਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਤੱਖ ਗੁਰੂ ਰੂਪ ਮੰਨਦੇ ਹੋਏ ਪੂਰਨ ਸਤਿਕਾਰ ਤੇ ਸਨਮਾਨ ਪ੍ਰਦਾਨ ਕੀਤਾ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸ਼ਬਦ ਗੁਰੂ ਹੈ ਹਰ ਸਮੇਂ ਹਰ ਮਨੁੱਖ ਦੀ ਅਗਵਾਈ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾਂ ਕਿਸੇ ਹੋਰ ਦੀ ਸ਼ਰਣ ਲੈਣੀ ਸਿੱਖ ਨੂੰ ਸ਼ੋਭਾ ਨਹੀਂ ਦਿੰਦਾ। ਅਰਦਾਸ ਤੋਂ ਬਾਅਦ ਗੁਰੂ ਪੰਥ ਵਲੋਂ ਪ੍ਰਵਾਨ ਕੀਤੇ ਦੋਹਰੇ ਨੂੰ ਹਰ ਰੋਜ਼ ਸੰਗਤ ਦੁਹਰਾਉਂਦੀ ਹੈ।

**"ਆਗਿਆ ਭਈ ਅਕਾਲ ਕੀ,**
**ਤਬੀ ਚਲਾਇਉ ਪੰਥ।**
**ਸਭ ਸਿਖਨ ਕਉ ਹੁਕਮ ਹੈ,**
**ਗੁਰੂ ਮਾਨਿਓਂ ਗ੍ਰੰਥ।**
**ਗੁਰੂ ਗ੍ਰੰਥ ਜੀ ਮਾਨਿਓ,**
**ਪ੍ਰਗਟ ਗੁਰਾਂ ਕੀ ਦੇਹ।**
**ਜੋ ਪ੍ਰਭ ਕਉ ਮਿਲਬੋ ਚਹੇ,**
**ਖੋਜ ਸ਼ਬਦ ਮਹਿ ਲੇਹਿ।"**

ਗੁਰੂ ਨਾਨਕ ਸਾਹਿਬ ਜੀ ਨੇ ਇਸੇ ਸ਼ਬਦ ਗੁਰੂ ਦੀ ਮਹਾਨਤਾ ਤੋਂ ਦੁਨੀਆਂ ਨੂੰ ਜਾਣੂ ਕਰਾਉਣ ਲਈ 239 ਸਾਲ ਦਾ ਸਮਾਂ ਆਪਣੇ ਦਸਾਂ ਸਰੀਰਕ ਰੂਪਾਂ ਵਿੱਚ ਲਾਇਆ ਹੈ। ਸ਼ੁਰੂ ਤੋਂ ਹੀ ਜਦੋਂ ਗੁਰੂ ਸਾਹਿਬ ਸਿੱਧਾਂ ਨਾਲ ਵਿਚਾਰ ਚਰਚਾ ਕਰ ਰਹੇ ਸਨ ਤਾਂ ਸਿੱਧਾਂ ਨੇ ਆਪ ਜੀ ਦੇ ਸਰਬ ਪੱਖੀ ਗਿਆਨ ਤੋਂ ਪ੍ਰਭਾਵਿਤ ਹੁੰਦਿਆਂ ਪੁੱਛ ਲਿਆ ਸੀ

**"ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥"**
**(942)**

ਉਸ ਸਮੇਂ ਗੁਰੂ ਨਾਨਕ ਸਾਹਿਬ ਜੀ ਨੇ ਸਹਿਜ ਸੁਭਾਅ ਹੀ ਉੱਤਰ ਦਿੱਤਾ

**"ਸਬਦੁ ਗੁਰੂ ਸੁਰਤਿ ਧੁਨਿ ਚੇਲਾ"**
**(943)**

ਭਾਵ ਪਰਮਾਤਮਾ ਸੱਚਾ ਨਾਮ ਹੀ ਮੇਰਾ ਗੁਰੂ ਹੈ ਅਤੇ ਸੰਪੂਰਨ ਧਿਆਨ ਹੀ ਉਸਦਾ ਚੇਲਾ ਹੈ। ਸਰੀਰ ਨੂੰ ਨਾ ਆਪ ਜੀ ਨੇ ਕਿਤੇ ਗੁਰੂ ਵਜੋਂ ਵਡਿਆਈ ਦਿੱਤੀ ਅਤੇ ਨਾ ਹੀ ਆਪ ਜੀ ਨੇ ਚੇਲੇ ਵਜੋਂ ਸਰੀਰ ਨੂੰ ਵਡਿਆਇਆ ਹੈ, ਸਗੋਂ ਸੱਚੇ ਗਿਆਨ ਨੂੰ ਹੀ ਸਦੀਵੀ ਗੁਰੂ ਦੇ ਰੂਪ ਵਿੱਚ ਬਿਆਨਿਆ ਤੇ ਫਿਰ ਆਪਣੇ ਇਸ ਕਥਨ ਦੀ ਪ੍ਰੋੜਤਾ ਲਈ ਜਿੱਥੋਂ ਵੀ ਸੱਚ ਮਿਲਿਆ, ਆਪਣੇ ਕੋਲ ਇਕੱਠਾ ਕਰਦੇ ਗਏ। ਆਪ ਨੇ ਆਪਣੇ ਜੀਵਨ ਕਾਲ ਵਿੱਚ ਹੀ ਭਗਤ ਫਰੀਦ, ਭਗਤ ਕਬੀਰ, ਭਗਤ ਨਾਮਦੇਵ ਆਦਿਕ 15 ਭਗਤਾਂ ਦੀ ਬਾਣੀ ਨੂੰ ਇੱਕੋ ਥਾਂ ਇਕੱਠਾ ਕਰਕੇ ਇਹ ਸਾਬਤ ਕਰ ਦਿੱਤਾ ਕਿ ਸੱਚ ਸਦਾ ਹੀ ਸੱਚ ਰਹਿੰਦਾ ਹੈ ਜੇ ਕੋਈ ਵੀ ਸਤਿ ਸਰੂਪ ਪਰਮਾਤਮਾ ਨੂੰ ਸਮਝ ਲੈਂਦਾ ਹੈ, ਉਸ ਦੇ ਸ਼ਬਦ ਫਿਰ ਇਕੋ ਜਿਹੇ ਹੀ ਹੋ ਜਾਂਦੇ ਹਨ ਭਾਵੇਂ ਉਹ ਗੁਰੂ ਨਾਨਕ ਸਾਹਿਬ ਆਪ ਹੋਣ ਜਾਂ

**ਪ੍ਰੋਫੈਸਰ ਪੂਰਨ ਸਿੰਘ ਜੀ ਆਪਣੀ ਇੱਕ ਕਵਿਤਾ ਵਿੱਚ ਲਿਖਦੇ ਹਨ "ਅਸੀਂ ਸਾਰਾ ਸੰਸਾਰ ਸੱਚ ਦੀ ਖੋਜ ਲਈ ਢੂੰਡ ਮਾਰਿਆ ਪਰ ਸਭ ਤੋਂ ਅਮੋਲਕ ਭੰਡਾਰਾ, ਹੀਰੇ, ਜਵਾਹਰਾਤ ਦਾ ਖਜ਼ਾਨਾ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਅੰਦਰ ਭਰਿਆ ਪਿਆ ਹੈ। ਮੈਂ ਬਾਕੀ ਧਰਮਾਂ ਦੀਆਂ ਧਰਮ ਪੁਸਤਕਾਂ ਪੜ੍ਹੀਆਂ ਹਨ ਪਰ ਮੇਰੇ ਦਿਲ ਅਤੇ ਦਿਮਾਗ 'ਤੇ ਜੋ ਸ਼ਕਤੀਸ਼ਾਲੀ ਪ੍ਰਭਾਵ ਗੁਰੂ ਗ੍ਰੰਥ ਸਾਹਿਬ ਜੀ ਨੇ ਪਾਇਆ ਹੈ, ਉਹ ਮੈਨੂੰ ਹੋਰ ਕਿਤੇ ਨਹੀਂ ਲੱਭਿਆ।**

ਭਗਤ ਫਰੀਦ ਜਾਂ ਭਗਤ ਕਬੀਰ, ਭਗਤ ਨਾਮਦੇਵ ਸਿਰਫ ਸ਼ਬਦ ਦਾ ਰੂਪ ਹੀ ਵੱਖਰਾ ਹੁੰਦਾ ਹੈ। ਸੱਚ ਦੀ ਭਾਵਨਾ ਨੂੰ ਅੱਗੇ ਤੋਰਦਿਆਂ ਹੋਇਆ ਪੰਜਵੇਂ ਪਾਤਸ਼ਾਹ ਤੱਕ ਪੰਜਾਂ ਗੁਰੂ ਸਾਹਿਬਾਨ ਦੀ ਸਾਰੀ ਬਾਣੀ, ਹੋਰ ਭਗਤਾਂ ਦੀ ਬਾਣੀ ਅਤੇ ਭੱਟਾਂ ਦੀ ਬਾਣੀ ਆਦਿ ਗ੍ਰੰਥ ਵਿੱਚ ਇਕੱਠੀ ਹੋ ਚੁੱਕੀ ਸੀ। ਐਨਾ ਵੱਡ ਅਕਾਰੀ ਗ੍ਰੰਥ, ਗੁਰਮਤਿ ਦੇ ਵਿਦਵਾਨ ਭਾਈ ਗੁਰਦਾਸ ਜੀ ਨੇ ਪੰਚਮ ਪਾਤਸ਼ਾਹ ਜੀ ਦੀ ਨਿਗਰਾਨੀ ਵਿੱਚ ਸੰਪਾਦਿਤ ਕੀਤਾ, ਹਰ ਫਿਰਕੇ ਦੇ ਮਹਾਂਪੁਰਖਾਂ ਦਾ ਸੱਚ ਇਸ ਵਿੱਚ ਸ਼ਾਮਿਲ ਕੀਤਾ ਗਿਆ ਬਹੁਤ ਸਾਰੀਆਂ ਭਾਸ਼ਾਵਾਂ ਦਾ ਇਹ ਸੁਮੇਲ ਹੈ ਹਰ ਭਾਸ਼ਾ ਦੀ ਭਾਵਨਾ ਵਿੱਚੋਂ ਜੀਵਨ ਅਤੇ ਪਰਮਾਤਮਾ ਦਾ ਸੱਚਾ ਗਿਆਨ ਡੁੱਲ ਡੁੱਲ ਪੈਂਦਾ ਹੈ। ਅਲੱਗ ਅਲੱਗ ਭਾਸ਼ਾਵਾਂ ਦੇ ਵੱਖਰੇ ਸ਼ਬਦ ਇੱਕੋ ਥਾਂ ਇਕੱਠੇ ਹੋ ਕੇ, ਇਕੋ ਜਿਹੀ ਮਹਿਕ ਵੰਡਦਿਆਂ ਇਸ ਸਦਾ ਅਟੱਲ ਗੁਲਦਸਤੇ ਦਾ ਹਿੱਸਾ ਹੋ ਗਏ ਹਨ। ਇਸ ਚੋਟੀ ਦੀ ਸਾਹਿਤਕ ਸਿਰਜਣਾ ਦੀ ਮਿਸਾਲ ਸੰਸਾਰ ਵਿੱਚ ਦੂਜੀ ਕੋਈ ਨਹੀਂ ਹੈ। ਬਾਹਰੀ ਰਚਨਾ ਦੀ ਇਕ ਸੁਰਤਾ ਦੀ ਗੱਲ ਅਤੇ ਅੰਦਰੂਨੀ ਤੌਰ ਤੇ ਤਾਂ ਇਹ ਆਤਮਿਕ ਗਿਆਨ ਦਾ ਭੰਡਾਰ ਲਾਸਾਨੀ ਹੈ ਅਤੇ ਸਦਾ ਰਹੇਗਾ। ਸਾਰੀ ਮਨੁੱਖਤਾ ਦੇ ਸਾਂਝੇ ਇਸ਼ਟ ੧ਓ ਤੋਂ ਸ਼ੁਰੂ ਹੋਣੇ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਪਰਮਾਤਮਾ ਨਾਲ ਅਭੇਦਤਾ ਅਤੇ ਇਸ ਲਈ ਗੁਰੂ ਦੀ ਸ਼ਰਨ ਫੜਨ ਤੇ ਜ਼ੋਰ ਹੈ। **"ਗੋਬਿੰਦ ਮਿਲਣ"** ਦੇ ਉਦੇਸ਼ ਦੀ ਪ੍ਰਾਪਤੀ ਲਈ ਨਿਰਮਲ ਕਰਮ ਤੇ ਪਰਮਾਤਮਾ ਦਾ ਨਾਮ ਜਪਣ ਦਾ ਰਾਹ ਹੀ ਵਿਖਾਇਆ ਗਿਆ ਹੈ। ਇਸ ਜੀਵਨ ਫਲਸਫ਼ੇ ਨਾਲ ਭਰਪੂਰ ਆਦਿ ਗ੍ਰੰਥ ਸਾਹਿਬ ਜੀ ਨੂੰ ਜਦੋਂ ਦਸਮ ਪਾਤਸ਼ਾਹ **"ਗੁਰੂ ਗ੍ਰੰਥ ਸਾਹਿਬ"** ਦਾ ਰੁਤਬਾ ਦੇ ਕੇ ਖੁਦ ਮੱਥਾ ਟੇਕਦਿਆਂ ਇਸਨੂੰ ਸਮੁੱਚੀ ਮਨੁੱਖਤਾ ਦਾ ਗੁਰੂ ਆਖ ਕੇ ਵਡਿਆਉਂਦੇ ਹਨ, ਤਾਂ ਸਮੁੱਚੀ ਗੁਰੂ ਜੋਤ ਨੂੰ ਹੀ ਆਤਮਾ ਗ੍ਰੰਥ ਵਿੱਚ ਕਹਿ ਕੇ ਸਤਿਕਾਰਦੇ ਹਨ। ਕੋਈ ਵੀ ਮਨੁੱਖ ਪੂਰੇ ਧਿਆਨ ਨਾਲ ਇਸ ਧੁਰ ਕੀ ਬਾਣੀ ਦਾ ਅਧਿਐਨ ਕਰੇ ਤਾਂ ਉਹ ਮਨੁੱਖ ਹੋਣ ਦੀ ਮੰਜ਼ਿਲ ਦਾ ਹੱਕਦਾਰ ਹੋ ਜਾਂਦਾ ਹੈ। ਜੀਵਨ ਸੁਖਾਲਾ ਹੋ ਜਾਂਦਾ ਹੈ। ਆਲਾ ਦੁਆਲਾ ਮਹਿਕਣ ਲੱਗ ਜਾਂਦਾ ਹੈ। ਇਹ ਸਦਾ ਸਦ ਜਾਗਤ ਗੁਰੂ ਕਿਸੇ ਲਈ ਵੀ ਆਪਣੇ ਦਰਵਾਜੇ ਬੰਦ ਨਹੀਂ ਕਰਦੇ। ਦੇਸ਼ ਕਾਲ ਦੀਆਂ ਹੱਦਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਬੰਨ੍ਹ ਨਹੀਂ ਸਕਦੀਆਂ। ਸਮੁੱਚੇ ਸੰਸਾਰ ਵਿੱਚ ਇੱਕੋ ਸਮੇਂ ਇਹ, ਹਰ ਥਾਂ ਅਗਵਾਈ ਕਰ ਸਕਨ ਦੇ ਸਮਰੱਥ ਹਨ। ਕਿਸੇ ਨੂੰ ਜੀਵਨ ਦੇ ਕਿਸੇ ਵੀ ਪੱਖ ਦਾ ਗਿਆਨ ਲੋੜੀਂਦਾ ਹੋਵੇ, ਉਸਨੂੰ ਉਸ ਪੱਖ ਦਾ ਗਿਆਨ ਦੇਣ ਦੇ ਸਮਰੱਥ ਹਨ। ਕਿਸੇ ਵੀ ਸਰੀਰਧਾਰੀ ਗੁਰੂ ਕੋਲ ਅਜਿਹੀ ਸਮਰੱਥਾ ਨਹੀਂ ਹੈ। ਭਾਰਤ ਦੇ ਸਾਬਕਾ ਰਾਸ਼ਟਰਪਤੀ ਅਤੇ ਸੰਸਾਰ ਪ੍ਰਸਿੱਧ ਫਿਲਾਸਫਰ ਡਾਕਟਰ ਰਾਧਾ ਕ੍ਰਿਸ਼ਨਨ ਵੱਲੋਂ ਛਾਪੀ ਗਈ ਗੁਰਬਾਣੀ ਦੇ ਪੰਜ ਸੌ ਸ਼ਬਦਾਂ ਦੀ ਪੁਸਤਕ "ਸਿੱਖਾਂ ਦੀਆਂ ਪਵਿੱਤਰ ਲਿਖਤਾਂ" ਦੀ ਭੂਮਿਕਾ ਵਿੱਚ ਲਿਖਦੇ ਹਨ "ਗੁਰੂ ਗ੍ਰੰਥ ਸਾਹਿਬ ਦੀਆਂ ਅਟੱਲ ਸਚਿਆਰੀਆਂ ਤੇ ਅਤੁੱਟ ਭਗਤੀ ਦੇ ਸਾਹਮਣੇ ਸਮੁੰਦਰਾਂ ਤੇ ਪਹਾੜਾਂ ਦੇ ਸਾਰੇ ਹੱਦ ਬੰਨੇ ਜੋ ਇੱਕ ਦੇਸ਼ ਨੂੰ ਦੂਜੇ ਦੇਸ਼ ਨਾਲੋਂ ਵੱਖ ਕਰਦੇ ਹਨ ਹੱਟ ਜਾਣਗੇ"।

ਪ੍ਰੋਫੈਸਰ ਪੂਰਨ ਸਿੰਘ ਜੀ ਆਪਣੀ ਇੱਕ ਕਵਿਤਾ ਵਿੱਚ ਲਿਖਦੇ ਹਨ "ਅਸੀਂ ਸਾਰਾ ਸੰਸਾਰ ਸੱਚ ਦੀ ਖੋਜ ਲਈ ਢੂੰਡ ਮਾਰਿਆ ਪਰ ਸਭ ਤੋਂ ਅਮੋਲਕ ਭੰਡਾਰਾ, ਹੀਰੇ, ਜਵਾਹਰਾਤ ਦਾ ਖਜ਼ਾਨਾ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਅੰਦਰ ਭਰਿਆ ਪਿਆ ਹੈ। ਮੈਂ ਬਾਕੀ ਧਰਮਾਂ ਦੀਆਂ ਧਰਮ ਪੁਸਤਕਾਂ ਪੜ੍ਹੀਆਂ ਹਨ ਪਰ ਮੇਰੇ ਦਿਲ ਅਤੇ ਦਿਮਾਗ 'ਤੇ ਜੋ ਸ਼ਕਤੀਸ਼ਾਲੀ ਪ੍ਰਭਾਵ ਗੁਰੂ ਗ੍ਰੰਥ ਸਾਹਿਬ ਜੀ ਨੇ ਪਾਇਆ ਹੈ, ਉਹ ਮੈਨੂੰ ਹੋਰ ਕਿਤੇ ਨਹੀਂ ਲੱਭਿਆ। ਪ੍ਰੋਫੈਸਰ ਆਰਨਲਡ ਟਾਇਨਬੀ ਇੰਗਲੈਂਡ ਦੀ ਮਸ਼ਹੂਰ ਲੇਖਕ ਤੇ ਇਤਿਹਾਸਕਾਰ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ ਭਾਵ ਇਨਸਾਨੀ ਧਰਮ ਦਾ ਭਵਿੱਖ ਹਨੇਰੇ ਵਿੱਚ ਹੈ, ਫਿਰ ਵੀ ਇੱਕ ਗੱਲ ਵੇਖੀ ਜਾ ਸਕਦੀ ਹੈ ਉਹ ਇਹ ਹੈ ਕਿ ਮੌਜੂਦਾ ਵੱਡੇ ਮਜ਼ਹਬ ਇੱਕ ਦੂਜੇ ਉੱਤੇ ਵਧੇਰੇ ਅਸਰ ਪਾਉਣਗੇ ਪਰ ਸਿੱਖ ਧਰਮ ਤੇ ਉਸਦਾ ਧਰਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਬਾਕੀ ਦੁਨੀਆ ਨੂੰ ਇੱਕ ਖਾਸ ਵਡਮੁੱਲੀ ਚੀਜ਼ ਭੇਟ ਕਰੇਗਾ, ਕਿਉਂਕਿ ਇਸਦਾ ਖਜ਼ਾਨਾ ਆਤਮਕ ਸ਼ਾਂਤੀ ਦਾ ਅਮੁਲ ਸੋਮਾ ਹੈ। ਗੁਰਬਾਣੀ ਪ੍ਰਭੂ ਨਾਲ ਪਿਆਰ ਪਾਉਣ ਦਾ ਸਾਧਨ ਹੈ। ਗੁਰਬਾਣੀ ਰਾਹੀਂ ਸਹੀ ਜੀਵਨ ਜਾਂਚ ਦੀ ਸੋਝੀ ਮਿਲਦੀ ਹੈ। ਮਨੁੱਖ ਨੂੰ ਆਤਮਕ ਖੁਰਾਕ ਮਿਲਦੀ ਹੈ ਤੇ ਮਨ ਨੂੰ ਸ਼ਾਂਤੀ ਮਿਲਦੀ ਹੈ। ਗੁਰਬਾਣੀ ਕਰਮਕਾਂਡਾਂ ਤੋਂ ਬਚਾਉਂਦੀ ਹੈ। ਗੁਰਬਾਣੀ ਤੋਂ ਸਹਿਜ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ। ਸਾਰੀ ਦੁਨੀਆਂ ਦਾ ਧਰਮ ਇੱਕ ਹੀ ਹੈ ਉਹ ਹੈ ਸਚਿਆਰ ਬਣਨਾ, ਸੱਚ ਨੂੰ ਪ੍ਰਾਪਤ ਕਰਨਾ। ਸੱਚ ਨੂੰ ਜਾਨਣ ਦੇ ਵੱਖੋ ਵੱਖਰੇ ਰਸਤੇ ਹਨ ਵੱਖੋ ਵੱਖਰੇ ਮਜਹਬ ਹਨ। ਉਂਝ ਤਾਂ ਸਾਰੀ ਦੁਨੀਆਂ ਦੇ ਧਾਰਮਿਕ ਗ੍ਰੰਥ ਸਤਿਕਾਰ ਯੋਗ ਹਨ ਪਰ ਸੱਚ ਨੂੰ ਪਾਉਣ ਦਾ ਜੋ ਰਸਤਾ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਹੈ ਉਹ ਬਹੁਤ ਹੀ ਸਿੱਧਾ ਸਾਦਾ ਤੇ ਸਰਲ ਹੈ। ਸਮਾਜਿਕ, ਭਾਈਚਾਰਕ, ਧਾਰਮਿਕ ਅਤੇ ਸਦਾਚਾਰਕ ਕਦਰਾਂ ਕੀਮਤਾਂ ਨਾਲ ਭਰਪੂਰ ਗ੍ਰੰਥ ਹੈ। ਰੱਬੀ ਗੁਣਾਂ ਨੂੰ ਅਪਣਾ ਕੇ ਪਰਮਾਤਮਾ ਨਾਲ ਸਾਂਝ ਪਾਉਣ ਦਾ ਸੁੰਦਰ ਰਸਤਾ ਦਿਖਾਇਆ ਹੈ। ਅੱਜ ਦਾ ਯੁਗ ਮਿਥਿਹਾਸ ਕਰਾਮਾਤ ਤੇ ਕਰਮਕਾਂਡ ਵਰਗੀਆਂ ਬੇਲੋੜੀਆਂ ਰਸਮਾਂ ਨੂੰ ਕੋਈ ਆਗਿਆ ਨਹੀਂ ਦਿੰਦਾ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਜ਼ਰਾ ਕੁ ਗਹੁ ਨਾਲ ਦੇਖਿਆ ਜਾਵੇ ਤਾਂ ਇੰਜ ਮਹਿਸੂਸ ਹੁੰਦਾ ਹੈ ਕਿ ਸਿੱਖਾਂ ਦਾ ਮਹਾਨ ਗ੍ਰੰਥ ਸਾਰੀ ਦੁਨੀਆਂ ਨੂੰ ਸੱਚ ਦਾ ਉਪਦੇਸ਼ ਦੇ ਕੇ ਆਪਣੇ ਪਿਆਰ ਕਲਾਵੇ ਵਿੱਚ ਲੈ ਲੈਂਦਾ ਹੈ। ਗੁਰਬਾਣੀ ਨੂੰ ਵਿਚਾਰ ਨਾਲ ਪੜਨਾ ਤੇ ਉਸ ਦਾ ਭੇਦ ਸਮਝਣਾ ਅਤੇ ਫਿਰ ਹੋਰਾਂ ਨੂੰ ਸਮਝਾਉਣਾ, ਵੀਚਾਰ, ਗਿਆਨ ਦੇ ਰਸਤਾ ਨੂੰ ਅਖਤਿਆਰ ਕਰਨ ਤੇ ਜ਼ੋਰ ਦਿੱਤਾ ਗਿਆ ਹੈ। ਗੁਰੂ ਨਾਨਕ ਜੀ ਦਾ ਉਪਦੇਸ਼ ਸਾਡਾ ਰਾਹ ਰੌਸ਼ਨ ਕਰ ਰਿਹਾ ਹੈ।

**"ਅਕਲੀ ਸਾਹਿਬ ਸੇਵੀਐ**
**ਅਕਲੀ ਪਾਈਐ ਮਾਨੁ ॥**
**ਅਕਲੀ ਪੜ੍ਹਿ ਕੈ ਬੁਝੀਐ**
**ਅਕਲੀ ਕੀਚੈ ਦਾਨੁ ॥**
**ਨਾਨਕੁ ਆਖੈ ਰਾਹੁ ਏਹੁ**
**ਹੋਰਿ ਗਲਾਂ ਸੈਤਾਨੁ ॥ "**

**(1245)**

ਗੁਰੂ ਗ੍ਰੰਥ ਸਾਹਿਬ ਜੀ ਦੀ ਜੋ ਸਾਂਝ ਅਖੌਤੀ ਜਾਤੀਆਂ ਨਾਲ ਹੈ ਉਹ ਹੋਰ ਕਿਸੇ ਗ੍ਰੰਥ ਵਿੱਚ ਨਹੀਂ ਮਿਲਦੀ। ਆਪਸੀ ਭਾਈਚਾਰੇ ਦਾ ਸੁਨੇਹਾ ਪ੍ਰਦਾਨ ਕਰਦਾ ਹੈ ਅਦੁਤੀ ਗ੍ਰੰਥ । ਇਸ ਦੀ ਸਭ ਤੋਂ ਪਹਿਲੀ ਤੇ ਵੱਡੀ ਮਹਾਨਤਾ ਹੈ ਜੋ ਸੱਚ ਤੇ ਅਧਾਰਿਤ ਹੈ, ਸੱਚ ਕਦੇ ਪੁਰਾਣਾ ਨਹੀਂ ਹੁੰਦਾ

**ਸਚੁ ਪੁਰਾਣਾ ਨਾ ਥੀਐ**
**ਨਾਮੁ ਨ ਮੈਲਾ ਹੋਇ ॥**

**(1248)**

ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਆਧਾਰ ਸੱਚ ਹੈ, ਉਥੇ ਨਾਲ ਸੱਚ ਦੀ ਵਿਆਖਿਆ ਕੀਤੀ ਹੈ ਜਿਵੇਂ

**1. ਮਿਠਤੁ ਨੀਵੀ ਨਾਨਕਾ**
**ਗੁਣ ਚੰਗਿਆਈਆ ਤਤੁ ॥ (470)**
**2. ਕੂੜ ਨਿਖੁਟੇ ਨਾਨਕਾ**
**ਓੜਕਿ ਸਚਿ ਰਹੀ ॥ (953)**
**3. ਨਾਨਕ ਦੁਖੀਆ ਸਭੁ ਸੰਸਾਰੁ ॥**
**(954)**
**4. ਪਹਿਲਾ ਵਸਤੁ ਸਿਵਾਣਿ ਕੈ**
**ਤਾਂ ਕੀਚੈ ਵਾਪਾਰੁ ॥**
**(1410)**
**5. ਆਪੁ ਗਵਾਇ ਸੇਵਾ ਕਰੇ**
**ਤਾ ਕਿਛੁ ਪਾਏ ਮਾਨੁ ॥**
**(474)**

ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਗ੍ਰੰਥ ਵਿੱਚ ਬਿਨਾਂ ਭੇਦ ਭਾਵ ਤੋਂ ਹਰੇਕ ਪ੍ਰਾਣੀ ਨੂੰ ਬਰਾਬਰਤਾ ਦਾ ਦਰਜਾ ਦੇ ਕੇ ਸਮੁੱਚੀ ਮਨੁੱਖਤਾ ਨੂੰ ਹੱਦਾਂ ਵਲਗਣਾਂ ਤੋਂ ਬਾਹਰ ਕੱਢਿਆ ਗਿਆ ਹੈ। ਸ਼ੂਦਰ ਅਖਵਾਉਣ ਵਾਲਿਆਂ ਨੂੰ ਆਪਣੇ ਬਰਾਬਰ ਬਿਠਾਇਆ। ਰਾਜੇ ਮਹਾਰਾਜਿਆਂ ਨੂੰ ਸੱਚੀਆਂ ਗੱਲਾਂ ਸਮਝਾਈਆਂ। ਇਹੀ ਹੈ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਵਿਲੱਖਣਤਾ। ਸਾਰੇ ਸੰਸਾਰ ਵਿੱਚ ਅਜਿਹਾ ਕੋਈ ਗ੍ਰੰਥ ਨਹੀਂ ਜੋ ਇਸਦੀ ਬਰਾਬਰਤਾ ਕਰ ਸਕੇ। ਇਸ ਦੀ ਮਹਾਨਤਾ ਨੂੰ ਦੁਨੀਆਂ ਮੰਨਦੀ ਹੈ। ਸੁੱਖਾਂ ਦਾ ਮੂਲ ਸੋਮਾ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਬਦ ਵੀਚਾਰ ਅਪਨਾਉਣ ਨਾਲ ਮਿਲਦਾ ਹੈ।

-0-




# ਨੰਨੇ ਵਾਰਸ

## ਸਾਡੀ ਸੁਰੱਖਿਆ ਛਤਰੀ ਓਜ਼ੋਨ ਪਰਤ

-ਰਣਜੀਤ ਸਿੰਘ ਟੱਲੇਵਾਲ

ਪਿਆਰੇ ਬੱਚਿਓ, ਜਿਸ ਤਰ੍ਹਾਂ ਅਸੀਂ ਮੀਂਹ ਅਤੇ ਧੁੱਪ ਤੋਂ ਬਚਾਓ ਲਈ ਬਨਾਉਟੀ ਛਤਰੀ ਦੀ ਵਰਤੋਂ ਕਰਦੇ ਹਾਂ ਉਸੇ ਤਰ੍ਹਾਂ ਹੀ ਧਰਤੀ 'ਤੇ ਸਮੁੱਚੇ ਜੀਵਨ ਦੀ ਸੁਰੱਖਿਆ ਅਤੇ ਬਚਾਓ ਲਈ ਕੁਦਰਤ ਨੇ ਸੁਰੱਖਿਆ ਛਤਰੀ ਓਜ਼ੋਨ ਪਰਤ ਦੀ ਸਿਰਜਣਾ ਕੀਤੀ ਹੋਈ ਹੈ। ਧਰਤੀ ਦੁਆਲੇ ਲਿਪਟੇ ਵਾਯੂਮੰਡਲ ਦਾ ਪੰਜਵਾਂ ਭਾਗ ਆਕਸੀਜਨ ਹੈ। ਧਰਤੀ ਦੀਆਂ ਕਿਰਨਾਂ ਦੇ ਵਿਕਿਰਨੀ ਪ੍ਰਭਾਵ ਹੇਠ ਆਕਸੀਜਨ ਗੈਸ ਓਜ਼ੋਨ ਗੈਸ ਵਿਚ ਬਦਲਦੀ ਰਹਿੰਦੀ ਹੈ, ਜਿਸ ਕਾਰਨ ਧਰਤੀ ਦੀ ਸਤ੍ਹਾ ਤੋਂ ਲਗਭਗ 16 ਕਿਲੋਮੀਟਰ ਤੋਂ 23 ਕਿਲੋਮੀਟਰ ਤੱਕ ਛਤਰੀ ਦੀ ਤਰ੍ਹਾਂ ਓਜ਼ੋਨ ਪਰਤ ਬਣ ਜਾਂਦੀ ਹੈ। ਇਹ ਪਰਤ ਸੂਰਜ ਦੀਆਂ ਹਾਨੀਕਾਰਕ ਪਰਾਬੈਂਗਣੀ ਕਿਰਨਾਂ ਨੂੰ ਸੋਖ ਲੈਂਦੀ ਹੈ। ਜੇਕਰ ਓਜ਼ੋਨ ਪਰਤ ਜੀਵਾਂ ਨੂੰ ਇਨ੍ਹਾਂ ਕਿਰਨਾਂ ਦੇ ਘਾਤਕ ਪ੍ਰਭਾਵ ਤੋਂ ਨਾ ਬਚਾਵੇ ਤਾਂ ਜੀਵਾਂ ਉੱਪਰ ਪਰਾਬੈਂਗਣੀ ਕਿਰਨਾਂ ਦਾ ਹਾਨੀਕਾਰਕ ਪ੍ਰਭਾਵ ਪੈਂਦਾ ਰਹਿੰਦਾ ਹੈ। ਜਿਸ ਕਰਕੇ ਅਸੀਂ ਅੱਖਾਂ ਦੇ ਰੋਗਾਂ, ਚਮੜੀ ਦੇ ਕੈਂਸਰ ਰਸੌਲੀਆਂ ਦਾ ਸ਼ਿਕਾਰ ਹੁੰਦੇ ਰਹਿੰਦੇ ਹਾਂ।




ਪਰ ਅਫ਼ਸੋਸ ਹੈ ਕਿ ਸਾਡੀ ਇਹ ਸੁਰੱਖਿਆ ਛਤਰੀ ਨਸ਼ਟ ਹੋ ਰਹੀ ਹੈ। ਮਨੁੱਖ ਦੀਆਂ ਕਈ ਕੁਦਰਤੀ ਅਤੇ ਵਾਤਾਵਰਨ ਵਿਰੋਧੀ ਗਤੀਵਿਧੀਆਂ ਕਾਰਨ ਜਿਵੇਂ ਜੰਗਲਾਂ ਦੀ ਕਟਾਈ, ਗਲੋਬਲ ਵਾਰਮਿੰਗ, ਉਦਯੋਗੀਕਰਨ, ਸ਼ਹਿਰੀਕਰਨ, ਅਬਾਦੀਕਰਨ, ਕਲਾਈਮੇਂਟ ਚੇਂਜ, ਹਵਾ, ਪਾਣੀ, ਧਰਤੀ ਦਾ ਪ੍ਰਦੂਸ਼ਣ, ਪਥਰਾਟ ਬਾਲਣ (ਕੋਲਾ/ਪੈਟਰੋਲ) ਵੀ ਵੱਧ ਵਰਤੋਂ, ਫਰਿਜ਼, ਏਅਰ ਕੰਡੀਸ਼ਨਰਾਂ, ਸਪਰੇਅ ਆਦਿ ਕਾਰਨ ਸੁਰੱਖਿਆ ਛਤਰੀ ਨਸ਼ਟ ਹੋ ਰਹੀ ਹੈ ਅਤੇ ਪਤਲੀ ਹੋ ਰਹੀ ਹੈ।

ਓਜ਼ੋਨ ਪਰਤ ਦੀ ਸੁਰੱਖਿਆ ਲਈ ਸੰਯੁਕਤ ਰਾਸ਼ਟਰ ਨੇ 23 ਜਨਵਰੀ, 1995 ਨੂੰ 16 ਸਤੰਬਰ ਨੂੰ ਹਰ ਵਰ੍ਹੇ, ਅੰਤਰ ਰਾਸ਼ਟਰੀ ਓਜ਼ੋਨ ਪਰਤ ਸੁਰੱਖਿਆ ਦਿਵਸ ਵਜੋਂ ਮਨਾਉਣ ਦਾ ਫ਼ੈਸਲਾ ਕੀਤਾ ਸੀ ਤਾਂ ਕਿ ਲੋਕਾਂ ਵਿਚ ਇਸ ਸਬੰਧੀ ਆਮ ਸੂਝ ਪੈਦਾ ਕੀਤੀ ਜਾ ਸਕੇ। ਇਸ ਵਾਰ ਇਹ ਦਿਵਸ ਓਜ਼ੋਨ ਫਾਰ ਲਾਈਫ਼ ਥੀਮ ਹੇਠ ਮਨਾਇਆ ਜਾ ਰਿਹਾ ਹੈ।

ਓਜ਼ੋਨ ਪਰਤ ਦੀ ਸੁਰੱਖਿਆ ਹੀ ਸਾਡੀ ਸੁਰੱਖਿਆ ਹੈ। ਹਰ ਤਰ੍ਹਾਂ ਦੇ ਪ੍ਰਦੂਸ਼ਣ ਦੀ ਰੋਕਥਾਮ ਵੱਧ ਤੋਂ ਵੱਧ ਪੌਦੇ ਲਗਾ ਕੇ ਉਨ੍ਹਾਂ ਦੀ ਸੰਭਾਲ ਕਰਨਾ, ਨਿੱਜੀ ਆਵਾਜਾਈ ਦੇ ਸਾਧਨਾਂ ਦੀ ਥਾਂ ਸਮੂਹਿਕ ਤੌਰ 'ਤੇ ਜਨਤਕ ਆਵਾਜਾਈ ਦੇ ਸਾਧਨ ਵਰਤ ਕੇ, ਘੱਟ ਦੂਰੀ 'ਤੇ ਜਾਣ ਲਈ ਸਾਈਕਲ ਜਾਂ ਪੈਦਲ ਚੱਲਦੇ ਪਥਰਾਟ ਬਾਲਣਾਂ ਦੀ ਵਰਤੋਂ ਘੱਟ ਕਰ ਕੇ, ਊਰਜਾ ਦੇ ਨਵਿਆਉਣ ਯੋਗ ਸਾਧਨਾਂ ਦੀ ਵਰਤੋਂ ਕਰ ਕੇ ਅਸੀਂ ਸਾਰੇ ਸਮੂਹਿਕ ਤੌਰ 'ਤੇ ਓਜ਼ੋਨ ਪਰਤ ਦੀ ਸੁਰੱਖਿਆ ਲਈ ਯੋਗਦਾਨ ਪਾ ਸਕਦੇ ਹਾਂ।

ਸੋ ਆਓ ਪਿਆਰੇ ਬੱਚਿਓ, ਅੱਜ ਦੇ ਸ਼ੁੱਭ ਦਿਵਸ 'ਤੇ ਸਾਡੀ ਸੁਰੱਖਿਆ ਛਤਰੀ ਓਜ਼ੋਨ ਪਰਤ ਦੇ ਰੱਖ-ਰਖਾਓ ਲਈ ਪ੍ਰਣ ਕਰੀਏ।

-0-

ਕਵਿਤਾ

## ਬੁਝਾਰਤ

ਡਾ. ਸਾਧੂ ਰਾਮ ਲੰਗੇਆਣਾ 98781-17285.



ਸੋਹਣੀ-ਸੋਹਣੀ, ਪਿਆਰੀ-ਪਿਆਰੀ
ਲੱਗਦੀ ਜਿਵੇਂ ਕੋਈ ਰਾਜ ਕੁਮਾਰੀ
ਫੁੱਲ ਬਗੀਚੀਆਂ 'ਤੇ ਮੰਡਰਾਉਂਦੀ,
ਨਾਲ ਸੁਗੰਧੀਆਂ ਰਾਗ ਰਚਾਉਂਦੀ,
ਦੂਰ ਦੁਰਾਡੇ ਲਾ ਉਡਾਰੀ
ਰਸ ਦੀ ਲਿਆਵੇ ਭਰ ਪਿਚਕਾਰੀ,
ਖੱਗੇ ਦੇ ਵਿਚ ਵਾਪਸ ਆਵੇ,
ਘਿਓ ਦੇ ਕੁੱਪੇ ਭਰ ਟਿਕਾਵੇ,
ਸੰਗ ਸਹੇਲੀਆਂ ਰਲਮਿਲ ਰਹਿੰਦੀ,
ਨਾ ਕਿਸੇ ਨਾਲ ਐਵੇਂ ਖਹਿੰਦੀ,
ਏਕੇ ਦੇ ਵਿਚ ਬਰਕਤ ਹੋਵੇ,
ਤਾਹੀਉਂ ਹਰ ਦੇ ਮਨ ਭਾਵੇ
ਹਮੇਸ਼ਾ ਸਹਾਇਤਾ ਕਰਦੀ ਪੱਕੀ
ਕਹਿੰਦੇ ਜਿਸ ਨੂੰ ਸ਼ਹਿਦ ਦੀ ਮੱਖੀ
ਸ਼ਹਿਦ ਇਕੱਠਾ ਸਾਡੇ ਲਈ ਕਰਦੀ
ਕਈ ਰੋਗਾਂ ਲਈ ਬਣੇ ਹਮਦਰਦੀ।

# ਆਪਣਾ ਘਰ

–ਵਰਿੰਦਰ ਸਿੰਘ

ਬੱਚਿਓ, ਇਹ ਕਹਾਣੀ ਬਹੁਤ ਪੁਰਾਣੀ ਹੈ। ਇਕ ਸ਼ਹਿਰ ਦੇ ਕੋਲ ਇਕ ਬਹੁਤ ਵੱਡਾ ਜੰਗਲ ਸੀ। ਬਹੁਤ ਸਾਰੇ ਜਾਨਵਰ ਉਥੇ ਨਿਵਾਸ ਕਰਦੇ ਸਨ। ਉਨ੍ਹਾਂ ਦਾ ਇਕੱਠਾ ਹੀ ਭਾਈਚਾਰਾ ਸੀ। ਜਦੋਂ ਕਦੇ ਵੀ ਉਹ ਸ਼ਿਕਾਰ 'ਤੇ ਨਿਕਲਿਆ ਕਰਦੇ ਤਾਂ ਇਕੱਠੇ ਹੀ ਨਿਕਲਦੇ। ਇਹ ਤਾਂ ਸਾਨੂੰ ਸਭ ਨੂੰ ਹੀ ਪਤਾ ਹੈ ਕਿ ਜੰਗਲ ਦਾ ਰਾਜਾ 'ਸ਼ੇਰ' ਹੀ ਅਖਵਾਉਂਦਾ ਹੈ। ਬਾਕੀ ਦੇ ਜਾਨਵਰ ਉਸ ਦੇ ਹੁਕਮ ਅਨੁਸਾਰ ਚਲਦੇ ਹਨ। ਕਦੇ ਕੋਈ ਗੰਭੀਰ ਸਮੱਸਿਆ ਹੁੰਦੀ ਤਾਂ ਮਿਲ ਬੈਠ ਕੇ ਕਾਨਫ਼ਰੰਸ ਬੁਲਾ ਲਈ ਜਾਂਦੀ। ਜਾਨਵਰਾਂ ਨੇ ਆਪਣੀ ਕਮੇਟੀ ਵੀ ਬਣਾਈ ਹੋਈ ਸੀ।

ਜਦੋਂ ਕਦੇ ਕੋਈ ਵੱਡਾ ਸ਼ਿਕਾਰ ਕੀਤਾ ਜਾਂਦਾ ਤਾਂ ਜੰਗਲ 'ਚ ਬਹੁਤ ਸ਼ਾਨਦਾਰ ਜਸ਼ਨ ਕੀਤਾ ਜਾਂਦਾ ਸੀ। ਦੂਰ ਪ੍ਰਦੇਸ਼ ਦੇ ਜਾਨਵਰਾਂ ਨੂੰ ਵੀ ਦਾਵਤ 'ਤੇ ਸੱਦਾ ਭੇਜਿਆ ਜਾਂਦਾ। ਇਹ ਇਕ ਮਿਲਵਰਤਨ ਦੀ ਬੇਮਿਸਾਲ ਉਦਾਹਰਨ ਸੀ। ਜਿਥੇ ਜੰਗਲ ਹੋਵੇ ਉਥੇ ਨਹਾਉਣ ਅਤੇ ਪੀਣ ਲਈ ਪਾਣੀ ਵਾਸਤੇ ਨਦੀ ਦਾ ਹੋਣਾ ਸੁਭਾਵਿਕ ਹੁੰਦਾ ਹੈ। ਜਾਨਵਰ ਪਾਣੀ 'ਚ ਮਸਤੀਆਂ ਕਰਦੇ। ਇਕ ਵਾਰ ਇਕ ਹਾਥੀ ਦਾ ਬੱਚਾ ਪਾਣੀ ਪੀ ਰਿਹਾ ਸੀ ਤਾਂ ਇਕਦਮ ਨਦੀ ਵਿਚ ਬਹੁਤ ਜ਼ਿਆਦਾ ਪਾਣੀ ਆਉਣ ਕਰਕੇ ਉਹ ਪਾਣੀ 'ਚ ਡੁੱਬਣ ਲੱਗਿਆ ਤਾਂ ਸਾਰੇ ਜਾਨਵਰਾਂ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹਾਥੀ ਦੇ ਬੱਚੇ ਦੀ ਜਾਨ ਬਚਾਈ। ਸਾਰੇ ਜਾਨਵਰ ਬੇਹੱਦ ਖ਼ੁਸ਼ ਹੋਏ। ਜੰਗਲ ਦਾ ਰਾਜਾ ਵੀ ਬਹੁਤ ਖ਼ੁਸ਼ ਹੋਇਆ। ਉਸ ਨੇ ਉਸ ਦਿਨ ਕਾਨਫ਼ਰੰਸ ਬੁਲਾਈ। ਬਹੁਤ ਵਧੀਆ ਪੇਸ਼ਕਸ਼ ਕਰਦੇ ਹੋਏ ਰਾਜਾ ਨੇ ਆਪਣੇ ਸਾਥੀਆਂ ਨੂੰ ਸ਼ਾਬਾਸ਼ ਦਿੰਦੇ ਹੋਏ ਆਖਿਆ ਕਿ ਜਾਨਵਰ ਹਮੇਸ਼ਾ ਆਦਮੀ ਤੋਂ ਜ਼ਿਆਦਾ ਸਮਝਦਾਰ ਅਤੇ ਵਫ਼ਾਦਾਰ ਹੈ। ਆਦਮੀ ਤਾਂ ਆਦਮੀ ਦਾ ਵੈਰੀ ਬਣਦਾ ਜਾ ਰਿਹਾ ਹੈ ਅਤੇ ਜਾਇਦਾਦ ਦਾ ਲਾਲਚੀ ਹੈ, ਆਦਮੀ।

ਪਰ ਸਾਥੀਓ, ਅਸੀਂ ਇਨ੍ਹਾਂ ਬੁਰਾਈਆਂ ਤੋਂ ਦੂਰ ਰਹਿਣਾ ਹੈ। ਇਸ ਨਾਲ ਸਾਡੀ ਸ਼ਖ਼ਸੀਅਤ ਦਾ ਮਹੱਤਵ ਵਧੇਗਾ। ਲੋਕ ਸਾਡੀ ਹਮੇਸ਼ਾ ਪ੍ਰਸ਼ੰਸਾ ਕਰਨਗੇ। ਜੰਗਲ 'ਚ ਸਾਡੇ ਰਾਜ ਵਿਚ ਵਾਧਾ ਹੋਵੇਗਾ। ਲੋਕ ਸਾਨੂੰ ਡੰਗਰ ਕਹਿਣ ਤੋਂ ਗੁਰੇਜ਼ ਕਰਨਗੇ। ਅੰਤ ਵਿਚ ਮੇਰਾ ਇਹੀ ਹੁਕਮ ਹੈ ਕਿ ਬਰਫਬਾਰੀ ਦੀ ਸ਼ੁਰੂਆਤ ਤੋਂ ਪਹਿਲਾਂ ਪਹਿਲਾਂ ਆਪਣੇ ਰਹਿਣ ਦੀ ਢੁਕਵੀਂ ਜਗ੍ਹਾ ਭਾਵ ਘਰ ਬਣਾ ਲਓ। ਇਹ ਇਸ ਵਾਰ ਮੇਰੀ ਆਖ਼ਰੀ ਚਿਤਾਵਨੀ ਵੀ ਹੈ। ਗਿੱਦੜਾਂ ਦੇ ਝੁੰਡ ਨੇ ਕਿਹਾ ਪਿਛਲੇ ਸਾਲ ਆਲਸ ਕਾਰਨ ਅਸੀਂ ਆਪਣੀ ਰਿਹਾਇਸ਼ ਬਣਾਉਣ ਤੋਂ ਰਹਿ ਗਏ ਸੀ ਪਰ ਸਰਦਾਰ ਜੀ ਇਸ ਵਾਰ ਇਸ ਤਰ੍ਹਾਂ ਨਹੀਂ ਹੋਵੇਗਾ। ਪਰ ਬਦਕਿਸਮਤੀ ਨਾਲ ਬਰਫ਼ਬਾਰੀ ਇਸ ਵਾਰ ਏਨੀ ਹੋਈ ਕਿ ਗਿੱਦੜ ਕੁਝ ਵੀ ਨਾ ਕਰ ਸਕੇ। ਠੰਢ ਨਾਲ ਉਹ ਬਰਫ਼ 'ਚ ਹੀ ਦੱਬਣੇ ਸ਼ੁਰੂ ਹੋ ਗਏ। ਹੌਲੀ-ਹੌਲੀ ਉਨ੍ਹਾਂ ਦਾ ਝੁੰਡ ਹੀ ਖਤਮ ਹੋ ਗਿਆ। ਦਰਅਸਲ ਬੱਚਿਓ, ਗਿੱਦੜਾਂ ਦੀ ਇਹ ਪੁਰਾਣੀ ਆਦਤ ਹੈ ਕਿ ਉਹ ਸਮੇਂ ਸਿਰ ਆਪਣਾ ਘਰ ਨਹੀਂ ਬਣਾਉਂਦੇ। ਉਹ ਹਰੇਕ ਵਾਰ ਅੱਜ ਦਾ ਕੰਮ ਕੱਲ੍ਹ 'ਤੇ ਛੱਡ ਦਿੰਦ ਹਨ ਪਰ ਅਸੀਂ ਚੰਗੀ ਆਦਤ ਅਪਨਾਉਣੀ ਹੈ। ਤਾਂ ਕਿ ਪੜ੍ਹਾਈ ਕਰਨ ਦੇ ਨਾਲ-ਨਾਲ ਤੁਸੀਂ ਆਪਣਾ ਘਰ (ਕਿਸਮਤ) ਵੀ ਬਣਾ ਸਕੋ।

-0-

# ਪੰਜਾਬੀ ਸਬੰਧੀ ਜਾਣਕਾਰੀ

–ਰਣਜੀਤ ਸਿੰਘ

1. ਹੋਠੀ ਧੁਨੀਆਂ ਕਿਹੜੀਆਂ ਹਨ?
2. ਅਨੁਨਾਸਿਕ ਧੁਨੀਆ ਕਿਹੜੀਆਂ ਹਨ?
3. ਲਗਾਂਮਾਤਰਾ ਕੁੱਲ ਕਿੰਨੀਆਂ ਹਨ?
4. ਦੁੱਤ ਅੱਖਰ ਕਿਹੜੇ ਹਨ?
5. ਬੋਲੀ ਕਿੰਨੇ ਤਰ੍ਹਾਂ ਦੀ ਹੁੰਦੀ ਹੈ?
6. ਵਚਨ ਕਿੰਨੀ ਕਿਸਮ ਦੇ ਹੁੰਦੇ ਹਨ?
7. ਕਿਰਿਆ ਦੀਆਂ ਕਿੰਨੀਆਂ ਕਿਸਮਾਂ ਹਨ?
8. ਕਾਲ ਦੀਆਂ ਕਿਸਮਾਂ ਦੱਸੋ?
9. ਬੱਚਿਆਂ ਨੂੰ ਅੱਖਰ ਰਚਨਾ (ਲਿਖਤ) ਸਿਖਾਉਣ ਲਈ ਕਿਹੜੀ ਵਿਧੀ ਸਹੀ ਹੈ?
10. ਪੰਜਾਬੀ ਭਾਸ਼ਾ ਦੀਆਂ ਵਿਅੰਜਨ ਧੁਨੀਆ ਵਿਚੋਂ ਫਟਕਵਾਂ ਵਿਅੰਜਨ ਕਿਹੜਾ ਹੈ?

ਉੱਤਰ : **1.** ਪ, ਫ, ਬ, ਭ, ਮ, **2.** ਙ, ਞ, ਣ, ਨ, ਮ, **3.** ਦਸ, **4.** ਹ, ਰ, ਵ, **5.** 1. ਬੋਲਚਾਲ ਦੀ ਬੋਲੀ, 2. ਲਿਖਤੀ ਬੋਲੀ, **6.** 1. ਇਕ ਵਚਨ, ਬਹੁਵਚਨ, **7.** ਅਕਰਮਕ ਕਿਰਿਆ, ਸਕਰਮ ਕਿਰਿਆ, **8.** ਵਰਤਮਾਨ ਕਾਲ, ਭੂਤਕਾਲ, ਭਵਿੱਖਤ ਕਾਲ, **9.** ਲਿਖੇ ਗਏ ਅੱਖਰਾਂ 'ਤੇ ਕਲਮ ਚਲਾਉਣਾ। **10.** ੜ।

1. ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਸ ਲਿੱਪੀ ਦੀ ਵਰਤੋਂ ਹੁੰਦੀ ਹੈ?
2. ਪੰਜਾਬੀ ਵਰਨਮਾਲਾ ਵਿਚ ਕਿੰਨੇ ਅੱਖਰ ਹਨ?
3. ਗੁਰਮੁਖੀ ਵਰਨਮਾਲਾ ਵਿਚ ਕਿੰਨੇ ਅੱਖਰਾਂ ਨੂੰ ਪੈਰ ਵਿਚ ਬਿੰਦੀ ਲਗਾ ਕੇ ਲਿਖਿਆ ਜਾਂਦਾ ਹੈ?
4. ਗੁਰਮੁਖੀ ਵਰਨਮਾਲਾ ਵਿਚ ਕਿੰਨੇ ਅੱਖਰ ਸਵਰ ਹਨ?
5. ਵਿਅੰਜਨ, ਕਿਹੜੇ ਅੱਖਰ ਹਨ?
6. ਵਿਅੰਜਨਾਂ ਦੀਆਂ ਕੁੱਲ ਕਿੰਨੀਆਂ ਸ਼੍ਰੇਣੀਆਂ ਹਨ?
7. ਕੰਠੀ ਧੁਨੀਆਂ ਕਿਹੜੀਆਂ ਹਨ?
8. ਤਾਲਵੀ ਧੁਨੀਆਂ ਕਿਹੜੀਆਂ ਹਨ?
9. ਦੰਤੀ ਧੁਨੀਆਂ ਕਿਹੜੀਆਂ ਹਨ?

**1.** ਗੁਰਮੁਖੀ ਲਿੱਪੀ, **2.** ਪੈਂਤੀ ਅੱਖਰ ਹਨ, **3.** ਸ਼, ਖ਼, ਗ਼, ਜ਼, ਫ਼, ਲ਼, **4.** ੳ, ਅ, ੲ ਸਵਰ ਹਨ। **5.** ਸ ਤੋਂ ੜ ਤੱਕ ਵਿਅੰਜਨ ਹਨ। **6.** ਕਵਰਗ, ਚਵਰਗ, ਟਵਰਗ, ਤਵਰਗ, ਪਵਰਗ, **7.** ਕ, ਖ, ਗ, ਘ, ਙ, **8.** ਚ, ਛ, ਜ, ਝ, ਞ, **9.** ਟ, ਠ, ਡ, ਢ, ਣ, **10.** ਤ, ਥ, ਦ, ਧ, ਨ ਹਨ।

# ਕੱਤਕ ਕਿ ਵਸਾਖ

ਕਰਮ ਸਿੰਘ ਹਿਸਟੋਰੀਅਨ

ਸਤਿਗੁਰੂ ਨਾਨਕ ਦੇਵ ਜੀ ਕਿਸ ਮਹੀਨੇ ਪ੍ਰਗਟ ਹੋਏ ? ਕੱਤਕ ਕਿ ਵਸਾਖ ਵਿਚ ? ਇਸ ਦਾ ਨਿਰਣਾ ਕਈ ਔਖੀ ਗੱਲ ਨਹੀਂ। ਇਸ ਵੇਲੇ ਤੀਕ ਜਿੰਨੀਆਂ ਪੁਰਾਣੀਆਂ ਲਿਖਤਾਂ ਮਿਲਦੀਆਂ ਹਨ, ਉਨ੍ਹਾਂ ਸਾਰੀਆਂ ਤੋਂ ਇਹ ਸਿੱਧ ਹੁੰਦਾ ਹੈ ਕਿ ਸਤਿਗੁਰੂ ਜੀ ਵਸਾਖ ਸੁਦੀ ਤਿੰਨ ਨੂੰ ਪ੍ਰਗਟ ਹੋਏ, ਪਰ ਇਨ੍ਹਾਂ ਦੇ ਉਲਟ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਪ੍ਰਗਟ ਹੋਣ ਦੀ ਤਾਰੀਖ ਕੱਤਕ ਪੂਰਨਮਾਸ਼ੀ ਮੰਨੀ ਹੈ। ਵੇਖਣਾ ਹੁਣ ਇਹ ਹੈ ਕਿ ਕਿਹੜੀ ਤਾਰੀਖ ਸ਼ੁੱਧ ਹੈ ਅਤੇ ਕਿਹੜੀ ਅਸ਼ੁੱਧ ਹੈ।

ਸਭ ਤੋਂ ਪੁਰਾਣੀ ਲਿਖਤ ਉਹ ਜਨਮ ਸਾਖੀ ਹੈ, ਜੋ ਛੇਵੀਂ ਪਾਤਸ਼ਾਹੀ ਜੀ ਦੇ ਸਮੇਂ ਤੋਂ ਪਹਿਲਾਂ ਦੀ ਲਿਖੀ ਹੋਈ ਪ੍ਰਤੀਤ ਹੁੰਦੀ ਹੈ। ਇਕ ਪੋਥੀ ਜੋ ਛੇਵੀਂ ਪਾਤਸ਼ਾਹੀ ਜੀ ਦੇ ਸਮੇਂ ਲਿਖੀ ਗਈ ਸੀ, ਮੈਂ ਵੇਖੀ ਹੈ। ਇਹ ਪੋਥੀ ਕਿਸੇ ਪੁਰਾਤਨ ਪੋਥੀ ਦਾ ਉਤਾਰਾ ਸੀ, ਜੋ ਸ਼ਾਇਦ ਪੰਚਮ ਪਾਤਸ਼ਾਹ ਜੀ ਦੇ ਸਮੇਂ ਲਿਖੀ ਗਈ ਹੋਵੇ।

ਪੁਰਾਣੀਆਂ ਜਨਮ ਸਾਖੀਆਂ ਜੋ ਮੈਂ ਵੇਖੀਆਂ ਹਨ, ਉਹ ਸਾਰੀਆਂ ਉਸੇ ਜਨਮ ਸਾਖੀ ਦੇ ਉਤਾਰੇ ਹਨ, ਜੋ ਪੰਚਮ ਪਾਤਸ਼ਾਹ ਜੀ ਦੇ ਸਮੇਂ ਲਿਖੀ ਗਈ ਸੀ। ਇਸ ਜਨਮ ਸਾਖੀ ਵਿਚ ਸਤਿਗੁਰੂ ਜੀ ਦੇ ਪ੍ਰਗਟ ਹੋਣ ਦੀ ਤਾਰੀਖ ਵਸਾਖ ਸੁਦੀ ਤਿੰਨ ਹੀ ਦਿੱਤੀ ਹੈ।

ਇਸ ਪੁਰਾਣੀ ਲਿਖਤ ਤੋਂ ਉਤਰ ਕੇ ਦੂਜੀ ਪੁਰਾਣੀ ਲਿਖਤ ਜੋ ਮੈਂ ਵੇਖੀ ਹੈ, ਉਹ ਬਾਬਾ ਮਿਹਰਵਾਨ ਜੀ ਦੀ ਲਿਖੀ ਪੋਥੀ ਹੈ। ਬਾਬਾ ਮਿਹਰਵਾਨ ਜੀ ਪੰਚਮ ਪਾਤਸ਼ਾਹ ਜੀ ਤੇ ਛੇਵੇਂ ਪਾਤਸ਼ਾਹ ਜੀ ਦੇ ਸਮਕਾਲੀ ਸਨ। ਆਪ ਦੀ ਪੋਥੀ ਵਿਚ ਵੀ ਸਤਿਗੁਰੂ ਜੀ ਦੇ ਪ੍ਰਗਟ ਹੋਣ ਦੀ ਤਾਰੀਖ ਵਸਾਖ ਸੁਦੀ ਤਿੰਨ ਹੀ ਦਿੱਤੀ ਹੈ।

ਇਸ ਤੋਂ ਬਿਨਾਂ ਭਾਈ ਮਨੀ ਸਿੰਘ ਜੀ ਦੀ ਜਨਮ ਸਾਖੀ ਵਿਚ ਵੀ ਵਸਾਖ ਸੁਦੀ ਤਿੰਨ ਹੀ ਹੈ। ਮਹਿਮਾ ਪ੍ਰਕਾਸ਼ ਦਾ ਪਹਿਲਾ ਹਿੱਸਾ ਸੰਮਤ ੧੮੨੬ ਬਿ: ਵਿਚ ਲਿਖਿਆ ਗਿਆ ਸੀ ਉਸ ਹਿੱਸੇ ਵਿਚ ਤਾਂ ਵੈਸਾਖ ਸੁਦੀ ੩ ਤਾਰੀਖ ਮੰਨੀ ਹੈ, ਪਰ ਪਿਛਲਾ ਹਿੱਸਾ ਜੋ ਸੰਮਤ ੧੮੫੬ ਦੇ ਲਗ-ਭਗ ਲਿਖਿਆ ਗਿਆ ਸੀ, ਉਸ ਵਿਚ ਭਾਈ ਬਾਲੇ ਦਾ ਵੀ ਨਾਮ ਆਇਆ ਹੈ। ਇਸ ਤੋਂ ਜਾਪਦਾ ਹੈ ਕਿ ਉਸ ਸਮੇਂ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਰਿਵਾਜ ਹੋ ਚੱਲਿਆ ਸੀ।

ਪੁਰਾਣੀਆਂ ਲਿਖਤਾਂ ਮੈਂ ਹੋਰ ਵੀ ਵੇਖੀਆਂ ਸਨ, ਜਿਨ੍ਹਾਂ ਵਿਚ ਸਤਿਗੁਰੂ ਜੀ ਦੇ ਪ੍ਰਗਟ ਹੋਣ ਦੀ ਤਾਰੀਖ ਵਸਾਖ ਸੁਦੀ ਤਿੰਨ ਦਿੱਤੀ ਹੈ, ਪਰ ਉਨ੍ਹਾਂ ਸਾਰੀਆਂ ਵਿੱਚ ਪੁਰਾਣੀ ਜਨਮ ਜਾਖੀ ਦੀ ਹੀ ਨਕਲ ਕੀਤੀ ਗਈ ਹੈ, ਜੋ ਜਨਮ ਸਾਖੀ ਪੰਚਮ ਬਾਦਸ਼ਾਹ ਜੀ ਦੇ ਸਮੇਂ ਲਿਖੀ ਗਈ ਸੀ।

ਇਨ੍ਹਾਂ ਸਭ ਲਿਖਤਾਂ ਦੇ ਉਲਟ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਮੰਨਿਆ ਹੈ ਕਿ ਸਤਿਗੁਰੂ ਜੀ ਕੱਤਕ ਪੂਰਨਮਾਸ਼ੀ ਨੂੰ ਪ੍ਰਗਟ ਹੋਏ। ਜੇਕਰ ਗਹੁ ਨਾਲ ਇਸ ਜਨਮ ਸਾਖੀ ਨੂੰ ਪੜ੍ਹਿਆ ਜਾਵੇ ਤਾਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਜਨਮ ਸਾਖੀ ਕਦੋਂ ਕੁ ਲਿਖੀ ਗਈ ਹੋਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦਾਂ ਦੀ ਜੋ ਤਰਤੀਬ ਹੈ, ਉਹ ਪੰਚਮ ਪਾਤਸ਼ਾਹ ਜੀ ਦੀ ਬਣਾਈ ਹੋਈ ਹੈ, ਪਰ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਕਈ ਥਾਈਂ ਉਸੇ ਤਰਤੀਬ ਨਾਲ ਸ਼ਬਦ ਦਿੱਤੇ ਹਨ, ਜਿਸ ਤਰਤੀਬ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਹਨ ਅਤੇ ਪਹਿਲੀ ਪਾਤਸ਼ਾਹੀ ਤੋਂ ਬਿਨਾਂ ਦੂਜੀਆਂ ਪਾਤਸ਼ਾਹੀਆਂ ਦੇ ਸ਼ਬਦ ਵੀ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਹਨ, ਮਸੰਦ ਸ਼ਬਦ ਸਿੱਖਾਂ ਵਿਚ ਪੰਚਮ ਪਾਤਸ਼ਾਹ ਜੀ ਦੇ ਸਮੇਂ ਤੋਂ ਪ੍ਰਚਲਤ ਹੋਇਆ ਹੈ, ਪਰ ਇਹ ਸ਼ਬਦ ਵੀ ਇਸ ਜਨਮ ਸਾਖੀ ਵਿਚ ਮਿਲਦਾ ਹੈ। ਕਸ਼ਮੀਰ ਵਾਲੀ ਸਾਖੀ ਅੱਖਰ-ਅੱਖਰ ਪੁਰਾਤਨ ਜਨਮ ਸਾਖੀ ਦੀ ਨਕਲ ਹੈ ਅਤੇ ਹੋਰ ਵੀ ਕਈ ਗੱਲਾਂ ਐਸੀਆਂ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਭਾਈ ਬਾਲੇ ਵਾਲੀ ਜਨਮ ਸਾਖੀ ਸ੍ਰੀ ਦਸਮੇਸ਼ ਜੀ ਦੇ ਸਮੇਂ ਵਿਚ ਹੀ ਲਿਖੀ ਗਈ ਹੋਵੇਗੀ, ਇਸ ਤੋਂ ਪਹਿਲਾਂ ਨਹੀਂ।

ਭਾਈ ਬਾਲੇ ਵਾਲੀ ਜਨਮ ਸਾਖੀ ਜੋ ਅੱਜ ਕਲ੍ਹ ਪ੍ਰਚਲਤ ਹੈ, ਇਸ ਵਿਚ ਤੇ ਅਸਲੀ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਬਹੁਤ ਭੇਦ ਹੈ। ਸਿੱਖਾਂ ਨੇ 'ਪੁਰਾਤਨ ਜਨਮ ਸਾਖੀ' ਨੂੰ ਤਾਂ ਭੁਲਾ ਦਿੱਤਾ, ਪਰ ਭਾਈ ਬਾਲੇ ਵਾਲੀ ਜਨਮ ਸਾਖੀ ਕੱਢ ਕੇ ਬਾਕੀ ਸਾਰੀ ਨੂੰ ਪ੍ਰਵਾਨ ਕਰ ਲਿਆ ਹੈ। ਜੇਕਰ ਭਾਈ ਬਾਲੇ ਵਾਲੀ ਅਸਲੀ ਜਨਮ ਸਾਖੀ ਨੂੰ ਵੇਖਿਆ ਜਾਵੇ ਤਾਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਇਸ ਦਾ ਲਿਖਣ ਵਾਲਾ ਕੋਈ ਹੰਦਾਲੀਆਂ ਹੈ ਅਤੇ ਜੇਕਰ ਬਾਲਾ ਹੰਦਾਲ ਜੀ ਦੇ ਪੁੱਤਰ ਦੀਆਂ ਪਰਚੀਆਂ ਤੇ ਇਸ ਜਨਮ ਸਾਖੀ ਨੂੰ ਰਲਾ ਕੇ ਪੜ੍ਹਿਆ ਜਾਵੇ ਤਾਂ ਸਾਫ ਸਿੱਧ ਹੋ ਜਾਂਦਾ ਹੈ ਕਿ ਇਹ ਦੋਵੇਂ ਸਾਖੀਆਂ ਇਕ ਹੀ ਕਲਮ ਦੀਆਂ ਲਿਖੀਆਂ ਹੋਈਆਂ ਹਨ, ਜਿਸ ਦਾ ਅੰਤ੍ਰੀਵ ਭਾਵ ਸਤਿਗੁਰੂ ਜੀ ਨੂੰ ਛੋਟਾ ਤੇ ਬਾਬਾ ਹੰਦਾਲ ਨੂੰ ਵੱਡਾ ਸਿੱਧ ਕਰਨਾ ਸੀ।

ਇਸ ਲਈ ਕਿ ਇਹ ਜਨਮ ਸਾਖੀ ਸਿੱਖਾਂ ਵਿਚ ਸਹਿਜ ਨਾਲ ਪ੍ਰਚਲੱਤ ਹੋ ਸਕੇ, ਇਸ ਦਾ ਕਰਤਾ ਭਾਈ ਬਾਲਾ ਬਣਾਇਆ ਗਿਆ, ਜਿਸ ਨੂੰ ਸਤਿਗੁਰੂ ਜੀ ਦਾ ਸਾਥੀ ਬਣਾ ਕੇ ਵਧੀਕ ਪਰਮਾਣੀਕ ਬਨਾਉਣ ਦਾ ਜਤਨ ਕੀਤਾ ਗਿਆ, ਪਰ ਅਸਲ ਗੱਲ ਇਹ ਹੈ ਕਿ ਭਾਈ ਬਾਲਾ ਕੋਈ ਹੋਇਆ ਹੀ ਨਹੀਂ।

ਭਾਈ ਗੁਰਦਾਸ ਜੀ ਨੇ ਯਾਰਵੀਂ ਵਾਰ ਵਿਚ ਉਨ੍ਹਾਂ ਸਭ ਸਿੱਖਾਂ ਦੇ ਨਾਮ ਲਿਖੇ ਹਨ, ਜਿਨ੍ਹਾਂ ਦਾ ਕਿਸੇ ਨਾ ਕਿਸੇ ਪਾਤਸ਼ਾਹੀ ਨਾਲ ਸੰਬੰਧ ਰਿਹਾ ਹੈ। ਸਤਿਗੁਰੂ ਨਾਨਕ ਜੀ ਦੇ ਸਿੱਖਾਂ ਵਿਚੋਂ ਭਾਈ ਮਰਦਾਨੇ ਦਾ ਨਾਮ ਤਾਂ ਆਉਂਦਾ ਹੈ, ਪਰ ਭਾਈ ਬਾਲੇ ਦਾ ਨਾਮ ਕਿਤੇ ਨਹੀਂ ਆਉਂਦਾ। ਜਿਸ ਤੋਂ ਸਿੱਧ ਹੈ ਕਿ ਭਾਈ ਬਾਲਾ ਕੋਈ ਸੀ ਹੀ ਨਹੀਂ। ਇਸੇ ਤਰ੍ਹਾਂ ਕਿਸੇ ਵੀ ਪੁਰਾਣੀ ਲਿਖਤ ਵਿਚ ਭਾਈ ਬਾਲੇ ਦਾ ਨਾਮ ਨਹੀਂ ਆਉਂਦਾ, ਪਰ ਭਾਈ ਮਰਦਾਨੇ ਦਾ ਨਾਮ ਹਰ ਇਕ ਲਿਖਤ ਵਿਚ ਹੈ। ਅਨੋਖੀ ਗੱਲ ਹੈ ਕਿ ਸਤਿਗੁਰੂ ਜੀ ਦਾ ਐਸਾ ਨਿਕਟ ਵਰਤੀ ਸਿੱਖ ਹੋਵੇ ਤੇ ਭਾਈ ਗੁਰਦਾਸ ਜੀ ਜਾਂ ਕਿਸੇ ਪੁਰਾਤਨ ਸਿੱਖ ਨੂੰ ਉਸ ਦਾ ਪਤਾ ਨਾ ਹੋਵੇ।

ਚੂੰਕਿ ਬਾਬਾ ਹੰਦਾਲ ਜੀ ਦੇ ਪੁੱਤਰ ਬਿਧੀ ਚੰਦ ਨੇ ਆਪਣੇ ਪਿਤਾ ਨੂੰ ਸਤਿਗੁਰੂ ਜੀ ਨਾਲੋਂ ਵੱਡਾ ਸਿੱਧ ਕਰਨਾ ਸੀ, ਇਸ ਲਈ ਉਸ ਨੇ ਭਾਈ ਬਾਲੇ ਦਾ ਨਾਮ ਘੜ ਕੇ ਕਈ ਅਯੋਗ ਗੱਲਾਂ ਭਾਈ ਬਾਲੇ ਦੇ ਮੂੰਹੋਂ ਅਖਵਾਈਆਂ ਅਤੇ ਸਤਿਗੁਰੂ ਜੀ ਨੂੰ ਛੋਟਾ ਸਿੱਧ ਕਰਨ ਦੇ ਜਤਨ ਵਿਚ ਹੀ ਆਪ ਦੇ ਪਰਗਟ ਹੋਣ ਦਾ ਮਹੀਨਾ ਕੱਤਕ ਮੰਨਿਆ, ਜੋ ਹਿੰਦੂਆਂ ਵਿਚ ਬੜਾ ਭੈੜਾ ਮਹੀਨਾ ਗਿਣਿਆ ਜਾਂਦਾ ਹੈ। ਇਥੋਂ ਤਕ ਕਿ ਜਿਸ ਤ੍ਰੀਮਤ ਦੇ ਇਸ ਮਹੀਨੇ ਬਾਲਕ ਹੋਵੇ, ਉਸ ਨੂੰ ਘਰੋਂ ਕੱਢ ਦੇਣ ਦਾ ਹੁਕਮ ਹੈ। ਇਸ ਤੋਂ ਲੇਖਕ ਦਾ ਇਹ ਭਾਵ ਸੀ ਕਿ ਸਤਿਗੁਰੂ ਜੀ ਦਾ ਅਵਤਾਰ ਹੋਣਾ ਤਾਂ ਕਿਤੇ ਰਿਹਾ, ਪੈਦਾਇਸ਼ ਦੇ ਲਿਹਾਜ਼ ਨਾਲ ਮਾਮੂਲੀ ਆਦਮੀ ਵੀ ਨਹੀਂ ਸਨ।

ਅਠਾਰਾਂ ਵਰ੍ਹੇ ਹੋਏ ਹਨ ਕਿ ਮੈਂ 'ਕੱਤਕ ਕਿ ਵਿਸਾਖ' ਨਾਮੇ ਇਕ ਪੁਸਤਕ ਲਿਖੀ ਸੀ, ਜਿਸ ਵਿਚ ਮੈਂ ਸਿੱਧ ਕੀਤਾ ਸੀ ਕਿ ਭਾਈ ਬਾਲੇ ਵਾਲੀ ਜਨਮ ਸਾਖੀ ਹੰਦਾਲੀਆਂ ਦੀ ਲਿਖੀ ਹੋਈ ਹੈ, ਭਾਈ ਬਾਲਾ ਕੋਈ ਨਹੀਂ ਹੋਇਆ ਅਤੇ ਸਤਿਗੁਰੂ ਨਾਨਕ ਜੀ ਕੱਤਕ ਪੂਰਨਮਾਸ਼ੀ ਨੂੰ ਨਹੀਂ ਸਗੋਂ ਵਸਾਖ ਸੁਦੀ ਤਿੰਨ ਨੂੰ ਪਰਗਟ ਹੋਏ ਸਨ। ਜਿਸ ਸੱਜਣ ਨੇ ਵਿਸਥਾਰ ਨਾਲ ਇਸ ਗੱਲ ਦੀ ਖੋਜ ਕਰਨੀ ਹੋਵੇ, ਉਹ 'ਕਤਕ ਕਿ ਵਸਾਖ' ਨਾਮੇ ਕਿਤਾਬ ਨੂੰ ਪੜ੍ਹ ਵੇਖੇ।

ਮੁੱਕਦੀ ਗੱਲ ਇਹ ਕਿ ਵਸਾਖ ਸੁਦੀ ੩ ਨੂੰ ਗੁਰੂ ਨਾਨਕ ਸਾਹਿਬ ਦਾ ਜਨਮ ਪੰਚਮ ਪਾਤਸ਼ਾਹੀ ਜੀ ਦੇ ਸਮੇਂ ਸ਼ੁੱਧ ਮੰਨਿਆ ਜਾਂਦਾ ਸੀ। ਇਹੋ ਤਾਰੀਖ ਪੁਰਾਤਨ ਸਿੱਖਾਂ ਵਿਚ ਪਰਚੱਲਤ ਸੀ। ਕੱਤਕ ਪੂਰਨਮਾਸ਼ੀ ਦਾ ਰਿਵਾਜ ਭਾਈ ਬਾਲੇ ਵਾਲੀ ਜਨਮ ਸਾਖੀ ਤੋਂ ਤੁਰਿਆ, ਜੋ ਹੰਦਾਲੀਆਂ ਦੀ ਲਿਖੀ ਹੋਈ ਤੇ ਹੋਛੇ ਭਾਵ ਨਾਲ ਲਿਖੀ ਹੋਈ ਹੈ। ਇਸ ਲਈ ਸਤਿਗੁਰੂ ਜੀ ਦੇ ਪ੍ਰਗਟ ਹੋਣ ਦੀ ਤਾਰੀਖ ਵਸਾਖ ਸੁਦੀ ਤਿੰਨ ਹੀ ਹੈ, ਕੱਤਕ ਪੂਰਨਮਾਸ਼ੀ ਨਹੀਂ ਹੈ। -0-

# ਯਾਦ ਆਉਂਦੇ ਹਨ ਭਲੇ ਵੇਲਿਆਂ ਦੇ ਭਲੇ ਲੀਡਰ

**ਜਸਵੰਤ ਜ਼ੀਰਖ 9815169825**

ਜੇ ਅਸੀਂ ਸਾਡੇ ਦੇਸ਼ ਦੇ ਮੁਢਲੇ (1947 ਤੋਂ ਬਾਅਦ) ਅਤੇ ਮੌਜੂਦਾ ਰਾਜ ਪ੍ਰਬੰਧ ਤੇ ਸਿਆਸੀ ਪਹਿਲੂਆਂ ਦਾ ਤੁਲਨਾਤਮਕ ਅਧਿਅਨ ਕਰੀਏ ਤਾਂ ਬਹੁਤ ਕੁੱਝ ਬਦਲਿਆ, ਵਿਸਰਿਆ, ਉਸਰਿਆ ਆਦਿ ਦਿਮਾਗ਼ ਵਿਚ ਘੁੰਮੇਗਾ, ਜਿਸ ਨੂੰ ਵੀਹਵੀਂ ਸਦੀ ਦੇ ਤਕਰੀਬਨ ਚੌਥੇ ਦਹਾਕੇ ਦੇ ਆਸ ਪਾਸ ਜਨਮੀਂ ਪੀੜ੍ਹੀ ਦੇ ਲੋਕਾਂ ਨੇ, ਜੋ ਅੱਜ 70ਵਿਆਂ ਜਾਂ ਇਸ ਤੋਂ ਵੱਧ ਦੀ ਉਮਰ ਵਿਚ ਪਹੁੰਚੀ ਹੋਈ ਹੈ, ਨੇ ਹੰਡਾਇਆ ਹੈ।

ਹੋਰ 10-20 ਸਾਲਾਂ ਵਿਚ ਇਹ ਪੀੜ੍ਹੀ ਦੇਸ਼ ਦੀ ਜਨਸੰਖਿਆ ਵਿਚੋਂ ਅਲੋਪ ਹੋਣ ਜਾ ਰਹੀ ਹੈ। ਭਾਵੇਂ 1947 ਤੋਂ ਪਹਿਲਾਂ ਜਿਸ ਆਜ਼ਾਦੀ ਦੀ ਪ੍ਰਾਪਤੀ ਲਈ ਅਨੇਕਾਂ ਗ਼ਦਰੀ ਬਾਬੇ, ਭਗਤ ਸਰਾਭੇ ਫਾਂਸੀਆਂ ਦੇ ਰੱਸੇ ਚੁੰਮ ਗਏ, ਉਹ ਦੇਸ਼ ਨੂੰ ਨਸੀਬ ਨਹੀਂ ਹੋਈ। ਪਰ ਘੁੱਗ ਵਸਦੀ ਗੁਮਰਾਹ ਹੋਈ ਜਨਤਾ ਨੂੰ ਹਾਕਮਾਂ ਨੇ ਇਕ ਦੂਜੇ ਦਾ ਖ਼ੂਨ ਵਹਾਉਣ ਵਲ ਧੱਕ ਕੇ, ਲੱਖਾਂ ਲੋਕਾਂ ਦੇ ਉਜਾੜੇ ਰਾਹੀਂ ਜਿਹੜੀ ਆਜ਼ਾਦੀ ਪ੍ਰਾਪਤ ਵੀ ਹੋਈ, ਉਹ ਵੀ ਅੱਜ ਬਰਕਰਾਰ ਨਹੀਂ ਰਹੀ।

ਦੇਸ਼ ਵਿੱਚ ਉਸ ਮੁਢਲੇ ਦੌਰ ਦੇ ਪ੍ਰਧਾਨ ਮੰਤਰੀਆਂ ਸਮੇਤ ਉਸ ਵੇਲੇ ਦੇ ਹੋਰ ਸਿਆਸਤਦਾਨਾਂ ਦੇ ਕਿਰਦਾਰ ਦੀ, ਜੇ ਅੱਜ ਦੇ ਪ੍ਰਧਾਨ ਮੰਤਰੀ ਅਤੇ ਹੋਰ ਵੱਖ ਵੱਖ ਸਿਆਸੀ ਪਾਰਟੀਆਂ ਦੇ ਲੀਡਰ ਅਖਵਾਉਣ ਵਾਲੇ ਲੋਕਾਂ ਦੇ ਕਿਰਦਾਰ ਦੀ ਤੁਲਣਾ ਕਰੀਏ ਤਾਂ ਇਹ ਦੇਸ਼ ਪ੍ਰਤੀ ਭਾਵਨਾਵਾਂ ਪੱਖੋਂ ਅਤਿ ਦੀ ਗਿਰਾਵਟ ਵਲ ਜਾਂਦਾ ਵਿਖਾਈ ਦੇਵੇਗਾ। ਭਾਵੇਂ ਉਸ ਵੇਲੇ ਅੰਗਰੇਜ਼ਾਂ ਵਲੋਂ ਚਲਾਏ ਜਾ ਰਹੇ ਰਾਜ ਪ੍ਰਬੰਧ ਨੂੰ ਬਦਲੇ ਬਿਨਾ, ਆਜ਼ਾਦੀ ਦੇ ਨਾਂ ਹੇਠ ਵੀ ਉਸੇ ਲੀਹ ਅਨੁਸਾਰ ਚਲਦਾ ਰਖਿਆ ਗਿਆ ਪਰ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਨਾਲ ਨਿਪਟਣ ਲਈ ਉਨ੍ਹਾਂ ਨੇਤਾਵਾਂ ਵਲੋਂ ਪੰਜ ਸਾਲਾ ਯੋਜਨਾਵਾਂ ਬਣਾ ਕੇ ਦੂਰ ਕਰਨ ਦੇ ਯਤਨ ਅਰੰਭ ਹੋਏ।

ਦੇਸ਼ ਵਿਚੋਂ ਭੁੱਖਮਰੀ, ਗ਼ਰੀਬੀ, ਬੇਰੋਜ਼ਗਾਰੀ ਆਦਿ ਖ਼ਤਮ ਕਰਨ ਲਈ ਕਈ ਤਰ੍ਹਾਂ ਦੀਆਂ ਸਕੀਮਾਂ ਰਾਹੀਂ ਦੇਸ਼ ਦੇ ਵਿਕਾਸ ਅਤੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦੇ ਉਪਰਾਲਿਆਂ ਦੀ ਸ਼ੁਰੂਆਤ ਹੋਈ। ਦੇਸ਼ ਦੀ ਖੇਤੀਬਾੜੀ ਅਤੇ ਸਨਅਤ ਦੇ ਸੁਧਾਰ ਲਈ ਭਾਖੜਾ ਡੈਮ ਵਰਗੇ ਪਬਲਿਕ ਪ੍ਰੋਜੈਕਟ, ਨਹਿਰਾਂ, ਕੱਸੀਆਂ ਅਤੇ ਨਵੇਂ ਉਦਯੋਗਾਂ ਰਾਹੀਂ ਰੋਜ਼ਗਾਰ ਦੇ ਸਾਧਨਾਂ ਵਿਚ ਲਗਾਤਾਰ ਵਾਧਾ ਹੋਇਆ।

ਸਿਆਸੀ ਆਗੂਆਂ ਵਲੋਂ ਦੇਸ਼ ਦੀਆਂ ਲੋੜਾਂ ਨੂੰ ਮੁੱਖ ਰਖਦਿਆਂ ਪ੍ਰਵਾਰਕ ਤੇ ਨਿੱਜੀ ਲੋਭ ਲਾਲਚ ਤਿਆਗ ਕੇ, ਦ੍ਰਿੜ੍ਹਤਾ, ਲਗਨ ਅਤੇ ਇਮਾਨਦਾਰੀ ਨਾਲ ਨਿਭਾਈਆਂ ਅਪਣੀਆਂ ਜ਼ਿੰਮੇਵਾਰੀਆਂ ਵੀ ਸਾਹਮਣੇ ਵਿਖਾਈ ਦੇਣਗੀਆਂ। ਅਲੋਪ ਹੋਈ ਜਾ ਰਹੀ ਉਸ ਪੀੜ੍ਹੀ ਦੇ ਕਿਰਤੀ, ਕਿਸਾਨ ਲੋਕਾਂ ਨੇ ਵੀ ਅਪਣੀ ਸਖ਼ਤ ਮਿਹਨਤ ਦੇ ਬਲ ਨਾਲ ਦੇਸ਼ ਦੇ ਹਰ ਖੇਤਰ ਵਿਚ ਅਪਣਾ ਖ਼ੂਨ ਪਸੀਨਾ ਵਹਾਇਆ।

ਉਸ ਦੌਰ ਦੇ ਸਿਆਸੀ ਆਗੂਆਂ ਦੇ ਨਿੱਜੀ ਜੀਵਨ 'ਤੇ ਝਾਤ ਮਾਰਦਿਆਂ ਬਹੁਤ ਕੁੱਝ ਅਜਿਹਾ ਸਾਹਮਣੇ ਆ ਜਾਂਦਾ ਹੈ ਕਿ ਉਨ੍ਹਾਂ ਦੀਆਂ ਦੇਸ਼ ਪ੍ਰਤੀ ਵਫ਼ਾਦਾਰੀਆਂ ਦੇ ਜਜ਼ਬੇ ਅੱਗੇ ਸਿਰ ਝੁਕ ਜਾਂਦਾ ਹੈ। ਕਾਮਰੇਡ ਤੇਜਾ ਸਿੰਘ ਸੁਤੰਤਰ ਵਰਗੇ ਲੋਕਾਂ ਦੇ ਮਸੀਹਾ ਕਹਾਉਣ ਵਾਲੇ ਸਿਆਸਤਦਾਨਾਂ ਦੇ ਜੀਵਨ ਦੀਆਂ ਘਟਨਾਵਾਂ ਫਰੋਲਦਿਆਂ ਪਤਾ ਲਗਦਾ ਹੈ ਕਿ 1971 ਵਿਚ ਉਹ ਸੰਗਰੂਰ ਹਲਕੇ 'ਚੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ ਸਨ। ਜਦੋਂ ਉਹ 1973 ਵਿਚ ਕਿਸਾਨੀ ਮੁੱਦੇ 'ਤੇ ਲੋਕ ਸਭਾ ਵਿਚ ਬੋਲ ਰਹੇ ਸਨ ਤਾਂ ਅਚਾਨਕ ਦਿਲ ਦਾ ਦੌਰਾ ਪੈ ਗਿਆ ਜਿਸ ਕਰ ਕੇ ਸਭ ਨੂੰ ਹੱਥਾਂ ਪੈਰਾਂ ਦੀ ਪੈ ਗਈ।

ਜਦੋਂ ਉਨ੍ਹਾਂ ਨੂੰ ਚੁੱਕ ਕੇ ਸੈਂਟਰ ਹਾਲ ਵਿਖੇ ਲਿਆਂਦਾ ਤਾਂ ਉੱਥੇ ਹੀ ਮੌਤ ਹੋ ਗਈ। **ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੀ ਨਾਲ ਸੀ। ਉਨ੍ਹਾਂ ਦੀ ਹਾਜ਼ਰੀ ਵਿਚ ਹੀ ਜਦੋਂ ਸੁਤੰਤਰ ਜੀ ਦੇ ਗਲ 'ਚੋਂ ਘਸਿਆ ਤੇ ਮੈਲਾ ਜਿਹਾ ਝੋਲਾ ਲਾਹ ਕੇ ਫਰੋਲਿਆ ਤਾਂ ਵਿਚੋਂ ਦੋ ਰੋਟੀਆਂ ਅਤੇ ਇਕ ਅੰਬ ਦੇ ਅਚਾਰ ਦੀ ਫਾੜੀ ਨਿਕਲੀ ਸੀ। ਇੰਦਰਾ ਗਾਂਧੀ ਸਮੇਤ ਹੋਰ ਸਾਰੇ ਇਹ ਵੇਖ ਹੈਰਾਨ ਤੇ ਹੱਕੇ ਬੱਕੇ ਰਹਿ ਗਏ।**

ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਸ਼੍ਰੋਮਣੀ ਕਮੇਟੀ ਦੀ ਸਿਆਹੀ ਤਕ ਨਹੀਂ ਸੀ ਵਰਤਦੇ। ਘਰੋਂ ਅਪਣੇ ਪੈੱਨ ਵਿਚ ਸਿਆਹੀ ਭਰ ਕੇ ਲਿਆਂਦੇ। ਇਕ ਦਿਨ ਬਾਰਸ਼ ਏਨੀ ਪਈ ਕਿ 3-4 ਘੰਟੇ ਰੁਕਣ ਦਾ ਨਾਂ ਨਾ ਲਵੇ। ਮਾਸਟਰ ਤਾਰਾ ਸਿੰਘ ਨੂੰ ਬੜੀਆਂ ਬੇਨਤੀਆਂ ਕੀਤੀਆਂ ਗਈਆਂ ਕਿ ਸ਼੍ਰੋਮਣੀ ਕਮੇਟੀ ਦੀ ਜੀਪ ਉਨ੍ਹਾਂ ਨੂੰ ਘਰ ਛੱਡ ਆਉਂਦੀ ਹੈ ਪਰ ਉਹ ਗਰਮ ਹੋ ਕੇ ਪੈ ਜਾਂਦੇ, "ਤੁਸੀ ਸ਼੍ਰੋਮਣੀ ਕਮੇਟੀ ਵਿਚ ਕੁਰਪਸ਼ਨ ਸ਼ੁਰੂ ਕਰਨਾ ਚਾਹੁੰਦੇ ਹੋ? ਜੇ ਅੱਜ ਪ੍ਰਧਾਨ ਦੋ ਘੰਟੇ ਰੁਕਣ ਦੀ ਬਜਾਏ ਸ਼੍ਰੋਮਣੀ ਕਮੇਟੀ ਦੀ ਜੀਪ ਨਿਜ ਲਈ ਵਰਤਦਾ ਹੈ ਤਾਂ ਕਲ ਬਾਕੀ ਸਾਰੇ ਵੀ ਤਾਂ ਇਹੀ ਕਰਨਗੇ। ਇਸੇ ਤਰ੍ਹਾਂ ਤਾਂ ਕੁਰੱਪਸ਼ਨ ਫੈਲਦੀ ਹੈ।"

ਪ੍ਰਧਾਨ ਮੰਤਰੀ ਨਹਿਰੂ ਨੇ ਮਾਸਟਰ ਜੀ ਨੂੰ ਦਿੱਲੀ ਆਉਣ ਦਾ ਸੱਦਾ ਦਿਤਾ। ਲੋਕਾਂ ਨੇ ਵੇਖਿਆ ਸਵੇਰੇ ਚਾਰ ਵਜੇ 'ਪੰਥ ਦਾ ਬੇਤਾਜ ਬਾਦਸ਼ਾਹ' ਅਪਣੇ ਸਿਰ ਉਤੇ ਬਿਸਤਰਬੰਦ ਚੁੱਕੀ ਸਟੇਸ਼ਨ ਵਲ ਦੌੜ ਰਿਹਾ ਸੀ ਕਿਉਂਕਿ ਰਿਕਸ਼ਾ ਵਾਲਾ ਸਵੇਰ ਹੋਣ ਕਾਰਨ ਦੁਗਣੇ ਚੌਗੁਣੇ ਪੈਸੇ ਮੰਗ ਰਿਹਾ ਸੀ।

ਗਿ: ਕਰਤਾਰ ਸਿੰਘ ਕਈ ਵਾਰ ਵਜ਼ੀਰ ਬਣੇ ਪਰ ਸਰੀਰ ਦੇ ਤਿੰਨ ਕਪੜਿਆਂ ਬਿਨਾਂ ਉਨ੍ਹਾਂ ਦਾ ਕੋਈ ਸਮਾਨ ਨਹੀਂ ਸੀ ਹੁੰਦਾ। ਜਦ ਕੋਈ ਕੋਠੀ ਖ਼ਾਲੀ ਕਰਨ ਦਾ ਹੁਕਮ ਆਉਂਦਾ ਤਾਂ ਗਿ: ਜੀ ਕਹਿੰਦੇ, "ਭਾਈ ਮੇਰਾ ਤਾਂ ਕੁਲ ਸਮਾਨ ਰੱਸੀ ਉਤੇ ਟੰਗਿਆ ਹੋਇਐ। ਮੈਂ ਚੁਕ ਕੇ ਮੋਢੇ 'ਤੇ ਰੱਖ ਲੈਣਾਂ ਤੇ ਤੁਸੀ ਕੋਠੀ ਉਤੇ ਲਾ ਲਉ ਤਾਲਾ।"

ਉਸ ਵੇਲੇ ਸ਼ਾਇਦ ਇਹ ਸਾਦਗੀ ਦੇ ਗੁਣ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਜ਼ਰੂਰੀ ਲੱਛਣ ਹੋਇਆ ਕਰਦੇ ਸਨ।

ਇਹੋ ਜਿਹੇ ਸਨ ਦੇਸ਼ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਦੀ ਇੱਛਾ ਸ਼ਕਤੀ ਰੱਖਣ ਵਾਲੇ ਨੇਤਾ ਜੋ ਘਰੋਂ ਰੁੱਖੀ ਰੋਟੀ ਬੰਨ੍ਹ ਕੇ ਪਾਰਲੀਮੈਂਟ 'ਚ ਆਉਂਦੇ ਸਨ। ਅਜਿਹੇ ਹੋਰ ਨੇਤਾਵਾਂ ਦੀ ਜ਼ਿੰਦਗੀ ਬਾਰੇ ਵੀ, ਸਾਦਗੀ, ਇਮਾਨਦਾਰੀ ਅਤੇ ਦੇਸ਼ ਪ੍ਰਤੀ ਪਿਆਰ ਤੇ ਜਜ਼ਬੇ ਦੀਆਂ ਘਟਨਾਵਾਂ ਦੇ ਹਵਾਲੇ ਇਤਿਹਾਸ ਵਿਚ ਦਰਜ ਹਨ। ਉਹ ਨਾ ਤਾਂ ਦੇਸ਼ ਨੂੰ ਵੇਚਣ ਦੇ ਸੌਦੇ ਕਰਦੇ ਸਨ, ਨਾ ਬਜਰੀ ਰੇਤਾ ਖਾਂਦੇ ਸਨ ਤੇ ਨਾ ਹੀ ਸੜਕਾਂ ਤੇ ਹੋਰ ਮਾਲ ਖ਼ਜ਼ਾਨੇ।

ਦੇਸ਼ ਦੀਆਂ ਸਮਸਿਆਵਾਂ ਅਤੇ ਉਨ੍ਹਾਂ ਉੱਪਰ ਕਾਬੂ ਪਾਉਣ ਲਈ ਸਾਰਥਕ ਹੱਲ ਖੋਜਣ ਲਈ ਪੜ੍ਹਦੇ, ਦਿਨ ਰਾਤ ਲੋਕਾਂ ਨਾਲ ਵਿਚਰਦੇ ਹੋਏ ਵਿਚਾਰਾਂ ਕਰਦੇ। ਬਿਨਾ ਕਿਸੇ ਧਰਮ ਤੇ ਜਾਤੀ ਭੇਦ ਭਾਵ ਤੋਂ ਦੇਸ਼ ਲਈ ਜੈ ਜਵਾਨ-ਜੈ ਕਿਸਾਨ ਦਾ ਨਾਹਰਾ ਬੁਲੰਦ ਕਰਨ ਵਰਗੇ ਉੱਚੇ ਸੁੱਚੇ ਕਿਰਦਾਰ ਵਾਲੇ ਉਨ੍ਹਾਂ ਨੇਤਾਵਾਂ ਤੋਂ ਅੱਜ ਦੇ ਆਗੂ ਕਿਉਂ ਨਹੀਂ ਸਿਖਦੇ? ਕਿਉਂ ਨਹੀਂ ਉੱਭਰ ਰਹੇ ਉਸ ਤਰ੍ਹਾਂ ਦੇ ਸਿਆਸੀ ਆਗੂ? ਅੱਜ ਅਨੇਕਾਂ ਸਵਾਲ ਖੜੇ ਹੁੰਦੇ ਹਨ।

ਅੱਜ ਦੇ ਸਿਆਸਤਦਾਨਾਂ ਦੇ ਕਿਰਦਾਰ ਕਿਉਂ ਪਹਿਲੇ ਦੇ ਨੇਤਾਵਾਂ ਤੋਂ ਗਿਰ ਚੁੱਕੇ ਹਨ? ਕਿਉਂ ਅੱਜ ਵਿਗਿਆਨਿਕ ਯੁੱਗ ਵਿਚ ਵੀ ਤਰਕਹੀਣ ਤੇ ਗ਼ੈਰ ਵਿਗਿਆਨਕ ਆਧਾਰ 'ਤੇ ਮਨੁੱਖਤਾ ਨੂੰ ਧਰਮਾਂ, ਜਾਤਾਂ ਵਿਚ ਵੰਡ ਕੇ ਆਪਸ ਵਿਚ ਲੜਾਉਣ ਦੀ ਰਾਜਨੀਤੀ ਕੀਤੀ ਜਾਂਦੀ ਹੈ? ਧਰਮ ਤੇ ਰਾਜਨੀਤੀ ਦਾ ਗੱਠਜੋੜ ਕਮਾਈ ਦਾ ਧੰਦਾ ਕਿਉਂ ਬਣ ਗਿਆ? ਕਿਉਂ ਦੇਸ਼ ਤੋਂ ਵੱਧ ਨਿੱਜ ਭਾਰੂ ਹੋ

ਰਿਹਾ? ਅਜਿਹੇ ਅਨੇਕਾਂ ਹੀ ਸਵਾਲ ਸਿਰ ਚੁੱਕੀ ਖੜੇ ਹਨ।

ਕਿਉਂ ਅੱਜ ਤਰ੍ਹਾਂ ਤਰ੍ਹਾਂ ਦੇ ਭ੍ਰਿਸ਼ਟਾਚਾਰ ਵਿਚ ਧਸੇ, ਨਿੱਜ ਪ੍ਰਸਤ, ਦਲ ਬਦਲੂ, ਗਵਈਏ, ਫ਼ਿਲਮੀ ਕਲਾਕਾਰ, ਕਮੇਡੀਅਨ, ਭਗਵਾਂ ਧਾਰੀ ਸਾਧੂ, ਯੋਗੀ ਆਦਿ ਦੀ ਭਰਮਾਰ ਦੇਸ਼ ਦੀ ਰਾਜਨੀਤੀ ਵਿਚ ਵਧ ਰਹੀ ਹੈ? ਕੀ ਸਿਆਸੀ ਪਾਰਟੀਆਂ ਹੁਣ ਇਨ੍ਹਾਂ ਰਾਹੀਂ ਦੇਸ਼ ਦਾ ਰਾਜ ਚਲਾਇਆ ਕਰਨਗੀਆਂ? ਭਾਵੇਂ ਹਰ ਵਿਅਕਤੀ ਨੂੰ ਰਾਜਨੀਤੀ ਵਿਚ ਆਉਣ ਦਾ ਜਮਹੂਰੀ ਹੱਕ ਹੈ, ਪਰ ਜੇ ਉਹ ਕਿਸੇ ਹੋਰ ਖੇਤਰ ਵਿਚ ਲੋਕਾਂ 'ਚ ਮਕਬੂਲ ਹੈ ਤਾਂ ਉਸ ਦਾ ਫ਼ਾਇਦਾ ਰਾਜਨੀਤੀ ਵਿਚ ਲੈਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਹ ਦੇਸ਼ ਦੀਆਂ ਅਨੇਕਾਂ ਸਮੱਸਿਆਵਾਂ ਨੂੰ ਸਮਝ ਕੇ ਉਨ੍ਹਾਂ ਨੂੰ ਹੱਲ ਕਰਨ ਦੀ ਬਹੁਤ ਅਹਿਮ ਜ਼ਿੰਮੇਵਾਰੀ ਨਿਭਾਉਣ ਦਾ ਕੰਮ ਹੈ।

ਗ਼ਲਤ ਨੀਤੀਆਂ ਕਾਰਨ ਦੇਸ਼ ਦਾ ਹੁਲੀਆ ਇਸ ਤਰ੍ਹਾਂ ਦਾ ਬਣ ਗਿਆ ਹੈ ਕਿ ਇਕ ਪਾਸੇ ਦੇਸ਼ ਦੀ ਅੱਧ ਤੋਂ ਵੀ ਵੱਧ ਆਬਾਦੀ ਦੋ ਡੰਗ ਦੀ ਰੋਟੀ ਤੋਂ ਵੀ ਵਿਰਵੀ ਹੈ ਅਤੇ ਦੂਜੇ ਪਾਸੇ ਉਂਗਲਾਂ ਤੇ ਗਿਣਨ ਯੋਗ ਪੂੰਜੀਪਤੀਆਂ ਕੋਲ ਮਾਇਆ ਦੇ ਅੰਬਾਰ ਲੱਗੇ ਹੋਏ ਹਨ। ਦੇਸ਼ ਵਿਚ ਬੇਰੋਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ ਦੇ ਦੌਰ ਵਿਚ ਆਮ ਲੋਕਾਂ ਦਾ ਜੀਵਨ ਨਰਕ ਬਣ ਰਿਹਾ ਹੈ ਪਰ ਦੂਜੇ ਪਾਸੇ ਕੁੱਝ ਕੁ ਕਰੋੜਪਤੀਆਂ ਦਾ ਸਰਮਾਇਆ ਲਗਾਤਾਰ ਉੱਪਰ ਵਲ ਜਾ ਰਿਹਾ ਹੈ। ਚੋਣਾਂ ਸਮੇਂ ਇਨ੍ਹਾਂ ਧਨਾਢਾਂ ਤੋਂ ਚੋਣ ਫ਼ੰਡ ਲੈ ਕੇ, ਬਦਲ ਵਿਚ ਹੋਰ ਵੱਡੇ ਕਾਰੋਬਾਰਾਂ ਦੇ ਠੇਕੇ ਦੇ ਕੇ ਲਏ ਫ਼ੰਡਾਂ ਦੀ ਭਰਪਾਈ ਕਰ ਦਿਤੀ ਜਾਂਦੀ ਹੈ।

ਇਹ ਸਾਰੀ ਖੇਡ ਚੋਣ ਬਰਾਂਡਾਂ ਦੇ ਰੂਪ ਵਿਚ ਸਾਹਮਣੇ ਆ ਚੁੱਕੀ ਹੈ ਜਿਸ ਨੂੰ ਮਾਨਯੋਗ ਸੁਪਰੀਮ ਕੋਰਟ ਨੇ ਵੀ ਗ਼ੈਰ ਕਾਨੂੰਨੀ ਕਰਾਰ ਦਿਤਾ ਹੈ। ਇਸ ਲਈ ਭ੍ਰਿਸ਼ਟ ਸਿਆਸਤਦਾਨਾਂ ਵਲੋਂ ਚਲਾਏ ਜਾ ਰਹੇ ਇਸ ਸਮੁੱਚੇ ਪ੍ਰਬੰਧ ਨੂੰ, ਗਰਕ ਜਾਂ ਨਿੱਘਰ ਗਿਆ ਕਹਿਣਾ ਕੋਈ ਅਤਿਕਥਨੀ ਨਹੀਂ ਹੈ।

ਇਹ ਹੋਰ ਵੀ ਚਿੰਤਾਜਨਕ ਹੈ ਕਿ ਦੇਸ਼ ਵਿਚ ਹੁਣੇ ਹੋਈਆਂ ਲੋਕ ਸਭਾ ਚੋਣਾਂ ਵਿਚ ਚੁਣੇ ਗਏ ਕਈ ਲੀਡਰਾਂ ਖ਼ਿਲਾਫ਼ ਕਈ ਤਰ੍ਹਾਂ ਦੇ ਅਪਰਾਧਕ ਮਾਮਲੇ ਦਰਜ ਹਨ ਅਤੇ ਕਿੰਨੇ ਹੀ ਕਰੋੜਪਤੀ ਹਨ। ਅਖ਼ਬਾਰਾਂ ਵਿਚ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏਡੀਆਰ) ਦੀ ਰੀਪੋਰਟ ਦੀ ਜਬਾਨੀ ਐਨਡੀਏ ਦੀ ਨਵੀਂ ਬਣੀ 72 ਮੈਂਬਰੀ ਮੰਤਰੀ ਮੰਡਲ ਸਰਕਾਰ ਵਿਚ 28 ਮੰਤਰੀਆਂ ਦੇ ਖ਼ਿਲਾਫ਼ ਗੰਭੀਰ ਅਪਰਾਧਕ ਮਾਮਲੇ ਦਰਜ ਹਨ।

ਇਨ੍ਹਾਂ 28 ਸੰਸਦ ਮੈਂਬਰਾਂ ਨੇ ਅਪਣੇ ਹਲਫ਼ਨਾਮੇ ਵਿਚ ਹੀ ਐਲਾਨ ਕੀਤਾ ਹੈ ਕਿ ਉਨ੍ਹਾਂ ਖ਼ਿਲਾਫ਼ ਅਪਰਾਧਕ ਮਾਮਲੇ ਦਰਜ ਹਨ ਜਿਨ੍ਹਾਂ ਵਿਚ ਹੱਤਿਆ ਦੀ ਕੋਸ਼ਿਸ਼, ਅਗਵਾ ਕਰਨਾ ਤੇ ਮਹਿਲਾਵਾਂ ਦੇ ਖ਼ਿਲਾਫ਼ ਅਪਰਾਧ ਵਰਗੇ ਮਾਮਲੇ ਸ਼ਾਮਲ ਹਨ। ਇਨ੍ਹਾਂ ਵਿਚੋਂ ਦੋ ਮੰਤਰੀਆਂ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਖ਼ਿਲਾਫ਼ ਧਾਰਾ 307 (ਹਤਿਆ ਕਰਨ ਦੀ ਕੋਸ਼ਿਸ਼) ਦੇ ਕੇਸ ਦਰਜ ਹਨ।

ਪੰਜ ਮੰਤਰੀਆਂ ਦਾ ਐਲਾਨ ਹੈ ਕਿ ਉਨ੍ਹਾਂ ਵਿਰੁਧ ਮਹਿਲਾਵਾਂ ਨਾਲ ਸਬੰਧਤ ਮਾਮਲੇ ਦਰਜ ਹਨ। ਇਸ ਮੰਤਰੀ ਮੰਡਲ ਦੇ 8 ਮੰਤਰੀਆਂ ਵਿਰੁਧ ਨਫ਼ਰਤੀ ਭਾਸ਼ਨ ਦੇਣ ਨਾਲ ਜੁੜੇ ਮਾਮਲੇ ਦਰਜ ਹਨ। ਇਨ੍ਹਾਂ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ, ਧਰਮਿੰਦਰ ਪ੍ਰਧਾਨ, ਗਿਰੀਰਾਜ ਸਿੰਘ, ਸ਼ੋਭਾ ਕਰੰਦਲਾਜੇ, ਨਿਤਿਆਨੰਦ ਰਾਏ ਦੇ ਨਾਂ ਸ਼ਾਮਲ ਹਨ।

ਇਸੇ ਤਰ੍ਹਾਂ ਸਭ ਤੋਂ ਵੱਧ ਜਾਇਦਾਦ ਵਾਲੇ ਕਰੋੜਪਤੀਆਂ ਦੇ ਮਾਮਲੇ ਵਿਚ ਆਂਧਰਾ ਪ੍ਰਦੇਸ਼ ਦੇ ਗੁੰਟੂਰ ਹਲਕੇ ਤੋਂ ਜਿੱਤੇ ਆਗੂ ਡਾ. ਚੰਦਰਸ਼ੇਖਰ ਪੇਮਾਸਾਨੀ ਕੋਲ 5705 ਕਰੋੜ, ਦੂਜੇ ਨੰਬਰ 'ਤੇ ਜੋਤੀਰਾਦਿੱਤਿਆ ਸਿੰਧੀਆ ਕੋਲ 424 ਕਰੋੜ ਅਤੇ ਇਸੇ ਤਰ੍ਹਾਂ ਜਨਤਾ ਦਲ (ਐਸ) ਦੇ ਐਚ ਡੀ ਕੁਮਾਰ ਸਵਾਮੀ ਕੋਲ 217 ਕਰੋੜ ਦੀ ਜਾਇਦਾਦ ਹੈ। ਹੋਰ ਕਈ ਮੰਤਰੀ ਅਜਿਹੇ ਹਨ ਜਿਨ੍ਹਾਂ ਕੋਲ 100-100 ਕਰੋੜ ਤੋਂ ਜ਼ਿਆਦਾ ਦੀ ਜਾਇਦਾਦ ਹੈ। ਇਨ੍ਹਾਂ ਵਿਚ ਅਸ਼ਵਨੀ ਵੈਸਣਵ, ਰਾਓ ਇੰਦਰਜੀਤ ਸਿੰਘ ਤੇ ਪਿਊਸ਼ ਗੋਇਲ ਵੀ ਸ਼ਾਮਲ ਹਨ।

ਦੂਜੇ ਪਾਸੇ ਦੇਸ਼ ਦੀ 80 ਕਰੋੜ ਤੋਂ ਵੀ ਵੱਧ ਜਨਤਾ ਸਰਕਾਰ ਵਲੋਂ ਦਿਤੇ ਜਾਂਦੇ ਕਿਫ਼ਾਇਤੀ ਰੇਟ ਜਾਂ ਮੁਫ਼ਤ ਰਾਸ਼ਨ 'ਤੇ ਗੁਜ਼ਾਰਾ ਕਰਨ ਲਈ ਮਜਬੂਰ ਹੈ। ਸਰਕਾਰ ਇਸ ਦਿਤੇ ਜਾ ਰਹੇ ਰਾਸ਼ਨ ਨੂੰ ਬੜੇ ਫ਼ਖ਼ਰ ਨਾਲ ਅਪਣੀ ਵੱਡੀ ਪ੍ਰਾਪਤੀ ਦੱਸ ਰਹੀ ਹੈ, ਜਦਕਿ ਇਹ ਬੜੀ ਸ਼ਰਮ ਦੀ ਗੱਲ ਹੈ ਕਿ ਅੰਗਰੇਜ਼ਾਂ ਤੋਂ ਬਾਅਦ ਪੌਣੀ ਸਦੀ ਬੀਤ ਜਾਣ ਮਗਰੋਂ ਵੀ ਅਜੇ ਤਕ ਉਹ ਰੋਟੀ ਕਮਾਉਣ ਯੋਗ ਕੋਈ ਰੋਜ਼ਗਾਰ ਦੇਣ ਦੇ ਯੋਗ ਵੀ ਨਹੀਂ ਕੀਤੇ ਜਾ ਸਕੇ। ਗੱਲਾਂ ਦੇਸ਼ ਨੂੰ ਦੁਨੀਆਂ ਦੀ ਵੱਡੀ ਆਰਥਕ ਸ਼ਕਤੀ ਵਿਚ ਪ੍ਰਵੇਸ਼ ਕਰਨ ਦੀਆਂ ਕੀਤੀਆਂ ਜਾ ਰਹੀਆਂ ਹਨ ਜਦਕਿ ਵਿਦੇਸ਼ੀ ਕਰਜ਼ਾ ਅਮਰ ਵੇਲ ਵਾਂਗ ਵਧ ਰਿਹਾ ਹੈ ਅਤੇ ਦੇਸ਼ ਦੇ ਸਾਰੇ ਕਮਾਊ ਅਦਾਰੇ ਵੇਚ ਕੇ ਕਾਰਪੋਰੇਟਾਂ ਦੇ ਹਵਾਲੇ ਕੀਤੇ ਗਏ ਤੇ ਕੀਤੇ ਜਾ ਰਹੇ ਹਨ।

ਲੋਕ ਰਾਜ ਦੇ ਨਾਂ ਹੇਠ ਵੋਟਾਂ ਰਾਹੀਂ ਲੋਕਾਂ ਵਲੋਂ ਹਰਾਏ ਹੋਏ ਉਮੀਦਵਾਰ ਨੂੰ ਮੰਤਰੀਆਂ ਦੇ ਔਹਦੇ ਦੇ ਕੇ ਨਿਵਾਜਣਾ ਕੀ ਲੋਕ ਰਾਜ ਦੇ ਨਾਂ ਤੇ ਵੋਟਾਂ ਰਾਹੀਂ ਲੋਕਾਂ ਦੇ ਅੱਖੀਂ ਘੱਟਾ ਪਾਉਣਾ ਨਹੀਂ? ਜੇਕਰ ਕੋਈ ਸਰਕਾਰ ਦੀਆਂ ਦੇਸ਼ ਵਿਰੋਧੀ ਗਤੀਵਿਧੀਆਂ ਬਾਰੇ ਅਸਹਿਮਤੀ ਪ੍ਰਗਟਾਉਂਦਿਆਂ ਲੋਕ ਚੇਤਨਾ ਫੈਲਾਉਣ ਦੀ ਆਵਾਜ਼ ਉਠਾਉਂਦਾ ਹੈ ਤਾਂ ਉਸ ਖ਼ਿਲਾਫ਼ ਦੇਸ਼ ਧਰੋਹੀ ਵਰਗੇ ਕੇਸ ਦਰਜ ਕਰ ਕੇ ਉਸ ਦੀ ਦੇਸ਼ ਪੱਖੀ ਸਹੀ ਆਵਾਜ਼ ਦਬਾਉਣ ਦੇ ਯਤਨ ਕੀਤੇ ਜਾਂਦੇ ਹਨ। ਕਿੰਨੇ ਹੀ ਅਜਿਹੇ ਲੋਕ ਅੱਜ ਵੀ ਬਿਨਾ ਕੋਈ ਕੇਸ ਚਲਾਏ ਜੇਲ੍ਹਾਂ ਵਿਚ ਬੰਦ ਹਨ।

ਸਰਕਾਰਾਂ ਅੱਜ ਦੇ ਵਿਗਿਆਨਕ ਯੁੱਗ ਵਿਚ ਵੀ ਲੋਕਾਂ ਨੂੰ ਧਰਮਾਂ, ਜਾਤਾਂ ਅਤੇ ਇਲਾਕਿਆਂ ਆਦਿ ਦੇ ਨਾਂ ਹੇਠ ਵੰਡ ਕੇ ਅਪਣਾ ਵੋਟ ਬੈਂਕ ਵਧਾਉਣ ਦਾ ਕੋਈ ਵੀ ਮੌਕਾ ਖੁੰਝਣ ਨਹੀਂ ਦਿੰਦੀਆਂ। ਇਨ੍ਹਾਂ ਚੋਣਾਂ ਵਿਚ ਵੀ ਧਰਮ ਅਧਾਰਤ ਨਫ਼ਰਤੀ ਭਾਸ਼ਾ ਵਰਤ ਕੇ ਇਕ ਧਰਮ ਦੀ ਜਾਇਦਾਦ ਅਤੇ ਔਰਤਾਂ ਦੇ ਮੰਗਲ ਸੂਤਰ ਤਕ, ਦੂਸਰੇ ਧਰਮਾਂ ਵਿਚ ਵੰਡ ਦੇਣ ਦੇ ਫ਼ਿਰਕੂ ਭਾਸ਼ਣ ਦਿਤੇ ਗਏ, ਜੋ ਕਿ ਸ਼ਰੇਆਮ ਫ਼ਿਰਕਾਪ੍ਰਸਤੀ ਫੈਲਾਉਣ ਦਾ ਮਾਮਲਾ ਹੈ।

ਪਰ ਨਾ ਕਿਸੇ ਚੋਣ ਕਮਿਸ਼ਨ ਤੇ ਨਾ ਹੀ ਕਿਸੇ ਕਾਨੂੰਨ ਨੇ ਇਸ ਦਾ ਕੋਈ ਠੋਸ ਨੋਟਿਸ ਲਿਆ। ਦੂਜੇ ਪਾਸੇ ਅਮਨ ਕਾਨੂੰਨ ਬਣਾਈ ਰੱਖਣ ਦੇ ਨਾਂ ਹੇਠ, ਅਪਣੇ ਹੱਕਾਂ ਦੀ ਪ੍ਰਾਪਤੀ ਲਈ ਲੜ ਰਹੇ ਲੋਕਾਂ ਦੇ ਘੋਲਾਂ ਨੂੰ ਗ਼ੈਰ ਕਾਨੂੰਨੀ ਕਹਿ ਕੇ ਝੱਟ ਕੇਸ ਦਰਜ ਕੀਤੇ ਜਾਂਦੇ ਹਨ। ਇਸ ਤਰ੍ਹਾਂ ਸਪਸ਼ਟ ਹੈ ਕਿ ਦੇਸ਼ ਪੱਖੀ ਲੋਕਾਂ ਲਈ ਕਾਨੂੰਨ ਹੋਰ ਅਤੇ ਦੇਸ਼ ਨੂੰ ਵੇਚਣ ਵਾਲੇ ਸਿਆਸਤਦਾਨਾਂ ਲਈ ਕਾਨੂੰਨ ਹੋਰ। ਇਹ ਸਭ ਦੇਸ਼ ਦੇ ਗਰਕ ਚੁੱਕੇ ਰਾਜ ਪ੍ਰਬੰਧ ਦੀਆਂ ਨਿਸ਼ਾਨੀਆਂ ਹਨ।

ਦੇਸ਼ ਦੇ ਗਰਕ ਚੁੱਕੇ ਇਸ ਰਾਜ ਪ੍ਰਬੰਧ ਅਤੇ ਸਿਆਸਤਦਾਨਾਂ ਦੇ ਡਿਗ ਚੁੱਕੇ ਕਿਰਦਾਰ ਵੱਲ ਵਧ ਰਹੇ ਰੁਝਾਨ ਨੂੰ ਬ੍ਰੇਕਾਂ ਲਾਉਣ ਲਈ, ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਦੀ ਲੋੜ ਹੈ। ਅਜਿਹੇ ਹਾਲਾਤ ਤੋਂ ਛੁਟਕਾਰਾ ਪਾਉਣ ਲਈ ਦੇਸ਼ ਦੀ ਜਨਤਾ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪਿੰਡਾਂ, ਸ਼ਹਿਰਾਂ, ਕਸਬਿਆਂ ਵਿਚ ਅਜਿਹੇ ਸਿਆਸਤਦਾਨਾਂ ਅਤੇ ਉਨ੍ਹਾਂ ਦੇ ਚਾਪਲੂਸ ਘੜੱਮ ਚੌਧਰੀਆਂ ਦੇ ਦਬਾਅ ਹੇਠੋਂ ਨਿਕਲ ਕੇ ਅਪਣੀ ਜੱਥੇਬੰਦਕ ਤਾਕਤ ਮਜ਼ਬੂਤ ਕਰਦਿਆਂ ਦੇਸ਼ ਨੂੰ ਇਨ੍ਹਾਂ ਦੇ ਚੁੰਗਲ ਵਿਚੋਂ ਕੱਢਣ ਲਈ ਅੱਗੇ ਆਉਣ ਕਿਉਂਕਿ ਮੌਜੂਦਾ ਵੋਟ ਸਿਸਟਮ ਸਮਾਜ ਦੇ ਵੱਖ ਵੱਖ ਖੇਤਰਾਂ ਵਿਚ ਬੈਠੇ ਦਲਾਲ ਕਿਸਮ ਦੇ ਘੜੰਮ ਚੌਧਰੀਆਂ ਦੀ ਦੇਖ-ਰੇਖ ਹੇਠ ਚਲਾਇਆ ਜਾ ਰਿਹਾ ਹੈ ਜੋ ਸਰਕਾਰੇ ਦਰਬਾਰੇ ਲੋਕਾਂ ਦੇ ਮਾੜੇ ਮੋਟੇ ਕੰਮ ਕਰਵਾਉਣ ਲਈ ਸਿਆਸੀ ਅਤੇ ਪ੍ਰਸ਼ਾਸਨਕ ਵਿਚੋਲੇ ਵਜੋਂ ਵਿਚਰਦੇ ਹਨ।

ਭਾਵੇਂ ਇਨ੍ਹਾਂ ਚੋਣਾਂ ਵਿਚ ਲੋਕ ਇਸ ਗੱਲ ਨੂੰ ਸਮਝ ਕੇ ਅੱਗੇ ਵੀ ਆਏ ਹਨ ਅਤੇ ਸਿਆਸੀ ਉਮੀਦਵਾਰਾਂ ਤੋਂ ਸਿੱਧੇ ਸਵਾਲ ਪੁੱਛਣ ਲੱਗੇ ਹਨ ਜੋ ਆਉਣ ਵਾਲੇ ਬਦਲ ਲਈ ਸ਼ੁਭ ਸੰਕੇਤ ਹੈ। ਇਸ ਤੋਂ ਬਿਨਾਂ ਦੇਸ਼ ਨੂੰ ਵੇਚਣ ਦੇ ਰਾਹ ਤੁਰੇ ਸਿਆਸਤਦਾਨਾਂ ਨੂੰ ਰੋਕਣ ਅਤੇ ਗਰਕ ਚੁੱਕੇ ਰਾਜ ਪ੍ਰਬੰਧ ਨੂੰ ਬਦਲ ਕੇ ਨਵਾਂ ਉਸਾਰਨ ਦਾ ਕੰਮ ਪੂਰਾ ਨਹੀਂ ਹੋਵੇਗਾ।

-0-

# ਨਵੀਂ ਰਾਸ਼ਟਰੀ ਖੇਡ-ਬਲਾਤਕਾਰ

**ਡਾ. ਹਰਸ਼ਿੰਦਰ ਕੌਰ, ਐੱਮ.ਡੀ., 0175-2216783**

**ਰਿਸ਼ਤਿਆਂ ਦੀ ਪਵਿੱਤਰਤਾ ਤਾਂ ਤਾਰ ਤਾਰ ਹੋ ਹੀ ਚੁੱਕੀ ਹੈ। ਹੁਣ ਬਸ ਇੱਕੋ ਹੀ ਹੋਕਾ ਬਚਿਆ ਹੈ- ਵੇਖਿਓ ! ਕੋਈ ਧੀ, ਕੋਈ ਭੈਣ, ਕੋਈ ਮਾਂ, ਸਤਵੰਤੀ ਨਾ ਰਹਿ ਜਾਏ! ਲਾਅਣਤ ਹੈ ਇਸ ਦੋਗਲੇ ਸਮਾਜ ਉੱਤੇ! ਮੁਲਕ ਦਾ ਨਾਂ ਭਾਰਤ ''ਮਾਤਾ'' ਤੇ ਮਾਂ ਦੀ ਪੱਤ ਸੁਰੱਖਿਅਤ ਨਹੀਂ! ਉੱਤੋਂ ਸਿਖਰ ਇਹ ਵੇਖੋ ਕਿ ਜਿੱਤ ਦਾ ਜਸ਼ਨ ਮਨਾਉਣ ਲਈ ਧਾਰਮਿਕ ਥਾਵਾਂ ਉੱਤੇ 'ਮਾਤਾ' ਦੇ ਨਾਂ ਦੇ 'ਜੈ' ਦੇ ਨਾਅਰੇ ਲਾਉਣ ਵਿਚ ਰਤਾ ਹਿਚਕਿਚਾਹਟ ਨਹੀਂ ਵਿਖਾਈ ਜਾਂਦੀ! ਕੋਈ ਬਚਿਆ ਹੈ ਜ਼ਮੀਰ ਵਾਲਾ, ਜੋ ਆਵਾਜ਼ ਚੁੱਕਣੀ ਚਾਹੇਗਾ? ਹਾਲੇ ਵੀ 'ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਉਣਗੇ' ਕਹਿ ਕੇ- 'ਮੈਨੂੰ ਕੀ' ਕਹਿੰਦਿਆਂ ਅੱਖਾਂ ਬੰਦ ਕਰ ਕੇ ਉਦੋਂ ਤੱਕ ਬੈਠੇ ਰਹਿਣਾ ਹੈ ਜਦੋਂ ਤੱਕ ਇਹ ''ਖਿਡਾਰੀ'' ਸਾਡੇ ਆਪਣੇ ਘਰ ਦੀ ਧੀ, ਭੈਣ, ਪਤਨੀ ਜਾਂ ਮਾਂ ਨਾਲ ਇਹ ਖੇਡ ਖੇਡਣ ਨਾ ਪਹੁੰਚ ਜਾਣ? ਰੱਬ ਦਾ ਵਾਸਤਾ ਜੇ, ਚੁੱਪੀ ਤੋੜ ਦਿਓ! ਜੇ ਦੇਰ ਹੋ ਗਈ, ਫਿਰ ਵੇਲਾ ਹੱਥ ਨਹੀਂ ਆਉਣਾ! ਚੇਤੇ ਰੱਖਿਓ ਇਤਿਹਾਸ ਵੀ ਬੰਦਾ ਸਿੰਘ ਬਹਾਦਰ ਵਰਗਿਆਂ ਨੂੰ ਹੀ ਬਾਹਵਾਂ ਫੈਲਾ ਕੇ ਛਾਤੀ ਨਾਲ ਲਾ ਕੇ ਸਾਂਭਦਾ ਹੈ, ਹੈਵਾਨਾਂ ਜਾਂ ਬੁੱਚੜਾਂ ਨੂੰ ਨਹੀਂ! 'ਭਾਰਤ ਮਾਤਾ ਦੀ ਜੈ' ਬੋਲਣ ਵਾਲਿਓ, ਤੁਹਾਡੇ ਜਵਾਬ ਦੀ ਉਡੀਕ ਵਿਚ ਖੜ੍ਹੀ ਹਾਂ, ਦੱਸੋ ਤਾਂ ਸਹੀ ਤਲਵਾਰ ਚੁੱਕਣ ਦਾ ਸਹੀ ਸਮਾਂ ਕਦੋਂ ਆਵੇਗਾ!**

ਭਾਰਤ ਵਿਚ ਖੇਡੀਆਂ ਜਾ ਰਹੀਆਂ ਖੇਡਾਂ ਵਿਚ ਇਕ ਨਵੀਂ ਖੇਡ ਸ਼ਾਮਲ ਕਰ ਦਿੱਤੀ ਗਈ ਹੈ, ਜਿਸ ਦੀ ਚਰਚਾ ਰਾਸ਼ਟਰੀ ਨਹੀਂ ਬਲਕਿ ਅੰਤਰਰਾਸ਼ਟਰੀ ਪੱਧਰ ਉੱਤੇ ਹੋ ਰਹੀ ਹੈ।



ਇਸ ਖੇਡ ਦਾ ਨਾਂ ਹੈ ਬਲਾਤਕਾਰ! ਖੇਡ ਇਸ ਲਈ ਕਿਹਾ ਹੈ ਕਿਉਂਕਿ ਇਸ ਖੇਡ ਨੂੰ ਹੁਣ ਟੀਮਾਂ ਬਣਾ ਕੇ ਖੇਡਿਆ ਜਾਣ ਲੱਗ ਪਿਆ ਹੈ! ਇਸ ਖੇਡ ਦੇ ਰੂਲ ਵੀ ਅਜੀਬ ਹਨ। ਇਕ ਪਾਸੇ ਕਮਜ਼ੋਰ ਨਿਹੱਥੀ ਬਾਲੜੀ ਤੇ ਦੂਜੇ ਪਾਸੇ ਛੇ ਤੋਂ ਵੀਹ ਜਣੇ ਪੂਰੇ ਹਥਿਆਰਾਂ ਨਾਲ ਲੈਸ !!! ਜਿੰਨੀ ਵੱਧ ਦਰਿੰਦਗੀ, ਓਨੀ ਹੀ ਉਹ ਖੇਡ ਵਧੀਆ ਮੰਨੀ ਜਾਂਦੀ ਹੈ। ਜਿਸ ਖੇਡ ਦੇ ਫਾਈਨਲ ਮੈਚ ਵਿਚ ਪੂਰੀ ਵੀਡੀਓਗ੍ਰਾਫੀ ਨਾਲ ਬਾਲੜੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ, ਉਹ ਅੰਤਰਰਾਸ਼ਟਰੀ ਚਰਚਾ ਦਾ ਵਿਸ਼ਾ ਬਣ ਜਾਂਦਾ ਹੈ ਤੇ ਭਾਰੀ ਜਿੱਤ ਦਾ ਐਲਾਨ ਕੀਤਾ ਜਾਂਦਾ ਹੈ। ਇਸ ਖੇਡ ਦੇ ਮੂਕ ਦਰਸ਼ਕਾਂ ਵਿਚ ਚੋਟੀ ਦੇ ਸਿਆਸਤਦਾਨ, ਪੁਲਿਸ-ਕਰਮੀ, ਮੀਡੀਆ-ਕਰਮੀ, ਡਾਕਟਰ, ਇੰਜੀਨੀਅਰ, ਵਕੀਲ, ਜੱਜ, ਪ੍ਰਿੰਸੀਪਲ, ਅਧਿਆਪਕ, ਬਸ ਤੇ ਟਰੱਕ ਡਰਾਈਵਰ, ਟੈਕਸੀ-ਚਾਲਕ ਤੇ ਹੋਰ ਵੀ ਅਣਗਿਣਤ ਲੋਕ ਸ਼ਾਮਲ ਹਨ।

ਗੱਲ ਕੀ ਹਰ ਪੇਸ਼ੇ ਦੇ ਲੋਕਾਂ ਨੂੰ ਇਹ ਖੇਡ ਖੇਡਣ ਦੀ ਖੁੱਲ ਦਿੱਤੀ ਗਈ ਹੈ। ਜਿਹੜੇ ਇਹ ਖੇਡ ਨਹੀਂ ਖੇਡਦੇ, ਕੀ ਉਨ੍ਹਾਂ ਨੂੰ ਕਦੇ ਅਖ਼ਬਾਰਾਂ ਦੀ ਸੁਰਖੀ ਮਿਲਦੀ ਵੇਖੀ ਹੈ?

ਸ਼ਿਕਾਰ ਖੇਡੀ ਜਾਣ ਵਾਲੀ ਬਾਲੜੀ ਦੋ ਮਹੀਨਿਆਂ ਦੀ ਵੀ ਹੋ ਸਕਦੀ ਹੈ ਤੇ 90 ਵਰ੍ਹਿਆਂ ਦੀ ਔਰਤ ਵੀ! ਪੁੱਤਰ ਹੋਵੇ ਤੇ ਭਾਵੇਂ ਪਿਓ, ਚਾਚਾ, ਤਾਇਆ, ਕੋਈ ਵੀ ਇਸ ਖੇਡ ਨੂੰ ਖੇਡਣ ਤੋਂ ਪਰ੍ਹਾਂ ਰਹਿ ਨਹੀਂ ਸਕਿਆ।

ਇਸ ਨੂੰ ਖੇਡ ਦਾ ਨਾਂ ਇਸ ਲਈ ਵੀ ਦਿੱਤਾ ਗਿਆ ਹੈ ਕਿ ਮਾਰੇ ਜਾਣ ਬਾਅਦ ਵੀ ਕਿਸੇ ਨੂੰ ਸਜ਼ਾ ਨਹੀਂ ਦਿੱਤੀ ਜਾਂਦੀ। ਅਜਿਹੇ ਖਿਡਾਰੀ ਧੌਣ ਅਕੜਾ ਕੇ ਸਮਾਜ ਵਿਚ ਆਪਣੀ ਛਾਤੀ ਉੱਤੇ ਜਿੱਤ ਦਾ ਬਿੱਲਾ ਲਾ ਕੇ ਘੁੰਮਦੇ ਹਨ।

ਵਿਕੇ ਹੋਏ ਮੀਡੀਆ ਦੇ ਅੰਸ਼ ਇਸ ਨੂੰ ਹੋਰ ਉਘਾੜਦੇ ਹਨ ਤੇ ਵਿਰੋਧ ਕਰਨ ਵਾਲਿਆਂ ਨੂੰ ਮਾਰ ਮੁਕਾ ਦਿੱਤਾ ਜਾਂਦਾ ਹੈ।

ਪਹਿਲਿਆਂ ਸਮਿਆਂ ਵਿਚ ਜੰਗਲ ਵਿਚ ਸ਼ਿਕਾਰ ਕਰਨ ਲਈ ਅਜਿਹਾ ਹੀ ਢੰਗ ਵਰਤਿਆ ਜਾਂਦਾ ਸੀ ਜਿੱਥੇ ਸ਼ਿਕਾਰ ਕੀਤੇ ਜਾਣ ਵਾਲੇ ਜਾਨਵਰ ਨੂੰ ਚੁਫ਼ੇਰਿਓਂ ਘੇਰ ਕੇ ਮਾਰ ਮੁਕਾਇਆ ਜਾਂਦਾ ਸੀ। ਫਿਰ ਪੂਰੇ ਦਬਦਬੇ ਨਾਲ ਉਸ ਲਾਸ਼ ਨੂੰ ਨੁਮਾਇਸ਼ ਕਰਦਿਆਂ ਘਰ ਲਿਆ ਕੇ ਖੱਲ ਵਿਚ ਭੂਸਾ ਭਰ ਕੇ ਕੰਧ ਉੱਤੇ ਟੰਗ ਦਿੱਤਾ ਜਾਂਦਾ ਸੀ।

ਹੁਣ ਅਸੂਲ ਕੁੱਝ ਵੱਖ ਹਨ। ਸ਼ਿਕਾਰ ਹੁਣ ਸ਼ਹਿਰੀ ਕਨਕਰੀਟ ਜੰਗਲਾਂ ਅੰਦਰ ਹੁੰਦਾ ਹੈ। ਸ਼ਿਕਾਰ ਕਰਨ ਲਈ ਲੋਹੇ ਦੀਆਂ ਰਾਡਾਂ, ਬਲੇਡ, ਸੋਟੀਆਂ, ਕੰਡੋਮ, ਤੇਜ਼ਾਬ, ਜੰਬੂਰ, ਕੰਡਿਆਲੀਆਂ ਤਾਰਾਂ ਆਦਿ, ਵਰਤੀਆਂ ਜਾਣ ਲੱਗ ਪਈਆਂ ਹਨ। ਜਿਸਮ ਅੰਦਰ ਕੁੱਝ ਸਾਬਤ ਛੱਡਿਆ ਹੀ ਨਹੀਂ ਜਾਂਦਾ। ਬਾਹਰੀ ਖੱਲ ਵੀ ਇਸ ਬੇਹੂਦਗੀ ਨਾਲ ਚੀਰ ਦਿੱਤੀ ਜਾਂਦੀ ਹੈ ਕਿ ਭੂਸਾ ਭਰ ਕੇ ਰੱਖਣ ਯੋਗ ਨਹੀਂ ਰਹਿੰਦੀ। ਇਸੇ ਲਈ ਹੱਡੀਆਂ ਤੋੜ ਕੇ, ਅੰਨ੍ਹੇ ਕਰ ਕੇ, ਤੇਜ਼ਾਬ ਮੂੰਹ ਵਿਚ ਪਾ ਕੇ, ਸਰੀਰ ਉੱਤੇ ਦੰਦਾਂ ਨਾਲ ਚੱਕ ਮਾਰ ਕੇ, ਜੰਬੂਰਾਂ ਨਾਲ ਨਹੁੰ ਪੁੱਟ ਕੇ, ਬਲੇਡਾਂ ਨਾਲ ਚੀਰ ਕੇ, ਕਈ ਲਿਟਰ ਲਹੂ ਚੁਫ਼ੇਰੇ ਵਹਾ ਕੇ ਉੱਥੇ ਹੀ ਨਿਰਵਸਤਰ ਸੁੱਟ ਕੇ ਤਮਾਸ਼ਾ ਬਣਾਇਆ ਜਾਂਦਾ ਹੈ। ਏਥੇ ਬਸ ਨਹੀਂ ਹੁੰਦੀ। ਫਿਰ ਇਸ ਸ਼ਿਕਾਰ ਦੀ ਵੀਡੀਓ ਬਣਾ ਕੇ, ਉਸ ਉੱਤੋਂ ਉਮਰ ਭਰ ਕਮਾਈ ਦਾ ਸਾਧਨ ਬਣਾ ਲਿਆ ਜਾਂਦਾ ਹੈ। ਸਾਲਾਂ ਸਾਲ ਤਰੀਕਾਂ ਪੈਂਦੀਆਂ ਹਨ। ਕੁੱਝ ਸਮੇਂ ਲਈ ਸੁਰਖ਼ੀਆਂ ਬਣਦੀਆਂ ਹਨ। ਫਿਰ ਹੋਰ ਨਵੀਂ ਸੁਰਖ਼ੀ ਆ ਜਾਂਦੀ ਹੈ। ਉਸ ਤੋਂ ਬਾਅਦ ਆਉਂਦੇ ਨੇ ਚੁਣਾਓ। ਇਹ ਖੇਡ ਖੇਡਣ ਵਾਲੇ ਸ਼ਿਕਾਰੀਆਂ ਦੀ ਲੋੜ ਪੈਂਦੀ ਹੈ। ਫਿਰ ਇਹ ਮੁੱਛਾਂ ਨੂੰ ਤਾਅ ਦੇ ਕੇ ਕੁੱਦ ਪੈਂਦੇ ਹਨ ਚੋਣ ਪਿੜ ਦੇ ਅੰਦਰ, ਲੋਕਾਂ ਨੂੰ ਆਪਣੀ ਤਾਕਤ ਅਤੇ ਸ਼ਿਕਾਰ ਕਰਨ ਦੇ ਢੰਗ ਬਾਰੇ ਚੇਤਾ ਕਰਵਾ ਕੇ ਵੋਟਾਂ ਹਥਿਆਉਣ ਲਈ।

ਇਸ ਖੇਡ ਦਾ ਪ੍ਰਚਲਨ ਏਨਾ ਵੱਧ ਗਿਆ ਹੈ ਕਿ 365 ਦਿਨਾਂ ਵਿੱਚੋਂ ਇੱਕ ਵੀ ਦਿਨ ਖਾਲੀ ਨਹੀਂ ਲੰਘਦਾ। ਕਦੇ ਕਦੇ ਤਾਂ ਇੱਕੋ ਦਿਨ ਵਿਚ ਤਿੰਨ ਜਾਂ ਚਾਰ ਸ਼ਿਕਾਰ ਵੀ ਕੀਤੇ ਜਾਂਦੇ ਹਨ।

ਹੁਣ ਤਾਂ ਇਹ ਵੀ ਭਾਰਤੀ ਰਿਕਾਰਡ ਬਣ ਚੁੱਕਿਆ ਹੈ ਜਿੱਥੇ ਇੱਕੋ ਦਿਨ ਤੇ ਉਹ ਵੀ ਵਿਸ਼ਵ ਮਹਿਲਾ ਦਿਵਸ ਵਾਲੇ ਦਿਨ ਤੇਰਾਂ ਔਰਤਾਂ ਤੇ ਬੱਚੀਆਂ ਦਾ ਸ਼ਿਕਾਰ ਕੀਤਾ ਗਿਆ।

ਨਿੱਤ ਨਵੇਂ ਘੜੇ ਜਾਂਦੇ ਅਸੂਲਾਂ ਤਹਿਤ ਹੁਣ ਤਾਂ ਦੋ ਸਕੀਆਂ ਭੈਣਾਂ ਨੂੰ ਸ਼ਿਕਾਰ ਬਣਾਉਣ ਬਾਅਦ ਦਰਖ਼ਤ ਉੱਤੇ ਨਿਰਵਸਤਰ ਹਾਲਤ ਵਿਚ ਫਾਂਸੀ ਦੇ ਦਿੱਤੀ ਜਾਂਦੀ ਹੈ।

ਹਾਲੇ ਇੱਥੇ ਵੀ ਬਸ ਨਹੀਂ। ਗਰਭਵਤੀ ਔਰਤ ਦਾ ਸ਼ਿਕਾਰ ਹੋਰ ਵੀ ਵੱਖ ਤਰ੍ਹਾਂ ਕੀਤਾ ਜਾਂਦਾ ਹੈ। ਢਿੱਡ ਪਾੜ ਕੇ ਢਿੱਡ ਅੰਦਰਲਾ ਬੱਚਾ ਵੀ ਨਾਲ ਹੀ ਸ਼ਿਕਾਰ ਕੀਤਾ ਜਾਂਦਾ ਹੈ। ਪਹਿਲਾਂ ਦੇ ਅਤੇ ਹੁਣ ਦੇ ਸ਼ਿਕਾਰੀਆਂ ਵਿਚ ਇਕ ਹੋਰ ਅੰਤਰ ਵੀ ਸਪਸ਼ਟ

ਨਜ਼ਰ ਆਉਂਦਾ ਹੈ। ਇੱਕ ਸ਼ਿਕਾਰੀ, ਲਛਮਨ ਦੇਵ ਗਰਭਵਤੀ ਹਿਰਨੀ ਦੇ ਸ਼ਿਕਾਰ ਬਾਅਦ ਮਾਧੋ ਦਾਸ ਤੇ ਫਿਰ ਬੰਦਾ ਸਿੰਘ ਬਹਾਦਰ ਵਜੋਂ ਦੁਨੀਆ ਭਰ ਵਿਚ ਆਪਣੀ ਬਹਾਦਰੀ ਦਾ ਸਿੱਕਾ ਜਮਾ ਗਿਆ। ਅੱਜ ਦੇ ਦੌਰ ਦੀ ਖੇਡ ਜਾਨਵਰਾਂ ਦੀ ਥਾਂ ਔਰਤ ਜ਼ਾਤ ਨਾਲ ਖੇਡੀ ਜਾਂਦੀ ਹੈ, ਇਸੇ ਲਈ ਹੁਣ ਗਰਭਵਤੀ ਔਰਤ ਦੀ ਵੀ ਬੇਹੂਦਗੀ ਨਾਲ ਕੱਟ ਵੱਢ ਕਰ ਦਿੱਤੀ ਜਾਂਦੀ ਹੈ ਜੋ ਕਿਸੇ ਦੇ ਮਨ ਨੂੰ ਕਚੋਟਦੀ ਨਹੀਂ। ਇਸ ਹਮਾਮ ਵਿਚ ਸਾਰੇ ਹੀ ਨੰਗੇ ਹਨ। ਕੋਈ ਵਿਰਲਾ ਹੀ ਮੌਕਾ ਖੁੰਝਾਉਂਦਾ ਹੈ, ਵਰਨਾ ਬਹੁਗਿਣਤੀ ਬੇਹਯਾਈ ਦੀਆਂ ਹੱਦਾਂ ਪਾਰ ਕਰਨ ਵਿਚ ਰਤਾ ਵੀ ਸੋਚਣ ਵਾਸਤੇ ਸਮਾਂ ਜ਼ਾਇਆ ਨਹੀਂ ਕਰਦੇ। ਇਸ ਖੇਡ ਵਿਚ ਰੈਫਰੀ ਵੀ ਪਿਛਾਂਹ ਨਹੀਂ ਰਹਿੰਦਾ। ਉਹ ਆਪ ਵੀ ਖੇਡ ਦਾ ਹਿੱਸਾ ਬਣ ਜਾਂਦਾ ਹੈ। ਰੂਲ ਸਿਰਫ਼ ਇੱਕੋ-ਜਿੰਨੀ ਦਰਿੰਦਗੀ ਵੱਧ, ਓਨੀ ਮਸ਼ਹੂਰੀ ਵੱਧ! ਬੇਹੂਦਗੀ ਦਾ ਮੰਜ਼ਰ ਇਹ ਹੈ ਕਿ ਛੇਵੀਂ ਜਮਾਤ ਦਾ ਬੱਚਾ ਵੀ ਤੀਜੀ ਜਮਾਤ ਦੀ ਬੱਚੀ ਨਾਲ ਛੇੜਖਾਨੀ ਕਰਦਾ ਫੜਿਆ ਜਾ ਚੁੱਕਿਆ ਹੈ। ਲਾਵਾਰਿਸ ਔਰਤ ਦੀ ਲਾਸ਼ ਵੀ ਜ਼ਾਇਆ ਨਹੀਂ ਜਾਣ ਦਿੱਤੀ ਜਾਂਦੀ। ਉਸ ਨਾਲ ਵੀ ਕੁਕਰਮ ਕਰ ਕੇ ਵੀਡੀਓ ਬਣਾਉਣ ਬਾਅਦ ਫ਼ਿਲਮ ਵਿਚ ਕਿਸੇ ਜ਼ਿੰਦਾ ਕੁੜੀ ਦਾ ਚਿਹਰਾ ਲਾ ਦਿੱਤਾ ਜਾਂਦਾ ਹੈ ਤੇ ਫਿਰ ਉਸ ਵਿਚਾਰੀ ਜ਼ਿੰਦਾ ਕੁੜੀ ਨੂੰ ਜਬਰੀ ਇਸ ਖੇਡ ਵਿਚ ਖਿੱਚ ਲਿਆਇਆ ਜਾਂਦਾ ਹੈ!

ਰਿਸ਼ਤਿਆਂ ਦੀ ਪਵਿੱਤਰਤਾ ਤਾਂ ਤਾਰ ਤਾਰ ਹੋ ਹੀ ਚੁੱਕੀ ਹੈ। ਹੁਣ ਬਸ ਇੱਕੋ ਹੀ ਹੋਕਾ ਬਚਿਆ ਹੈ- ਵੇਖਿਓ ! ਕੋਈ ਧੀ, ਕੋਈ ਭੈਣ, ਕੋਈ ਮਾਂ, ਸਤਵੰਤੀ ਨਾ ਰਹਿ ਜਾਏ! ਲਾਅਣਤ ਹੈ ਇਸ ਦੋਗਲੇ ਸਮਾਜ ਉੱਤੇ! ਮੁਲਕ ਦਾ ਨਾਂ ਭਾਰਤ 'ਮਾਤਾ' ਤੇ ਮਾਂ ਦੀ ਪੱਤ ਸੁਰੱਖਿਅਤ ਨਹੀਂ! ਉੱਤੋਂ ਸਿਖਰ ਇਹ ਵੇਖੋ ਕਿ ਜਿੱਤ ਦਾ ਜਸ਼ਨ ਮਨਾਉਣ ਲਈ ਧਾਰਮਿਕ ਥਾਵਾਂ ਉੱਤੇ 'ਮਾਤਾ' ਦੇ ਨਾਂ ਦੇ 'ਜੈ' ਦੇ ਨਾਅਰੇ ਲਾਉਣ ਵਿਚ ਰਤਾ ਹਿਚਕਿਚਾਹਟ ਨਹੀਂ ਵਿਖਾਈ ਜਾਂਦੀ! ਕੋਈ ਬਚਿਆ ਹੈ ਜ਼ਮੀਰ ਵਾਲਾ, ਜੋ ਆਵਾਜ਼ ਚੁੱਕਣੀ ਚਾਹੇਗਾ? ਹਾਲੇ ਵੀ 'ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਉਣਗੇ' ਕਹਿ ਕੇ- 'ਮੈਨੂੰ ਕੀ' ਕਹਿੰਦਿਆਂ ਅੱਖਾਂ ਬੰਦ ਕਰ ਕੇ ਉਦੋਂ ਤੱਕ ਬੈਠੇ ਰਹਿਣਾ ਹੈ ਜਦੋਂ ਤੱਕ ਇਹ ''ਖਿਡਾਰੀ'' ਸਾਡੇ ਆਪਣੇ ਘਰ ਦੀ ਧੀ, ਭੈਣ, ਪਤਨੀ ਜਾਂ ਮਾਂ ਨਾਲ ਇਹ ਖੇਡ ਖੇਡਣ ਨਾ ਪਹੁੰਚ ਜਾਣ? ਰੱਬ ਦਾ ਵਾਸਤਾ ਜੇ, ਚੁੱਪੀ ਤੋੜ ਦਿਓ! ਜੇ ਦੇਰ ਹੋ ਗਈ, ਫਿਰ ਵੇਲਾ ਹੱਥ ਨਹੀਂ ਆਉਣਾ! ਚੇਤੇ ਰੱਖਿਓ ਇਤਿਹਾਸ ਵੀ ਬੰਦਾ ਸਿੰਘ ਬਹਾਦਰ ਵਰਗਿਆਂ ਨੂੰ ਹੀ ਬਾਹਵਾਂ ਫੈਲਾ ਕੇ ਛਾਤੀ ਨਾਲ ਲਾ ਕੇ ਸਾਂਭਦਾ ਹੈ, ਹੈਵਾਨਾਂ ਜਾਂ ਬੁੱਚੜਾਂ ਨੂੰ ਨਹੀਂ! 'ਭਾਰਤ ਮਾਤਾ ਦੀ ਜੈ' ਬੋਲਣ ਵਾਲਿਓ, ਤੁਹਾਡੇ ਜਵਾਬ ਦੀ ਉਡੀਕ ਵਿਚ ਖੜ੍ਹੀ ਹਾਂ, ਦੱਸੋ ਤਾਂ ਸਹੀ ਤਲਵਾਰ ਚੁੱਕਣ ਦਾ ਸਹੀ ਸਮਾਂ ਕਦੋਂ ਆਵੇਗਾ! -0-

# ਆਓ 'ਮੁਆਫ਼ ਕਰਨਾ' (ਸੌਰੀ) ਕਹਿਣਾ ਸਿੱਖੀਏ

**ਹਰਜੀਤ ਕੌਰ # 94642-34208**

ਅਸੀਂ ਸਾਰੇ ਇਕ ਅਜਿਹੇ ਸਮਾਜ 'ਚ ਵਿਚਰਦੇ ਹਾਂ, ਜਿਥੇ ਸਾਡਾ ਸਾਰਿਆਂ ਨਾਲ ਖ਼ੂਨ ਦਾ ਨਾ ਵੀ ਸਹੀ, ਇਕ ਇਨਸਾਨੀਅਤ ਅਤੇ ਅਪਣੱਤ ਦਾ ਰਿਸ਼ਤਾ ਤਾਂ ਜ਼ਰੂਰ ਹੈ। ਪਿਆਰ ਦੇ ਅਜਿਹੇ ਰਿਸ਼ਤਿਆਂ 'ਚ ਬੱਝੇ ਹੋਏ ਹੀ ਅਸੀਂ ਇਕ-ਦੂਜੇ ਦੇ ਦੁੱਖ-ਸੁੱਖ 'ਚ ਸ਼ਰੀਕ ਹੁੰਦੇ ਹਾਂ ਪਰ ਇਨ੍ਹਾਂ ਪਿਆਰ ਭਰੇ ਰਿਸ਼ਤਿਆਂ 'ਚ ਕਈ ਵਾਰ ਸਾਡੀ ਛੋਟੀ ਜਿਹੀ ਗੱਲ ਜਾਂ ਕੀਤੀ ਹੋਈ ਨਿੱਕੀ ਜਿਹੀ ਗ਼ਲਤੀ ਅਜਿਹੀਆਂ ਤਰੇੜਾਂ ਪਾ ਦਿੰਦੀ ਹੈ, ਜਿਸ ਨੂੰ ਚਾਹੁੰਦੇ ਹੋਏ ਵੀ ਕਦੇ ਪੂਰਿਆ ਨਹੀਂ ਜਾ ਸਕਦਾ। ਗੱਲ ਭਾਵੇਂ ਛੋਟੀ ਜਿਹੀ ਹੁੰਦੀ ਹੈ ਪਰ ਸਾਡੇ ਅੰਦਰ ਬੈਠਾ ਹੰਕਾਰ ਤੇ 'ਮੈਂ' ਦੀ ਭਾਵਨਾ ਸਾਨੂੰ ਅੱਗੇ ਵਧ ਕੇ ਗੱਲ ਖ਼ਤਮ ਕਰਨ ਤੋਂ ਰੋਕਦੀ ਹੈ। ਨਾ ਚਾਹੁੰਦੇ ਹੋਏ ਵੀ ਕਿਤੇ ਨਾ ਕਿਤੇ ਮਨੁੱਖ ਦੇ ਮਨ ਵਿਚ ਹੰਕਾਰ ਆ ਹੀ ਜਾਂਦਾ ਹੈ ਅਤੇ ਇਹ ਹੀ ਸਾਡੇ ਪਿਆਰੇ ਰਿਸ਼ਤਿਆਂ 'ਚ ਕੰਧ ਬਣ ਕੇ ਖੜ੍ਹ ਜਾਂਦਾ ਹੈ। ਇਸ ਹੰਕਾਰ ਰੂਪੀ ਕੰਧ ਨੂੰ ਤੋੜਨ ਦਾ ਸਭ ਤੋਂ ਵਧੀਆ ਅਤੇ ਕਾਰਗਰ ਤਰੀਕਾ ਹੈ ਆਪਣੀ ਗ਼ਲਤੀ ਲਈ ਦੂਜੇ ਤੋਂ ਮੁਆਫੀ ਮੰਗ ਲੈਣਾ। ਕਿਸੇ ਵੀ ਗੱਲ ਨੂੰ ਲੈ ਕੇ ਆਪਸ ਵਿਚ ਮਨ-ਮੁਟਾਵ ਹੋਣਾ ਆਮ ਜਿਹੀ ਗੱਲ ਹੈ ਪਰ ਜਦੋਂ ਅਸੀਂ ਇਸ ਨੂੰ ਝਗੜੇ 'ਚ ਬਦਲ ਲੈਂਦੇ ਹਾਂ ਤਾਂ ਅਸੀਂ ਜ਼ਿੰਦਗੀ ਦੀ ਸਭ ਤੋਂ ਵੱਡੀ ਗ਼ਲਤੀ ਕਰ ਬੈਠਦੇ ਹਾਂ, ਕਿਉਂਕਿ ਕਦੇ ਨਾ ਕਦੇ ਤਾਂ ਸਾਡੇ ਅੰਦਰ ਇਹ ਜ਼ਰੂਰ ਆਉਂਦਾ ਹੈ ਕਿ ਅਸੀਂ ਗ਼ਲਤ ਸਾਂ ਪਰ ਸ਼ਾਇਦ ਜਦੋਂ ਤੱਕ ਅਸੀਂ ਇਸ ਬਾਰੇ ਸੋਚਦੇ ਹਾਂ ਤਾਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ।

ਇਕ ਸ਼ਬਦ 'ਮੈਨੂੰ ਮੁਆਫ਼ ਕਰਨਾ' ਸਾਨੂੰ ਉਸ ਤਕਲੀਫ਼ 'ਚੋਂ ਬਾਹਰ ਕੱਢ ਦਿੰਦਾ ਹੈ ਜੋ ਸਾਨੂੰ ਆਪਣਿਆਂ ਨੂੰ ਦੁੱਖ ਪਹੁੰਚਾ ਕੇ ਹੁੰਦੀ ਹੈ ਪਰ ਇਹ ਨਹੀਂ ਕਿ ਇਹ ਮੁਆਫ਼ੀ ਮਹਿਜ਼ ਖਾਨਾਪੂਰਤੀ ਲਈ ਮੰਗੀ ਜਾਵੇ, ਅਸਲੀ ਮੁਆਫ਼ੀ ਤਾਂ ਉਹ ਹੈ ਜਿਸ ਵਿਚ ਤੁਸੀਂ ਸੱਚੇ ਦਿਲੋਂ ਇਹ ਮਹਿਸੂਸ ਕਰਦੇ ਹੋ ਕਿ ਤੁਸੀਂ ਸੱਚਮੁੱਚ ਗ਼ਲਤ ਸੀ। ਮੁਆਫ਼ੀ ਮੰਗਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਤੁਸੀਂ ਦੂਜੇ ਵਿਅਕਤੀ ਨੂੰ ਪੂਰੀ ਤਰ੍ਹਾਂ ਇਹ ਅਹਿਸਾਸ ਕਰਵਾ ਦਿਓ ਕਿ ਤੁਸੀਂ ਸੱਚ 'ਚ ਆਪਣੇ ਬੋਲੇ ਸ਼ਬਦਾਂ ਤੋਂ ਦੁਖੀ ਤੇ ਸ਼ਰਮਿੰਦਾ ਹੋ ਤੇ ਭਵਿੱਖ 'ਚ ਅਜਿਹਾ ਦੁਬਾਰਾ ਨਹੀਂ ਕਰੋਗੇ। ਜਿੰਨੀ ਵੀ ਮਰਜ਼ੀ ਵੱਡੀ ਲੜਾਈ ਕਿਉਂ ਨਾ ਹੋ ਜਾਵੇ, ਮਹਿਜ਼ ਦਿਲੋਂ ਤੇ ਪਿਆਰ ਭਰੇ ਦੋ ਲਫ਼ਜ਼ 'ਮੁਆਫ਼ ਕਰਨਾ' ਬੋਲ ਕੇ ਤੁਸੀਂ ਸਾਰੀ ਕੜਵਾਹਟ ਨੂੰ ਖ਼ਤਮ ਕਰ ਸਕਦੇ ਹੋ। ਕਈ ਵਾਰ ਅਸੀਂ ਆਪਣੇ ਬੜੇ ਪਿਆਰੇ ਦੋਸਤਾਂ ਜਾਂ ਰਿਸ਼ਤੇਦਾਰਾਂ ਨਾਲ ਬਹੁਤ ਬੁਰਾ ਵਰਤਾਓ ਕਰ ਬੈਠਦੇ ਹਾਂ ਅਤੇ ਕੁਝ ਸਮਾਂ ਬਾਅਦ ਸਾਨੂੰ ਇਸ ਦਾ ਅਹਿਸਾਸ ਵੀ ਹੁੰਦਾ ਹੈ ਕਿ ਅਸੀਂ ਗ਼ਲਤ ਕੀਤਾ ਹੈ ਪਰ ਜੋ ਸਭ ਤੋਂ ਵੱਡੀ ਮੁਸ਼ਕਿਲ ਸਾਡੇ ਸਾਹਮਣੇ ਆਉਂਦੀ ਹੈ, ਉਹ ਹੈ ਕਿ 'ਮੁਆਫ਼ ਕਰਨਾ' ਬੋਲਣ ਦੀ ਕਿ ਪਹਿਲ ਅਸੀਂ ਕਿਉਂ ਤੇ ਕਿਵੇਂ ਕਰੀਏ?

ਇਹ ਗੱਲ ਯਾਦ ਰੱਖੋ ਕਿ ਜਿੰਨਾ ਜ਼ਿਆਦਾ ਸਮਾਂ ਤੁਸੀਂ ਆਪਸ ਵਿਚ ਗੱਲਬਾਤ ਨਹੀਂ ਕਰੋਗੇ, ਓਨਾ ਹੀ ਤੁਸੀਂ ਆਪਣਿਆਂ ਤੋਂ ਦੂਰ ਹੁੰਦੇ ਜਾਓਗੇ। ਇਸ ਲਈ ਹਮੇਸ਼ਾਂ ਪਹਿਲ ਕਰਨੀ ਸਿੱਖੋ, ਤਾਂ ਕਿ ਟੁੱਟਦੇ ਰਿਸ਼ਤੇ ਨੂੰ ਬਚਾਇਆ ਜਾ ਸਕੇ। ਹਾਂ, ਬਾਅਦ ਵਿਚ ਜਦੋਂ ਆਪਸ ਵਿਚ ਸਭ ਕੁਝ ਠੀਕ ਹੋ ਜਾਵੇ ਤਾਂ ਤੁਸੀਂ ਦੂਜੇ ਨੂੰ ਆਪਣੇ ਕਹੇ ਗ਼ਲਤ ਸ਼ਬਦਾਂ ਦਾ ਸਹੀ ਕਾਰਨ ਸਮਝਾ ਸਕਦੇ ਹੋ, ਕਿਉਂਕਿ ਉਸ ਵੇਲੇ ਦੋਵਾਂ ਦਾ ਗੁੱਸਾ ਕੁਝ ਸ਼ਾਂਤ ਹੋ ਚੁੱਕਾ ਹੁੰਦਾ ਹੈ। ਜਦੋਂ ਵੀ ਕਦੇ ਦੂਜੇ ਕੋਲੋਂ ਮੁਆਫ਼ੀ ਮੰਗਣ ਜਾਓ ਤਾਂ ਬਜਾਏ ਗੁੱਸੇ ਜਾਂ ਹੰਕਾਰ 'ਚ ਗੱਲ ਕਰਨ ਦੇ ਆਪਸ ਵਿਚ ਸ਼ਾਂਤੀ ਨਾਲ ਤੇ ਠੰਢੇ ਦਿਮਾਗ ਨਾਲ ਬੈਠ ਕੇ ਗੱਲ ਕਰੋ ਤੇ ਇਕ-ਦੂਜੇ ਨੂੰ ਸਮਝਣ ਦੀ ਕੋਸ਼ਿਸ਼ ਕਰੋ, ਕਿਉਂਕਿ ਹਰ ਰਿਸ਼ਤਾ ਪਿਆਰ ਮੰਗਦਾ ਹੈ। ਤੁਸੀਂ ਆਪਣੇ ਦੋਸਤ ਨੂੰ ਸਮਝਾਉਣ ਦੀ ਕੋਸ਼ਿਸ਼ ਕਰੋ ਕਿ ਤੁਹਾਡੇ ਮੂੰਹੋਂ ਅਜਿਹੇ ਸ਼ਬਦ ਕਿਉਂ ਨਿਕਲੇ। ਆਪਣੇ ਮਨ 'ਚ ਹਮੇਸ਼ਾਂ ਸਕਾਰਾਤਮਕ ਸੋਚ ਰੱਖੋ, ਕਦੇ ਵੀ ਨਾਂਹ-ਪੱਖੀ ਭਾਵਨਾ ਨਾਲ ਮੁਆਫ਼ੀ ਨਾ ਮੰਗੋ।

ਕਈ ਵਾਰ ਅਜਿਹਾ ਹੁੰਦਾ ਹੈ ਕਿ ਵਾਰ-ਵਾਰ ਮੁਆਫ਼ੀ ਮੰਗਣ ਨਾਲ ਵੀ ਤੁਹਾਨੂੰ ਸਫਲਤਾ ਨਹੀਂ ਮਿਲਦੀ। ਅਜਿਹੇ ਵਿਚ ਦਿਲ ਹਾਰ ਕੇ ਬੈਠਣ ਦੀ ਬਜਾਏ ਆਪਣੀ ਕੋਸ਼ਿਸ਼ ਜਾਰੀ ਰੱਖੋ। ਜੇਕਰ ਤੁਹਾਡਾ ਬਹੁਤ ਪਿਆਰਾ ਦੋਸਤ ਤੁਹਾਡੇ ਤੋਂ ਕਿਸੇ ਗੱਲ ਤੋਂ ਨਾਰਾਜ਼ ਹੋ ਗਿਆ ਹੈ ਤਾਂ ਤੁਸੀਂ ਉਸ ਨੂੰ ਮੈਸੇਜ ਭੇਜ ਕੇ, ਕਾਰਡ ਭੇਜ ਕੇ, ਫੋਨ ਕਰਕੇ ਜਾਂ ਫਿਰ ਅੱਜ ਦੀ ਤਕਨੀਕ ਈ-ਮੇਲ ਕਰਕੇ ਮੁਆਫ਼ੀ ਮੰਗ ਸਕਦੇ ਹੋ ਪਰ ਸਭ ਤੋਂ ਵਧੀਆ ਤਰੀਕਾ ਤਾਂ ਆਹਮੋ-ਸਾਹਮਣੇ ਬੈਠ ਕੇ ਮੁਆਫ਼ੀ ਮੰਗਣ ਦਾ ਆਉਂਦਾ ਹੈ, ਜਿਸ ਵਿਚ ਤੁਹਾਡੇ ਹਾਵ-ਭਾਵ ਇਹ ਬਿਆਨ ਕਰ ਦਿੰਦੇ ਹਨ ਕਿ ਤੁਸੀਂ ਸੱਚਮੁੱਚ ਦੁਖੀ ਹੋ ਜਾਂ ਫਿਰ ਦਿਖਾਵਾ ਹੀ ਕਰ ਰਹੇ ਹੋ। ਇਕ-ਦੂਜੇ ਕੋਲ ਬੈਠ ਕੇ ਤੁਹਾਨੂੰ ਦੂਜੇ ਦਾ ਵੀ ਪਤਾ ਚੱਲ ਜਾਂਦਾ ਹੈ ਕਿ ਉਹ ਤੁਹਾਡੀ ਮੁਆਫ਼ੀ ਦੀ ਭਾਵਨਾ ਨੂੰ ਸਮਝ ਰਿਹਾ ਹੈ ਜਾਂ ਨਹੀਂ। ਹਰ ਤਰ੍ਹਾਂ ਦੇ ਨਤੀਜੇ ਲਈ ਆਪਣੇ-ਆਪ ਨੂੰ ਤਿਆਰ ਰੱਖੋ। ਮਹਿਜ਼ ਇਕ 'ਮੁਆਫ਼ ਕਰਨਾ' ਕਹਿਣ ਨਾਲ ਤੁਹਾਡੇ ਚਿਰਾਂ ਤੋਂ ਵਿਗੜੇ ਕੰਮ ਵੀ ਬਣ ਜਾਂਦੇ ਹਨ ਤੇ ਫਿਰ ਕਿਉਂ ਨਾ ਅੱਜ ਹੀ ਆਪਣੇ ਰੁੱਸਿਆਂ ਨੂੰ ਮਨਾਉਣ ਦੀ ਪਹਿਲ ਕਰ ਦਈਏ, ਤਾਂ ਕਿ ਲਗਾਤਾਰ ਟੁੱਟਦੇ ਜਾ ਰਹੇ ਸਾਡੇ ਰਿਸ਼ਤੇ ਕੁਝ ਤਾਂ ਬਚੇ ਰਹਿ ਸਕਣ।

-0-

# ਪੰਜਾਬਣਾਂ ਦੀ 'ਟਿਕਟ ਟੂ ਕੈਨੇਡਾ' ਬਨਾਮ ਕੁਝ ਲੱਚਰ ਐਪਸ

ਕੁਲਵੰਤ ਕੌਰ (ਡਾ) # 98156-20515


ਰਾਜਨੀਤੀ ਤੇ ਜਿਸਮ ਫਰੋਸ਼ੀ, ਦੁਨੀਆ ਵਿਚ ਢੇਰ ਚਿਰਾਂ ਤੋਂ ਪ੍ਰਚਲਿਤ ਰਹੇ ਹਨ। ਅੱਜ ਵੀ ਇਹ ਪੂਰੇ ਧੜੱਲੇ ਨਾਲ, ਪੂਰੇ ਸੰਸਾਰ ਵਿਚ ਪ੍ਰਚਲਿਤ ਹਨ। ਨਾ ਸਿਰਫ਼ ਪ੍ਰਚਲਿਤ ਹੀ ਬਲਕਿ ਆਪਣੇ ਵਰਤਮਾਨ ਸਰੂਪ ਵਿਚ, ਬੇਹੱਦ ਖ਼ਤਰਨਾਕ, ਵਿਸਫੋਟਕ, ਮਾਰੂ, ਭਿਆਨਕ ਅਤੇ ਤਬਾਹਕੁੰਨ ਵੀ ਬਣ ਚੁੱਕੇ ਹਨ ਕਿਉਂਕਿ ਟੈਕਨੌਲੋਜੀ, ਸੂਚਨਾ ਖੇਤਰ ਅਤੇ ਸੰਚਾਰ ਵਿਧੀਆਂ ਦੇ ਨਵੀਨੀਕਰਨ, ਆਧੁਨਿਕੀਕਰਨ ਅਤੇ ਸਾਧਾਰਨੀਕਰਨ ਕਰਕੇ, ਅੱਜ ਪਛੜੇ ਤੋਂ ਪਛੜੇ ਇਲਾਕੇ, ਦੁਰਾਡਲੇ ਪਿੰਡਾਂ ਅਤੇ ਵਿਸ਼ਾਲ ਮਹਾਂਨਗਰਾਂ ਤੱਕ ਪਹੁੰਚ ਤੇ ਸੰਪਰਕ ਆਸਾਨ ਹੋ ਜਾਣ ਕਰਕੇ, ਇਕ ਆਮ ਪਿੰਡ ਦੀ ਜੰਮਪਲ ਮੁਟਿਆਰ ਹਰੇਕ ਖੇਤਰ ਬਾਰੇ ਨਾ ਵੀ ਸਹੀ ਪਰ ਵਿਦੇਸ਼ ਜਾਣ ਦੇ ਢੰਗ ਤਰੀਕਿਆਂ, ਵਿਧੀਆਂ, ਸੰਭਾਵਨਾਵਾਂ, ਜੁਗਾੜਾਂ, ਵਿਗਾੜਾਂ, ਏਜੰਟਾਂ ਦੇ ਮੱਕੜ ਜਾਲ ਅਤੇ ਉਚਿਤ-ਅਨੁਚਿਤ ਸਭ ਰਾਹਾਂ ਦੀ ਵਾਕਿਫ਼ ਹੋ ਚੁੱਕੀ ਹੈ (ਸਕੇ ਭੈਣ ਭਰਾ ਵੀ ਲਾਵਾਂ ਦਿਖਾ ਕੇ ਪਤੀ ਪਤਨੀ ਵਜੋਂ ਟਿਕਟ ਟੂ ਕੈਨੇਡਾ ਲੈ ਚੁੱਕੇ ਹਨ) ਇੱਧਰਲਾ ਤੇ ਉਧਰਲਾ ਪੰਜਾਬੀ ਸਮਾਜ, ਇਸ ਮਸਲੇ ਵਿਚ, ਕਿੰਨਾ ਕੁ ਨਿੱਘਰ ਚੁੱਕਾ ਹੈ, ਇਸ ਦੀ ਟੋਹ ਲੈਣ ਦੀ ਥੋੜ੍ਹੀ ਜਿਹੀ ਕੋਸ਼ਿਸ਼ ਜ਼ਰੂਰ ਕਰਾਂਗੇ (ਇਨ੍ਹਾਂ ਕਾਲਮਾਂ ਵਿਚ)

ਕੁਝ ਵਰ੍ਹੇ ਪਹਿਲਾਂ, ਵਿਦੇਸ਼ੋਂ ਆਈਆਂ ਭੈਣਾਂ ਨੂੰ ਜਹਾਜ਼ ਚੜ੍ਹਾਉਣ ਲਈ ਮੈਂ ਅੰਮ੍ਰਿਤਸਰ ਏਅਰਪੋਰਟ ਗਈ ਸਾਂ। ਅੰਦਰਲੇ ਹਾਲ ਵਿਚ ਨੇੜੇ ਹੀ ਇਕ ਧੀ ਅਤੇ ਉਸ ਦੇ ਸਾਧਾਰਨ ਦਿਸਦੇ ਪੇਂਡੂ ਮਾਪੇ ਨਜ਼ਰੀਂ ਪਏ ਅਤੇ ਥੋੜ੍ਹੀ ਹੀ ਦੂਰੀ 'ਤੇ ਇਕ ਸੁੰਦਰ ਗੱਭਰੂ ਆਪਣੇ ਬਾਪ ਲਾਗੇ ਖੜ੍ਹਾ ਦਿਸਿਆ। ਆਦਤਨ ਮੈਂ ਓਸ ਬੇਟੀ ਕੋਲ ਜਾ ਕੇ ਉਸ ਦੇ ਬਾਹਰ ਜਾਣ ਦਾ ਸਬੱਬ ਪੁੱਛ ਲਿਆ ਜਿਹੜੀ ਕੁਝ ਮਹੀਨੇ ਪਹਿਲਾਂ ਹੀ ਜਮ੍ਹਾ ਦੋ ਦੀ ਪ੍ਰੀਖਿਆ ਪਾਸ ਕਰਕੇ ਤੇ ਆਈਲੈਟ ਕਰਕੇ, ਟਰਾਂਟੋ ਲਾਗੇ ਕਿਸੇ ਕਾਲਜ ਵਿਚ ਦਾਖ਼ਲਾ ਲੈ ਕੇ ਜਾ ਰਹੀ ਸੀ। ਇਵੇਂ ਹੀ ਨਵੇਂ-ਨਵੇਂ ਵਾਲ ਕਟਵਾ ਕੇ, ਪੜ੍ਹਨ ਜਾ ਰਿਹਾ, ਸਿੱਖ ਲੜਕਾ ਵੀ ਉੱਚੀ ਮੈਰਿਟ ਵਿਚ ਪਾਸ ਹੋ ਕੇ ਤੇ ਆਈਲੈੱਟ 'ਚੋਂ ਚੰਗੇ ਬੈਂਡ ਲੈ ਕੇ ਬਾਹਰ ਪੜ੍ਹਨ ਜਾ ਰਿਹਾ ਸੀ। ਕੈਲੇਫੋਰਨੀਆ ਰਹਿੰਦੀ ਭੈਣ (ਜੋ ਉੱਧਰਲੀ ਸਥਿਤੀ ਤੋਂ ਭਲੀਭਾਂਤ ਵਾਕਿਫ਼ ਸੀ) ਨੇ ਸਹਿਵਨ ਹੀ ਪੁੱਛ ਲਿਆ ਕਿ ਬੇਟੀ ਰਹਿਣਾ ਕਿੱਥੇ ਹੈ? ਉਹ ਧਿਰ ਖ਼ਾਮੋਸ਼ ਹੀ ਰਹੀ। ਫਿਰ ਲੜਕੇ ਨੂੰ ਪੁੱਛਿਆ ਤਾਂ ਉਸ ਦਾ ਬਾਪ ਬੋਲਿਆ ਕਿ ਉੱਥੇ ਪਹੁੰਚ ਕੇ ਹੀ ਕੋਈ ਜੁਗਾੜ ਕਰੂ। ਲਾਗਿਓਂ ਹੀ ਧੀ ਦੇ ਮਾਪੇ ਬੋਲੇ ਕਿ ਜਿੱਥੇ ਤੂੰ ਰਹੇਗਾ, ਸਾਡੀ ਧੀ ਨੂੰ ਵੀ ਉੱਥੇ ਹੀ ਰੱਖ ਲਵੀਂ। ਇੱਥੋਂ ਹੀ ਸ਼ੁਰੂ ਹੋ ਜਾਂਦੀ ਹੈ ਅਜੋਕੇ ਪੰਜਾਬੀਆਂ ਦੀ ਮਾਨਸਿਕਤਾ-ਬੇਗ਼ੈਰਤੀ, ਬੇਈਮਾਨੀ, ਬੇਸ਼ਰਮੀ, ਬੇਹਯਾਈ ਤੇ ਬੁਰੀ ਸੋਚ।

'ਟਿਕਟ ਟੂ ਕੈਨੇਡਾ' -ਇੱਕ ਕੈਨੇਡੀਆਈ ਪੰਜਾਬੀ ਟੀ.ਵੀ. ਚੈਨਲ ਹੈ ਜਿਹੜਾ ਹਰ ਹੀਲਾ ਵਸੀਲਾ ਵਰਤ ਕੇ ਕੈਨੇਡਾ ਦੀ ਵਿਸ਼ਾਲ ਧਰਤੀ 'ਤੇ ਅੱਪੜਣ ਵਾਲੇ ਨੌਜਵਾਨਾਂ (ਖ਼ਾਸ ਕਰਕੇ ਮੁਟਿਆਰਾਂ) ਦੀ ਅਜੋਕੀ ਦੁਰਦਸ਼ਾ, ਦੁਰਗਤੀ, ਬੇਪੱਤੀ ਅਤੇ ਬੇਲਗਾਮ ਜੀਵਨ ਸ਼ੈਲੀ ਦੀ ਚੀਰ ਫਾੜ ਕਰ ਕੇ, ਉਨ੍ਹਾਂਨੂੰ ਉਨ੍ਹਾਂ ਦੇ ਗੌਰਵਮਈ, ਲਾਸਾਨੀ ਅਤੇ ਵਿਲੱਖਣ ਵਿਰਸੇ ਦੀ ਯਾਦ ਕਰਵਾ ਕੇ ਸੰਭਲਣ ਦਾ ਹੋਕਾ ਦੇ ਰਿਹਾ ਹੈ ਤਾਂ ਜੋ ਉਨ੍ਹਾਂ ਨੂੰ ਲੱਚਰਤਾ, ਨੰਗੇਜ, ਕਾਮੁਕਤਾ, ਅਸ਼ਲੀਲਤਾ ਅਤੇ ਵਿਭਚਾਰ ਤੋਂ ਰੋਕਿਆ ਜਾ ਸਕੇ।

'ਵਰਚੂਅਲ ਸੈਕਸ' (ਔਨਲਾਈਨ ਗੰਦ) ਪਰੋਸਣ ਵਾਲੀਆਂ ਉਂਞ ਤਾਂ ਬਹੁਤ ਸਾਰੀਆਂ ਐਪਸ ਦਾ ਜ਼ਿਕਰ ਕੀਤਾ ਗਿਆ ਸੀ (ਇਸ ਟੀ.ਵੀ. ਚੈਨਲ ਵਲੋਂ) ਪਰੰਤੂ ਦੋ ਦੀ ਚਰਚਾ ਪੂਰੇ ਵਿਸਤਾਰ ਵਿਚ ਕੀਤੀ ਗਈ ਜਿੱਥੇ ਰੂਸੀ, ਯੋਰਪੀਨੀ, ਚੀਨੀ, ਜਾਪਾਨੀ ਅਤੇ ਦੂਸਰੇ ਏਸ਼ਿਆਈ ਮੁਲਕਾਂ ਦੀਆਂ ਕੁੜੀਆਂ ਆਪਣੇ ਜਿਸਮਾਂ ਦੀ ਸ਼ਰੇਆਮ ਨੁਮਾਇਸ਼ ਕਰਕੇ ਸੌਖਾ ਪੈਸਾ ਕਮਾਉਣ ਦਾ ਜੁਗਾੜ ਕਰ ਰਹੀਆਂ ਹਨ। ਅਚੰਭਾ ਉਦੋਂ ਹੋਇਆ ਜਦੋਂ ਕੈਨੇਡਾ ਦੀ ਅਤਿ ਦੀ ਮਹਿੰਗਾਈ, ਨਸ਼ਾਖੋਰੀ, ਜੀਵਨ ਸ਼ੈਲੀ ਤੇਰਹਿਣ ਸਹਿਣ ਦੇ ਪੱਧਰ ਵਿਚ ਫਿੱਟ ਨਾ ਹੋ ਸਕਣ ਵਾਲੀਆਂ ਪੰਜਾਬਣਾਂ ਨੇ ਵੀ Only Apes (ਓਨਲੀ ਐਪਸ) ਤੇ Blind Dates (ਬਲਾਈਂਡ ਡੇਟਸ) ਰਾਹੀਂ ਆਪਣੀਆਂ ਪੁੱਠੀਆਂ ਚਾਲਾਂ ਜੱਗ ਜ਼ਾਹਿਰ ਕਰ ਦਿੱਤੀਆਂ। ਫੇਸ ਬੁੱਕ, ਇੰਸਟਾਗਰਾਮ ਅਤੇ ਹੋਰ ਮਾਧਿਅਮਾਂ ਦੀ ਵਰਤੋਂ ਕਰਦਿਆਂ, ਪੱਛਮੀ ਸਭਿਆਚਾਰ ਦੀ ਇਸ ਅਤਿਅੰਤ ਘਿਣਾਉਣੀ ਤੇ ਨਿੰਦਰਣਯੋਗ ਖੁੱਲ ਤੇ ਕਰਤੂਤ ਨੂੰ ਅਪਣਾਉਂਦਿਆਂ ਜਦੋਂ ਮਾਈ ਭਾਗੋ ਜਿਹੀ ਬਹਾਦਰ ਸਿੰਘਣੀ ਦੀ ਵਿਰਾਸਤ ਵਾਲੀਆਂ ਪੰਜਾਬਣਾਂ ਨੰਗੇਜ, ਲੱਚਰਤਾ ਤੇ ਜਿਸਮ ਫਰੋਸ਼ੀ ਦਾ ਰਾਹ ਚੁਣ ਰਹੀਆਂ ਹਨ ਤਾਂ ਸਭਿਆਚਾਰਕ ਨਿਘਾਰ, ਨਿਵਾਣ ਅਤੇ ਭੁਚਾਲ ਆਉਣਾ ਲਾਜ਼ਮੀ ਹੈ। 'ਮੇਰੀ ਜ਼ਿੰਦਗੀ (My life) ਮੇਰੀ ਹੈ, ਮੈਂ ਜੋ ਮਰਜ਼ੀ ਕਰ ਸਕਦੀ ਹਾਂ' - ਇਹ ਨਾਅਰਾ ਗੂੰਜ ਰਿਹਾ ਹੈ ਅੱਜ ਉੱਧਰ ਵੀ ਤੇ ਬਹੁਤ ਹੱਦ ਤੱਕ ਇੱਧਰ ਵੀ। ਇਸੇ ਕਰਕੇ, ਧਰਤੀ-ਮਾਂ ਅਤੇ ਜਣਨਹਾਰੀ ਮਾਂ ਦੀ ਪੁਕਾਰ ਅਣਸੁਣੀ ਕਰਕੇ ਜੰਮੀਆਂ ਜਾਈਆਂ ਬਿਕਨੀਆਂ ਪਾਉਣ ਵਲ ਰੁਚਿਤ ਹੋ ਰਹੀਆਂ ਹਨ - ਕੈਨੇਡਾ ਦੇ ਬੇਸਮੈਂਟਾਂ, ਤੰਬੂਆਂ

**ਕਦੇ ਸੁਹਣੇ ਦੇਸ਼ਾਂ ਵਿਚੋਂ ਇਕ ਰਹੇ ਪੰਜਾਬ ਨੂੰ ਵਾਕਈ ਕਿਸੇ ਚੰਦਰੇ ਦੀ ਨਜ਼ਰ ਲਗ ਗਈ ਹੈ। ਇਸ ਦੇ ਧੀਆਂ ਪੁੱਤਰ ਵਿਦੇਸ਼ੀ ਧਰਤੀਆਂ 'ਤੇ ਪਹੁੰਚ ਕੇ, ਬਹੁਤ ਸਾਰੇ ਗਲਤ ਤੇ ਅਮਾਨਵੀ ਕੰਮਾਂ ਵਿਚ ਖਚਿਤ ਹਨ। ਗੁਰੂ ਮਹਿਲਾਂ, ਬੇਬੇ ਨਾਨਕੀ ਅਤੇ ਹੋਰ ਮਾਣਮੱਤੀਆਂ ਬੀਬੀਆਂ ਦੀਆਂ ਵਾਰਿਸ-ਪੰਜਾਬਣਾਂ, ਅੱਜ ਜਿਸਮਫਰੋਸ਼ੀ ਕਰਕੇ, ਆਪਣੇ ਤਨ ਦੀ ਨੁਮਾਇਸ਼ ਲਾ ਕੇ, ਬੇਗ਼ੈਰਤੇ ਕੰਮੜਿਆਂ ਵਿਚ ਫਸ ਕੇ, ਆਪਣੀ ਸਰਜ਼ਮੀ ਅਤੇ ਪਿਛਲਿਆਂ ਨੂੰ ਬਦਨਾਮ ਕਰ ਰਹੀਆਂ ਹਨ। ਲੋੜ ਹੈ ਅੱਜ ਸੁਪਨਿਆਂ ਦੀ ਦੁਨੀਆਂ ਤੋਂ ਜਾਗਣ ਦੀ, ਆਪਣੇ ਅਸਲ ਨੂੰ ਪਹਿਚਾਨਣ ਦੀ, ਸਾਧਾਰਨ ਤਰਜੇ ਜੀਵਨ ਜਿਊਣ ਦੀ ਅਤੇ ਆਪਣੀ ਮਰਯਾਦਾ ਨੂੰ ਕਾਇਮ ਰੱਖਣ ਦੀ।**





**ਕੁਝ ਵਰ੍ਹੇ ਪਹਿਲਾਂ, ਵਿਦੇਸ਼ੋਂ ਆਈਆਂ ਭੈਣਾਂ ਨੂੰ ਜਹਾਜ਼ ਚੜ੍ਹਾਉਣ ਲਈ ਮੈਂ ਅੰਮ੍ਰਿਤਸਰ ਏਅਰਪੋਰਟ ਗਈ ਸਾਂ। ਅੰਦਰਲੇ ਹਾਲ ਵਿਚ ਨੇੜੇ ਹੀ ਇਕ ਧੀ ਅਤੇ ਉਸ ਦੇ ਸਾਧਾਰਨ ਦਿਸਦੇ ਪੇਂਡੂ ਮਾਪੇ ਨਜ਼ਰੀਂ ਪਏ ਅਤੇ ਥੋੜ੍ਹੀ ਹੀ ਦੂਰੀ 'ਤੇ ਇਕ ਸੁੰਦਰ ਗੱਭਰੂ ਆਪਣੇ ਬਾਪ ਲਾਗੇ ਖੜ੍ਹਾ ਦਿਸਿਆ। ਆਦਤਨ ਮੈਂ ਓਸ ਬੇਟੀ ਕੋਲ ਜਾ ਕੇ ਉਸ ਦੇ ਬਾਹਰ ਜਾਣ ਦਾ ਸਬੱਬ ਪੁੱਛ ਲਿਆ ਜਿਹੜੀ ਕੁਝ ਮਹੀਨੇ ਪਹਿਲਾਂ ਹੀ ਜਮ੍ਹਾ ਦੋ ਦੀ ਪ੍ਰੀਖਿਆ ਪਾਸ ਕਰਕੇ ਤੇ ਆਈਲੈਟ ਕਰਕੇ, ਟਰਾਂਟੋ ਲਾਗੇ ਕਿਸੇ ਕਾਲਜ ਵਿਚ ਦਾਖ਼ਲਾ ਲੈ ਕੇ ਜਾ ਰਹੀ ਸੀ। ਇਵੇਂ ਹੀ ਨਵੇਂ-ਨਵੇਂ ਵਾਲ ਕਟਵਾ ਕੇ, ਪੜ੍ਹਨ ਜਾ ਰਿਹਾ, ਸਿੱਖ ਲੜਕਾ ਵੀ ਉੱਚੀ ਮੈਰਿਟ ਵਿਚ ਪਾਸ ਹੋ ਕੇ ਤੇ ਆਈਲੈਟ 'ਚੋਂ ਚੰਗੇ ਬੈਂਡ ਲੈ ਕੇ ਬਾਹਰ ਪੜ੍ਹਨ ਜਾ ਰਿਹਾ ਸੀ। ਕੈਲੇਫੋਰਨੀਆ ਰਹਿੰਦੀ ਭੈਣ (ਜੋ ਉੱਧਰਲੀ ਸਥਿਤੀ ਤੋਂ ਭਲੀਭਾਂਤ ਵਾਕਿਫ਼ ਸੀ) ਨੇ ਸਹਿਵਨ ਹੀ ਪੁੱਛ ਲਿਆ ਕਿ ਬੇਟੀ ਰਹਿਣਾ ਕਿੱਥੇ ਹੈ? ਉਹ ਧਿਰ ਖ਼ਾਮੋਸ਼ ਹੀ ਰਹੀ। ਫਿਰ ਲੜਕੇ ਨੂੰ ਪੁੱਛਿਆ ਤਾਂ ਉਸ ਦਾ ਬਾਪ ਬੋਲਿਆ ਕਿ ਉੱਥੇ ਪਹੁੰਚ ਕੇ ਹੀ ਕੋਈ ਜੁਗਾੜ ਕਰੂ। ਲਾਗਿਓਂ ਹੀ ਧੀ ਦੇ ਮਾਪੇ ਬੋਲੇ ਕਿ ਜਿੱਥੇ ਤੂੰ ਰਹੇਗਾ, ਸਾਡੀ ਧੀ ਨੂੰ ਵੀ ਉੱਥੇ ਹੀ ਰੱਖ ਲਵੀਂ। ਇੱਥੋਂ ਹੀ ਸ਼ੁਰੂ ਹੋ ਜਾਂਦੀ ਹੈ ਅਜੋਕੇ ਪੰਜਾਬੀਆਂ ਦੀ ਮਾਨਸਿਕਤਾ-ਬੇਗ਼ੈਰਤੀ, ਬੇਈਮਾਨੀ, ਬੇਸ਼ਰਮੀ, ਬੇਹਯਾਈ ਤੇ ਬੁਰੀ ਸੋਚ।**

ਅਤੇ ਹੋਰ ਸਸਤੇ ਟਿਕਾਣਿਆਂ 'ਚ ਰਹਿਣ ਲਈ ਮਜਬੂਰ ਪੰਜਾਬੀ (10-10 ਲੜਕੇ, 4-4 ਜਾਂ 5-5 ਲੜਕੀਆਂ) ਕਿਸੇ ਨਵੇਂ ਸਭਿਆਚਾਰ ਨੂੰ ਸਿਰਜ ਰਹੇ ਹਨ, ਇਸ ਵਲੋਂ ਇੱਧਰਲੇ ਮਾਪੇ ਅੱਖਾਂ ਮੀਟੀ ਬੈਠੇ ਹਨ। ਗਜ਼ਨੀ ਦੇ ਬਾਜ਼ਾਰ ਵਿਚੋਂ ਬੇਗਾਨੀਆਂ ਬਹੂ ਬੇਟੀਆਂ ਨੂੰ ਛੁਡਾ-ਛੁਡਾ ਕੇ ਉਨ੍ਹਾਂ ਦੇ ਘਰੀਂ ਪਹੁੰਚਾਉਣ ਵਾਲੇ ਨਿਡਰ, ਨਿਧੜਕ ਅਤੇ ਗ਼ੈਰਤਮੰਦ ਪੰਜਾਬੀ ਕਿੱਥੇ ਅਲੋਪ ਹੋ ਗਏ ਹਨ? ਕਿਉਂਕਿ ਹੁਣ ਦੇ ਬਾਪ ਤਾਂ ਇਕ ਓਪਰੇ, ਅਣਜਾਣ ਅਤੇ ਪਰਾਏ ਮੁੰਡੇ ਨੂੰ, ਆਪਣੀ ਧੀ ਨੂੰ ਨਾਲ ਰੱਖਣ ਦੇ ਭਰੋਸੇ 'ਤੇ ਵਿਦੇਸ਼ ਤੋਰ ਰਹੇ ਹਨ। ਐਨੀ ਗਿਰਾਵਟ? ਇਸ ਕਦਰ ਬਾਹਰੀ ਝਾਕ? ਪੈਸੇ ਦੀ ਹੋੜ? ਖ਼ੁਦ ਬਾਹਰ ਜਾ ਵੱਸਣ ਦੀ ਤਰਕੀਬ? ਇਹ ਸਿਲਸਿਲਾ ਬੇਰੋਕ, ਬੇਟੋਕ, ਬੇਖ਼ੌਫ਼ ਜਾਰੀ ਹੈ - ਘਰ, ਮਕਾਨ, ਪਲਾਟ, ਜਾਇਦਾਦਾਂ ਵੇਚ ਵੱਟ ਕੇ ਵੀ ਅਸੀਂ 25-25 ਲੱਖ, ਪੰਜਾਹ-ਪੰਜਾਹ ਲੱਖ ਰੋੜ੍ਹ ਰਹੇ ਹਾਂ ਤਾਂ ਜੋ ਪਹਿਲਾਂ ਔਲਾਦ ਤੇ ਮਗਰੇ ਮਗਰੇ ਖ਼ੁਦ ਮਾਪੇ, ਬਾਹਰਲੀਆਂ ਧਰਤੀਆਂ ਦੇ 'ਨਜ਼ਾਰੇ' ਮਾਣ ਸਕਣ। ਲੱਖਾਂ ਪੰਜਾਬੀ ਅੱਜ ਬੇਗਾਨੇ ਮੁਲਕਾਂ ਦੀਆਂ ਸੁੱਖ ਸਹੂਲਤਾਂ ਮਾਣ ਵੀ ਰਹੇ ਹਨ ਪਰੰਤੂ ਮੌਜੂਦਾ ਸਮੇਂ ਦੀਆਂ ਚੁਣੌਤੀਆਂ ਬਹੁਤ ਵੱਡੀਆਂ ਤੇ ਗੰਭੀਰ ਹਨ ਅਤੇ ਪਹਿਲੇ ਵੇਲਿਆਂ ਤੋਂ ਅਲੱਗ ਕਿਸਮ ਦੀਆਂ ਵੀ।

'ਓਨਲੀ ਐਪ' 'ਤੇ ਪੈਸੇ ਅਦਾ ਕਰਕੇ, ਲੜਕਾ-ਧਿਰ ਲੜਕੀ ਨੂੰ ਨਹਾਉਂਦੇ, ਕਪੜੇ ਬਦਲਦੇ, ਬਿਕਨੀ 'ਚ, ਜਿੰਨੀ ਵੀ ਨੰਗੀ ਦੇਖਣੀ ਚਾਹੇ ਦੇਖ ਕੇ ਮਨ ਪਰਚਾ ਸਕਦਾ ਹੈ। ਜਿੰਨੀ ਨਗਨਤਾ, ਉਨੀ ਕਾਮੁਕ ਉਤੇਜਨਾ ਤੇ ਉਤਨੀ ਹੀ ਵੱਧ ਕਮਾਈ। ਵਿਦੇਸ਼ੀ ਕੁੜੀਆਂ ਇਸ ਗੰਦੇ ਕੰਮ ਵਿਚ ਚਿਰਾਂ ਤੋਂ ਖੁੱਭੀਆਂ ਹੋਈਆਂ ਸੁਣੀਦੀਆਂ ਸਨ ਪਰੰਤੂ ਹੁਣ ਧੜਾਧੜ ਕੈਨੇਡਾ ਜਾ ਰਹੀਆਂ ਅੱਲੜ ਪੰਜਾਬਣਾਂ ਵੀ ਪਿੱਛੇ ਨਹੀਂ ਰਹੀਆਂ। ਮਹਿੰਗੀਆਂ ਫੀਸਾਂ, ਰਹਿਣ-ਸਹਿਣ ਦੇ ਬੇਲਗਾਮ ਖਰਚੇ, ਕੰਮਾਂ ਦੀ ਘਾਟ, ਨਸ਼ਿਆਂ ਦੀ ਭਰਮਾਰ, ਰੰਗਦਾਰੀਆਂ, ਫਿਰੌਤੀਆਂ, ਹਾਦਸਿਆਂ ਤੇ ਲੁੱਟਾਂ-ਖੋਹਾਂ ਕਾਰਨ ਉੱਥੇ ਰਹਿਣਾ ਤੇ ਟਿਕ ਸਕਣਾ ਸੌਖਾ ਨਹੀਂ ਰਿਹਾ ਹੁਣ। ਇੱਧਰ ਪੰਜਾਬ ਵਿਚ, ਕੀ ਪਿੰਡ, ਕੀ ਕਸਬੇ, ਕੀ ਸ਼ਹਿਰ, ਹਰ ਸਕੂਲ-ਪਾਸ ਕਰ ਲੈਣ ਵਾਲਾ ਨੌਜਵਾਨ (ਧੀ ਜਾਂ ਪੁੱਤ) ਜਹਾਜ਼ ਚੜ੍ਹਨ ਦੇ ਸੁਪਨੇ ਲੈਣ ਲੱਗ ਪੈਂਦਾ ਹੈ। ਇੱਥੋਂ ਤੱਕ ਕਿ ਆਈਲੈਟ ਚੰਗੇ ਬੈਂਡਾਂ ਵਿਚ ਕਰ ਲੈਣ ਵਾਲੀਆਂ ਕੁੜੀਆਂ ਮੁੰਡਾ-ਧਿਰ ਦਾ ਤੀਹ-ਤੀਹ ਲੱਖ ਖਰਚਾ ਕੇ, ਬਾਹਰ ਜਾ ਰਹੀਆਂ ਹਨ ਤੇ ਕਈ ਵਾਰ ਉੱਧਰ ਲੜਕੇ (ਪਤੀ) ਨੂੰ ਬੁਲਾਉਣ ਤੋਂ ਹੀ ਮੁਨਕਿਰ ਹੋ ਜਾਂਦੀਆਂ ਹਨ। ਅਕਸਰ ਅਜਿਹੇ ਕੇਸਾਂ ਵਿਚ ਲੜਕਿਆਂ ਵਲੋਂ ਖ਼ੁਦਕੁਸ਼ੀਆਂ ਕਰ ਲਈਆਂ ਜਾਂਦੀਆਂ ਹਨ। ਬੜਾ ਹੀ ਨਿਰਾਲਾ ਆਲਮ ਹੈ ਇਸ ਵਕਤ-ਜਿਵੇਂ ਹਰ ਪੰਜਾਬੀ, ਉਡਾਰੀ ਮਾਰ ਕੇ ਵਿਦੇਸ਼ਾਂ ਨੂੰ ਉਡ ਜਾਣਾ ਲੋਚਦਾ ਹੋਵੇ।

ਕੀ ਇਹ ਪੰਜਾਬ ਸਰਕਾਰ (ਪਹਿਲੀਆਂ ਸਰਕਾਰਾਂ 'ਤੇ ਵੀ) 'ਤੇ ਬਦਨੁਮਾ ਧੱਬਾ ਨਹੀਂ? ਜੇਕਰ ਇੱਥੇ ਜੀਣ-ਥੀਣ ਦੇ ਬਾਇਜ਼ਤ ਪ੍ਰਬੰਧ ਹੁੰਦੇ ਤਾਂ ਪ੍ਰਦੇਸਾਂ ਦੀ ਖ਼ਾਕ ਛਾਨਣ ਲਈ ਕਿਉਂ ਹਾਰੀ ਸਾਰੀ ਨੱਠਾ ਫਿਰਦਾ? ਕਿਉਂ ਇੱਥੋਂ ਦੀਆਂ ਧੀਆਂ ਆਪਣੀ ਤੇ ਪੰਜਾਬ ਦੀ ਪੱਤ ਤੇ ਗੱਤ ਰੋਲਦੀਆਂ? ਆਖਰ ਅੱਧੀ ਸਦੀ ਪਹਿਲਾਂ, ਅਸੀਂ ਵੀ ਗਹਿਗੱਚ ਅਕਾਦਮਿਕ ਮੁਕਾਬਲੇ ਕਰਕੇ, ਆਪਣੇ ਲਈ ਸਨਮਾਨਜਨਕ ਸਥਾਨ ਹਾਸਿਲ ਕੀਤੇ ਹੀ ਸਨ ਪਰ ਅੱਜ ਹਾਲਾਤ ਹੋਰ ਵੀ ਤ੍ਰਾਹੁਣੇ, ਭਿਆਨਕ ਅਤੇ ਸਾਹਸੂਤਵੇਂ ਹਨ। ਕਿੰਨੇ ਹੀ ਪੜ੍ਹੇ ਲਿਖੇ ਬੇਰੁਜ਼ਗਾਰ ਦਿਹਾੜੀਆਂ ਲਾਉਣ ਲਈ ਮਜਬੂਰ ਹਨ ਤੇ ਕਿੰਨੇ ਖ਼ੁਦਕੁਸ਼ੀਆਂ ਕਰਨ ਲਈ ਵੀ। ਦੇਸ਼ ਦੀ ਆਜ਼ਾਦੀ ਤੇ ਪਝੱਤਰ ਸਾਲਾਂ ਬਾਅਦ ਵੀ ਹਾਲਾਤ ਨਹੀਂ ਸੁਧਰੇ। ਜਿਨ੍ਹਾਂ ਆਦਰਸ਼ਾਂ, ਉਮੀਦਾਂ ਅਤੇ ਪ੍ਰਾਪਤੀਆਂ ਲਈ ਸਾਡੇ ਵਡੇਰਿਆਂ ਸੈਂਕੜੇ ਨੇ ਵਰ੍ਹੇ ਜੱਦੋ ਜਹਿਦ ਕੀਤੀ, ਜਲਾਵਤਨੀਆਂ ਭੋਗੀਆਂ, ਫਾਂਸੀ ਦੇ ਰੱਸੇ ਚੁੰਮੇ, ਕਾਲੇ ਪਾਣੀ ਪੀਤੇ ਅਤੇ ਅਕਹਿ ਤੇ ਅਸਹਿ ਕਸ਼ਟ ਸਹਾਰੇ, ਉਨ੍ਹਾਂ ਦੀ ਪੂਰਤੀ ਅਜੇ ਵੀ ਨਹੀਂ ਹੋਈ। ਰਾਜਨੀਤੀ ਨੇ ਸਾਡਾ ਸਚਿਆਰਪਨ, ਭੋਲਾਪਨ, ਆਨ-ਸ਼ਾਨ, ਵਿਰਾਸਤ ਅਤੇ ਆਪਸੀ ਸਾਂਝ ਸਭ ਖ਼ਤਮ ਕਰ ਦਿੱਤੀ ਹੈ ਅਤੇ ਨੌਜਵਾਨਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਇਸ ਕਰਕੇ ਵੀ ਵਿਦੇਸ਼ਾਂ ਨੂੰ ਨਿਕਲ ਜਾਣ ਦਾ ਰੁਝਾਨ, ਸ਼ੈਤਾਨ ਦੀ ਆਂਦਰ ਵਾਂਗ ਵਧਦਾ ਜਾ ਰਿਹਾ ਹੈ। ਹੁਣ ਸਥਿਤੀ ਇਹ ਬਣ ਗਈ ਹੈ ਕਿ ਪਿੰਡਾਂ ਦੇ ਪਿੰਡ, ਮੁਹੱਲਿਆਂ ਦੇ ਮੁਹੱਲੇ ਪੂਰੀਆਂ-ਪੂਰੀਆਂ ਬਸਤੀਆਂ ਖਾਲੀ ਹੋ ਚੁੱਕੀਆਂ ਹਨ, ਘਰਾਂ ਨੂੰ ਜੰਦਰੇ ਲਗ ਚੁੱਕੇ ਹਨ ਅਤੇ ਰਾਖੀ ਲਈ ਪ੍ਰਵਾਸੀਆਂ ਨੂੰ ਰੱਖਿਆ ਜਾ ਰਿਹਾ ਹੈ।

ਕਦੇ ਸੁਹਣੇ ਦੇਸ਼ਾਂ ਵਿਚੋਂ ਇਕ ਰਹੇ ਪੰਜਾਬ ਨੂੰ ਵਾਕਈ ਕਿਸੇ ਚੰਦਰੇ ਦੀ ਨਜ਼ਰ ਲਗ ਗਈ ਹੈ। ਇਸ ਦੇ ਧੀਆਂ ਪੁੱਤਰ ਵਿਦੇਸ਼ੀ ਧਰਤੀਆਂ 'ਤੇ ਪਹੁੰਚ ਕੇ, ਬਹੁਤ ਸਾਰੇ ਗਲਤ ਤੇ ਅਮਾਨਵੀ ਕੰਮਾਂ ਵਿਚ ਖਚਿਤ ਹਨ। ਗੁਰੂ ਮਹਿਲਾਂ, ਬੇਬੇ ਨਾਨਕੀ ਅਤੇ ਹੋਰ ਮਾਣਮੱਤੀਆਂ ਬੀਬੀਆਂ ਦੀਆਂ ਵਾਰਿਸ-ਪੰਜਾਬਣਾਂ, ਅੱਜ ਜਿਸਮਫਰੋਸ਼ੀ ਕਰਕੇ, ਆਪਣੇ ਤਨ ਦੀ ਨੁਮਾਇਸ਼ ਲਾ ਕੇ, ਬੇਗ਼ੈਰਤੇ ਕੰਮੜਿਆਂ ਵਿਚ ਫਸ ਕੇ, ਆਪਣੀ ਸਰਜ਼ਮੀ ਅਤੇ ਪਿਛਲਿਆਂ ਨੂੰ ਬਦਨਾਮ ਕਰ ਰਹੀਆਂ ਹਨ। ਲੋੜ ਹੈ ਅੱਜ ਸੁਪਨਿਆਂ ਦੀ ਦੁਨੀਆਂ ਤੋਂ ਜਾਗਣ ਦੀ, ਆਪਣੇ ਅਸਲ ਨੂੰ ਪਹਿਚਾਨਣ ਦੀ, ਸਾਧਾਰਨ ਤਰਜ਼ੇ ਜੀਵਨ ਜਿਊਣ ਦੀ ਅਤੇ ਆਪਣੀ ਮਰਯਾਦਾ ਨੂੰ ਕਾਇਮ ਰੱਖਣ ਦੀ। ਕਿਸੇ ਸ਼ਾਇਰ ਨੇ ਲਿਖਿਆ ਹੈ :-

ਹਰ ਰਾਤ ਕੋ ਦੁਲਹਨ ਸਜਤੀ ਹੂੰ  
ਹਰ ਸੁਬਹ ਜਨਾਜ਼ਾ ਹੋਤਾ ਹੈ।  
ਮੇਰੇ ਘੁੰਗਰੂ ਸੋਨੇ ਨਹੀਂ ਦੇਤੇ  
ਜਬ ਸਾਰਾ ਆਲਮ ਸੋਤਾ ਹੈ।

ਪਰ ਹੁਣ ਤਾਂ ਹਾਲਾਤ ਹੀ ਬਦਲ ਗਏ ਹਨ। ਮਜਬੂਰੀਆਂ ਮਰਜ਼ੀਆਂ 'ਚ ਬਦਲ ਗਈਆਂ ਹਨ। ਜੀਵਨ ਦੇ ਆਦਰਸ਼ ਬਦਲ ਗਏ ਹਨ ਤੇ ਘ੍ਰਿਣਤ ਸਮਝੇ ਜਾਂਦੇ ਕੰਮ ਕਰਨੋਂ ਵੀ ਕੋਈ ਝਿਜਕ ਨਹੀਂ ਰਹੀ। ਕੋਈ ਸੰਕੋਚ ਨਹੀਂ ਰਿਹਾ। ਕਾਸ਼ ਕਿ ਸਾਡੀਆਂ ਬਹੂ-ਬੇਟੀਆਂ ਆਪਣੀ ਮਾਣਮੱਤੀ ਸਭਿਅਤਾ ਨੂੰ ਮੁੜ ਪਹਿਚਾਨਣ ਲੱਗ ਜਾਣ।-0-

# ਔਰਤ ਹੋਣ ਦੀ ਤ੍ਰਾਸਦੀ

**ਬਲਰਾਜ ਸਿੰਘ ਕਮਾਂਡੈਂਟ, ਪੰਡੋਰੀ ਸਿੱਧਵਾਂ # 9501100062**

ਸਾਡੇ ਸਮਾਜ ਵਿੱਚ ਔਰਤ ਦਾ ਮਤਲਬ ਦੂਸਰੇ ਦਰਜ਼ੇ ਦਾ ਸ਼ਹਿਰੀ ਹੋਣਾ ਹੈ। ਇਸ ਆਧੁਨਿਕ ਕਾਲ ਵਿੱਚ ਵੀ ਪੁਰਸ਼ ਪ੍ਰਧਾਨ ਸਮਾਜ ਹੋਣ ਕਾਰਨ ਹਰ ਜਗ੍ਹਾਂ 'ਤੇ ਔਰਤ ਨੂੰ ਦਬਾਇਆ ਜਾਂਦਾ ਹੈ। ਅੱਜ ਬਹੁਤ ਸਾਰੀਆਂ ਔਰਤਾਂ ਪੜ੍ਹ ਲਿਖ ਕੇ ਨੌਕਰੀਆਂ ਕਰਨ ਲੱਗ ਪਈਆਂ ਹਨ ਪਰ ਉਨ੍ਹਾਂ ਵਿੱਚੋਂ ਵੀ ਕਈਆਂ ਨੂੰ ਕੰਮ ਦੀ ਜਗ੍ਹਾਂ 'ਤੇ ਸੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹੁਤੀਆਂ ਨੌਕਰੀ ਪੇਸ਼ਾ ਔਰਤਾਂ ਦੀ ਤਨਖਾਹ ਆਦਿ ਦਾ ਹਿਸਾਬ ਉਨ੍ਹਾਂ ਦੇ ਪਤੀ ਰੱਖਦੇ ਹਨ। ਵੇਖਿਆ ਗਿਆ ਹੈ ਕਿ ਪੰਚ, ਸਰਪੰਚ, ਐਮ.ਸੀ., ਮੇਅਰ, ਐਮ.ਐਲ.ਏ, ਐਮ.ਪੀ. ਅਤੇ ਇੱਥੋਂ ਤੱਕ ਕਿ ਮੰਤਰੀ ਬਣਨ ਵਾਲੀਆਂ ਜਿਆਦਾਤਰ ਔਰਤਾਂ ਦੀ ਰਾਜਨੀਤਕ ਤਾਕਤ ਦਾ ਇਸਤੇਮਾਲ ਉਨ੍ਹਾਂ ਦੇ ਪਤੀ ਜਾਂ ਪੁੱਤਰ ਕਰਦੇ ਹਨ।

ਕਈ ਸਾਲ ਪਹਿਲਾਂ ਬਟਾਲੇ ਪੁਲਿਸ ਜਿਲ੍ਹੇ ਦੀ ਇੱਕ ਸਬ ਡਵੀਜ਼ਨ ਵਿਖੇ ਤਾਇਨਾਤੀ ਦੌਰਾਨ ਅਜਿਹਾ ਹੀ ਇੱਕ ਕੇਸ ਮੇਰੇ ਕੋਲ ਆਇਆ ਸੀ। ਇੱਕ ਦਿਨ ਮੈਂ ਦਫਤਰ ਬੈਠਾ ਹੋਇਆ ਸੀ ਤਾਂ ਏਡਜ਼ ਦੇ ਕੇਸਾਂ ਲਈ ਬਦਨਾਮ ਇੱਕ ਪਿੰਡ ਦਾ ਸਰਪੰਚ 5-7 ਮੋਹਤਬਰਾਂ ਨਾਲ ਮੇਰੇ ਦਫਤਰ ਆਇਆ। ਉਸ ਨੇ ਆ ਕੇ ਪੰਚਾਇਤ ਵੱਲੋਂ ਇੱਕ ਦਰਖਾਸਤ ਦਿੱਤੀ ਕਿ ਉਸ ਦੇ ਪਿੰਡ ਦੀ ਇੱਕ ਵਿਧਵਾ ਔਰਤ ਰਾਣੀ (ਕਾਲਪਨਿਕ ਨਾਮ) ਏਡਜ਼ ਨਾਲ ਪੀੜਤ ਹੈ। ਉਸ ਦੇ ਪਿੰਡ ਦੇ ਅਨੇਕਾਂ ਵਿਅਕਤੀਆਂ ਨਾਲ ਸਬੰਧ ਹਨ ਜਿਸ ਕਾਰਨ ਪਿੰਡ ਵਿੱਚ ਏਡਜ਼ ਦੀ ਬਿਮਾਰੀ ਫੈਲ ਰਹੀ ਹੈ। ਇਸ ਲਈ ਉਸ ਨੂੰ ਪਿੰਡ ਵਿੱਚੋਂ ਬਾਹਰ ਕੱਢਿਆ ਜਾਵੇ। ਮੈਂ ਸਰਪੰਚ ਨੂੰ ਸਮਝਾਇਆ ਕਿ ਪੁਲਿਸ ਕੋਲ ਅਜਿਹੀ ਕੋਈ ਕਾਨੂੰਨੀ ਤਾਕਤ ਨਹੀਂ ਹੁੰਦੀ ਕਿ ਕਿਸੇ ਨੂੰ ਪਿੰਡ ਵਿੱਚੋਂ ਕੱਢ ਸਕੇ। ਇਸ ਕੰਮ ਲਈ ਡੀ.ਸੀ., ਐਸ.ਡੀ.ਐਮ. ਜਾਂ ਫਿਰ ਅਦਾਲਤ ਵਿੱਚ ਕੇਸ ਕੀਤਾ ਜਾ ਸਕਦਾ ਹੈ। ਮੈਂ ਸਰਪੰਚ ਨੂੰ ਪੁੱਛਿਆ ਕਿ ਏਡਜ਼ ਫੈਲਾਉਣ ਵਿੱਚ ਰਾਣੀ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਦਾ ਵੀ ਬਰਾਬਰ ਦਾ ਕਸੂਰ ਹੈ, ਉਨ੍ਹਾਂ ਨੂੰ ਕਿਉਂ ਨਹੀਂ ਪੰਚਾਇਤ ਪਿੰਡੋਂ ਕੱਢਦੀ? ਸਰਪੰਚ ਪੂਰੀ ਬੇਸ਼ਰਮੀ ਨਾਲ ਹੱਸ ਕੇ ਬੋਲਿਆ ਕਿ ਉਹ ਤਾਂ ਉਸ ਦੇ ਧੜੇ ਦੇ ਬੰਦੇ ਹਨ।



ਪਰ ਲੋਕਾਂ ਨੂੰ ਹਰ ਕੰਮ ਜਲਦੀ ਕਰਵਾਉਣ ਲਈ ਪੁਲਿਸ ਹੀ ਸਭ ਤੋਂ ਸੌਖਾ ਜ਼ਰੀਆ ਲੱਗਦੀ ਹੈ। ਸਰਪੰਚ ਸੱਤਾਧਾਰੀ ਪਾਰਟੀ ਨਾਲ ਸਬੰਧ ਰੱਖਦਾ ਸੀ, ਉਸ ਨੇ ਮੈਨੂੰ ਐਮ.ਐਲ.ਏ. (ਜੋ ਕਿ ਕਿਸੇ ਸੁਰੱਖਿਆ ਫੋਰਸ ਤੋਂ ਰਿਟਾਇਰਡ ਸੀ ਤੇ ਮਹਾਂ ਬਦਤਮੀਜ਼ ਵਿਅਕਤੀ ਸੀ) ਕੋਲੋਂ ਫੋਨ ਕਰਵਾਉਣੇ ਸ਼ੁਰੂ ਕਰ ਦਿੱਤੇ। ਆਖਰ ਅੱਕ ਕੇ ਮੈਂ ਦੋ ਕੁ ਹਫਤਿਆਂ ਬਾਅਦ ਪੰਚਾਇਤ ਅਤੇ ਰਾਣੋ ਨੂੰ ਆਪਣੇ ਦਫਤਰ ਬੁਲਾ ਲਿਆ। ਰਾਣੋ 26 ਕੁ ਸਾਲ ਦੀ ਸੋਹਣੀ ਸੁਨੱਖੀ ਔਰਤ ਸੀ ਤੇ ਕਿਸੇ ਪਾਸਿਉਂ ਵੀ ਇਹ ਨਹੀਂ ਸੀ ਮਾਲੂਮ ਹੁੰਦਾ ਕਿ ਉਸ ਨੂੰ ਏਡਜ਼ ਦੀ ਬਿਮਾਰੀ ਹੋ ਸਕਦੀ ਹੈ। ਵੈਸੇ ਵੀ ਏਡਜ਼ ਦੇ ਮਰੀਜ਼ ਵਿੱਚ ਬਿਮਾਰੀ ਦੇ ਲੱਛਣ 10-12 ਸਾਲ ਬਾਅਦ ਦਿਸਣੇ ਸ਼ੁਰੂ ਹੁੰਦੇ ਹਨ। ਜਦੋਂ ਸਾਰੇ ਨਿੱਠ ਕੇ ਬੈਠ ਗਏ ਤਾਂ ਸਰਪੰਚ ਨੇ ਸਿਆਣਾ ਜਿਹਾ ਬਣ ਕੇ ਗੱਲ ਸ਼ੁਰੂ ਕੀਤੀ। ਉਸ ਦੀ ਗੱਲਬਾਤ ਤੋਂ ਇਹ ਸਾਹਮਣੇ ਆਇਆ ਕਿ ਰਾਣੀ ਦੇ ਵਿਆਹ ਨੂੰ 6-7 ਸਾਲ ਹੋ ਗਏ ਹਨ ਤੇ 4-5 ਸਾਲ ਦੀ ਇੱਕ ਬੇਟੀ ਹੈ। ਉਸ ਦਾ ਪਤੀ ਡਰੱਕ ਡਰਾਈਵਰ ਸੀ, ਜਿਸ ਦੀ ਏਡਜ਼ ਕਾਰਨ ਤਿੰਨ ਸਾਲ ਪਹਿਲਾਂ ਮੌਤ ਹੋ ਚੁੱਕੀ ਸੀ। ਉਸ ਨੇ ਹੀ ਬਾਹਰ ਖੇਹ ਖਰਾਬਾ ਕਰ ਕੇ ਏਡਜ਼ ਸਹੇੜੀ ਸੀ ਤੇ ਰਾਣੀ ਨੂੰ ਲਾਗ ਲਗਾਈ ਸੀ।

ਉਸ ਦੀ ਮੌਤ ਤੋਂ ਬਾਅਦ ਰਾਣੀ ਬਜਾਏ ਆਪਣੇ ਪੇਕੇ ਜਾਣ ਦੇ ਇਥੇ ਹੀ ਰਹਿ ਰਹੀ ਸੀ। ਉਸ ਦੇ ਪਿੰਡ ਦੇ ਕਈ ਵਿਅਕਤੀਆਂ ਨਾਲ ਸਬੰਧ ਬਣ ਗਏ ਸਨ, ਕਿਉਂਕਿ ਜ਼ਮੀਨ ਜਾਇਦਾਦ ਨਾ ਹੋਣ ਕਾਰਨ ਉਸ ਕੋਲ ਕਮਾਈ ਦਾ ਹੋਰ ਕੋਈ ਸਾਧਨ ਨਹੀਂ ਸੀ ਤੇ ਦਿਉਰ ਜੇਠ ਉਸ ਦੀ ਕੋਈ ਆਰਥਿਕ ਮਦਦ ਨਹੀਂ ਸਨ ਕਰਦੇ। ਅਸੁਰੱਖਿਅਤ ਸਬੰਧਾਂ ਕਾਰਨ ਉਨ੍ਹਾਂ ਵਿਅਕਤੀਆਂ ਨੂੰ ਵੀ ਏਡਜ਼ ਚੰਬੜ ਗਈ ਸੀ। ਇਸ ਨੂੰ ਪਿੰਡ ਤੋਂ ਬੇਦਖਲ ਕੀਤਾ ਜਾਵੇ ਤਾਂ ਜੋ ਹੋਰ ਲੋਕਾਂ ਨੂੰ ਇਸ ਨਾਮੁਰਾਦ ਬਿਮਾਰੀ ਤੋਂ ਬਚਾਇਆ ਜਾ ਸਕੇ। ਸਰਪੰਚ ਦੀ ਇਸ ਗੱਲ ਦੀ ਨਾਲ ਆਏ ਬਾਕੀ ਲੋਕਾਂ ਨੇ ਵੀ ਠੋਕ ਕੇ ਪ੍ਰੋੜਤਾ ਕੀਤੀ। ਸਭ ਤੋਂ ਜਿਆਦਾ ਰੌਲਾ ਰਾਣੀ ਦੇ ਸਹੁਰੇ ਅਤੇ ਦਿਉਰ ਨੇ ਪਾਇਆ ਕਿਉਂਕਿ ਉਹ ਲਾਲਚ ਵਿੱਚ ਅੰਨ੍ਹੇ ਹੋ ਚੁੱਕੇ ਸਨ ਤੇ ਚਾਹੁੰਦੇ ਸਨ ਕਿ ਰਾਣੀ ਜਲਦੀ ਤੋਂ ਜਲਦੀ ਦਫਾ ਹੋਵੇ ਤਾਂ ਜੋ ਉਹ ਉਸ ਦੇ ਮਕਾਨ 'ਤੇ ਕਬਜ਼ਾ ਕਰ ਸਕਣ।

ਰਾਣੀ ਚੁੱਪ ਚਾਪ ਸਾਰੇ ਹੱਲੇ ਗੁੱਲੇ ਨੂੰ ਸੁਣਦੀ ਰਹੀ। ਉਸ ਦੇ ਸ਼ਾਂਤ ਚਿਹਰੇ ਤੋਂ ਲੱਗ ਰਿਹਾ ਸੀ ਕਿ ਪਿੰਡ ਵਾਲਿਆਂ ਦੀ ਚਿੱਲ ਪੌਂ ਦਾ ਉਸ 'ਤੇ ਕੋਈ ਖਾਸ ਅਸਰ ਨਹੀਂ ਹੋ ਰਿਹਾ। ਰੋਜ਼ਾਨਾ ਚੰਗੇ ਮਾੜੇ ਲੋਕਾਂ ਨਾਲ ਵਾਹ ਪੈਣ ਕਾਰਨ ਪੁਲਿਸ ਵਾਲਿਆਂ ਨੂੰ ਲੋਕਾਂ ਦਾ ਮਨ ਪੜ੍ਹਨ ਦਾ ਵਲ ਆ ਜਾਂਦਾ ਹੈ। ਇਸ ਕਾਰਨ ਮੈਂ ਵੀ ਸਮਝ ਗਿਆ ਕਿ ਇਸ ਸ਼ਾਂਤ ਚਿਹਰੇ ਦੇ ਪਿੱਛੇ ਕੋਈ ਭਿਆਨਕ ਜਵਾਲਾਮੁਖੀ ਉੱਬਲ ਰਿਹਾ ਹੈ ਜੋ ਜਲਦੀ ਹੀ ਫਟ ਜਾਵੇਗਾ। ਸਾਰਿਆਂ ਦੀ ਗੱਲ ਸੁਣਨ ਤੋਂ ਬਾਅਦ ਮੈਂ ਰਾਣੀ ਨੂੰ ਆਪਣਾ ਪੱਖ ਦੱਸਣ ਲਈ ਕਿਹਾ ਤਾਂ ਉਸ ਦਾ ਕਈ ਸਾਲਾਂ ਤੋਂ ਦੱਬਿਆ ਪਿਆ ਗੁੱਸਾ ਭੜਕ ਉੱਠਿਆ, "ਡੀ.ਐਸ.ਪੀ. ਸਾਹਿਬ, ਮੈਨੂੰ ਏਡਜ਼ ਹੈ ਤੇ ਮੇਰੀ ਬੱਚੀ ਨੂੰ ਵੀ ਏਡਜ਼ ਹੈ। ਮੈਂ ਤਾਂ ਪੰਜ ਚਾਰ ਸਾਲ ਵਿੱਚ ਮਰ ਜਾਵਾਂਗੀ, ਪਰ ਦੁੱਖ ਮੈਨੂੰ ਇਸ ਗੱਲ ਦਾ ਹੈ ਕਿ ਮੇਰੇ ਮਰਨ ਤੋਂ ਬਾਅਦ ਇਸ ਬੇਗੁਨਾਹ ਮਾਸੂਮ ਬੱਚੀ ਨੇ ਪਤਾ ਨਹੀਂ ਕਿਵੇਂ ਦਰ ਦਰ ਧੱਕੇ ਖਾ ਕੇ ਮਰਨਾ ਹੈ।"

ਸਾਰੀ ਪੰਚਾਇਤ ਚੁੱਪ ਹੋ ਗਈ ਤੇ ਰਾਣੀ ਆਪਣੇ ਸਹੁਰੇ ਵੱਲ ਇਸ਼ਾਰਾ ਕਰ ਕੇ ਬੋਲੀ, "ਡੀ.ਐਸ.ਪੀ. ਸਾਹਿਬ, ਇਸ ਨੀਚ ਤੇ ਪਾਪੀ ਇਨਸਾਨ ਨੂੰ ਪੁੱਛੋ ਕਿ ਜਦੋਂ ਇਸ ਦੇ ਮੁੰਡੇ ਦਾ ਮੇਰੇ ਨਾਲ ਵਿਆਹ ਹੋਇਆ ਸੀ, ਉਦੋਂ ਇਸ ਨੂੰ ਪਤਾ ਸੀ ਨਾ ਕਿ ਉਸ ਨੂੰ ਏਡਜ਼ ਹੈ?" ਕੁਝ ਦੇਰ ਪਹਿਲਾਂ ਭੁੜਕ ਭੁੜਕ ਕੇ ਬੋਲਣ ਵਾਲੇ ਰਾਣੀ ਦੇ ਸਹੁਰੇ ਨੇ ਮਰੇ ਹੋਏ ਕੁੱਤੇ ਵਾਂਗ ਸਿਰ ਸੁੱਟ ਲਿਆ ਤੇ ਬੋਲਿਆ ਕਿ ਉਸ ਨੂੰ ਪਤਾ ਸੀ। ਇਸ ਤੋਂ ਬਾਅਦ ਰਾਣੀ ਪੰਚਾਇਤ ਵੱਲ ਹੋ ਗਈ, "ਇਸ ਸਰਪੰਚ ਤੇ ਨਾਲ ਆਈ ਇਸ ਲਗੌੜ ਨੂੰ ਵੀ ਪਤਾ ਸੀ ਕਿ ਨਹੀਂ ਇਸ ਗੱਲ ਬਾਰੇ?" ਸਰਪੰਚ ਨੂੰ ਧਰਤੀ ਵਿਹਲ ਨਾ ਦੇਵੇ। ਉਹ ਵੀ ਮੰਨ ਗਿਆ ਕਿ ਤਕਰੀਬਨ ਸਾਰੇ ਪਿੰਡ ਨੂੰ ਪਤਾ ਸੀ।

ਰਾਣੀ ਰੋਂਦੀ ਹੋਈ ਬੋਲਦੀ ਗਈ ਜਿਵੇਂ ਅੱਜ ਉਸ ਨੂੰ ਕਿਸੇ ਦੀ ਪ੍ਰਵਾਹ ਨਾ ਹੋਵੇ, "ਤੁਹਾਡੇ ਸਾਰਿਆਂ ਦਾ ਬੇੜਾ ਗਰਕ ਹੋ ਜਾਵੇ। ਅੱਜ ਪਿੰਡ ਨੂੰ ਮੇਰੀ ਏਡਜ਼ ਦਿਸ ਰਹੀ ਹੈ, ਪਰ ਵਿਆਹ ਵੇਲੇ ਮੇਰੇ ਪਤੀ ਦੀ ਏਡਜ਼ ਨਾ ਦਿਖੀ? ਮੈਂ ਏਡਜ਼ ਪੇਕਿਆਂ ਤੋਂ ਲੈ ਕੇ ਆਈ ਸੀ? ਮੇਰਾ ਕੀ ਕਸੂਰ ਸੀ ਜੋ ਤੁਸੀਂ ਮੇਰੇ ਨਾਲ ਐਨਾਂ ਵੱਡਾ ਧ੍ਰੋਹ ਕਮਾਇਆ। ਵੇਖ ਲਿਉ ਤੁਸੀਂ ਸਾਰੇ ਕੀੜੇ ਪੈ ਕੇ ਮਰੋਗੇ। ਮੇਰੇ ਨਾਲ ਕੀਤਾ ਪਾਪ ਤਾਂ ਰੱਬ ਸ਼ਾਇਦ ਮਾਫ ਵੀ ਕਰ ਦੇਵੇ, ਪਰ ਇਸ ਛੋਟੀ ਬੱਚੀ ਨਾਲ ਕੀਤਾ ਗਿਆ ਬਜ਼ਰ ਪਾਪ ਉਸ ਨੇ ਮਾਫ ਕਦੇ ਨਹੀਂ ਕਰਨਾ। ਤੁਹਾਨੂੰ ਨਰਕ ਵਿੱਚ ਵੀ ਢੋਈ ਨਹੀਂ ਮਿਲਣੀ। ਚਲੋ ਮੈਂ ਚਲੀ ਜਾਂਦੀ ਆਂ ਪਿੰਡ ਛੱਡ ਕੇ, ਕਰੋ ਕੋਈ ਬਾਂਹ ਖੜੀ ਜਿਹੜਾ ਮੇਰੇ ਮਰਨ ਤੋਂ ਬਾਅਦ ਮੇਰੀ ਬੇਟੀ ਦੀ ਸਾਂਭ ਸੰਭਾਲ ਕਰੇਗਾ।" ਅਜੇ ਉਸ ਦੀ ਗੱਲ ਪੂਰੀ ਵੀ ਨਹੀਂ ਸੀ ਹੋਈ ਕਿ ਸਾਰੇ ਜਣੇ ਦਫਤਰ ਤੋਂ ਖਿਸਕ ਗਏ। ਦੁਬਾਰਾ ਕਈ ਹਫਤੇ ਤੱਕ ਮੈਨੂੰ ਉਸ ਸਰਪੰਚ ਦਾ ਮਨਹੂਸ ਚਿਹਰਾ ਵੇਖਣ ਨੂੰ ਨਾ ਮਿਲਿਆ।

-0-

# ਕਾਵਿ ਕਿਆਰੀ

## ਸਰਦਾਰ ਸਾਹਿਬ (ਉੱਚਾ ਨੱਕ)

–ਵਿਧਾਤਾ ਸਿੰਘ ਤੀਰ

ਦੱਸੋ। ਉਨ੍ਹਾਂ ਨੂੰ ਤੁਸੀਂ ਪਛਾਣਦੇ ਹੋ ?
ਔਹ ਸਰਦਾਰ ਹੋਰੀਂ ਜਿਹੜੇ ਆਂਵਦੇ ਹਨ।
ਦੋਹੀਂ ਹੱਥੀਂ ਹੱਥਕੜੀ ਹੈ ਲੱਗੀ ਹੋਈ,
ਲੀੜੇ ਲੁੱਕ ਨੂੰ ਵੀ ਮਾਤ ਪਾਂਵਦੇ ਹਨ।
ਅੱਖਾਂ ਸ਼ਰਮ ਦੇ ਵਿਚ ਹਨ ਨਿੱਘਰ ਗਈਆਂ,
ਪੱਲੇ ਨਾਲ ਪਏ ਮੂੰਹ ਲੁਕਾਂਵਦੇ ਹਨ।
ਅਟਕ ਅਟਕ ਕੇ ਪੈਰ ਪਏ ਪੁੱਟਦੇ ਹਨ,
ਦਿਲੋਂ ਕਈ ਦਲੀਲਾਂ ਦੁੜਾਂਵਦੇ ਹਨ।

ਇਨ੍ਹਾਂ ਨੱਕ ਦੇ ਪਿੱਛੇ ਹੈ ਗਿੱਲ ਗਾਲੀ,
ਇਹੋ ਗਿੱਲ ਸਰਦਾਰ ਸਦਾਂਵਦੇ ਹਨ।
ਸਿਰ ਤੇ ਸਰਕੜਾ ਕਰਜ਼ ਦਾ ਉੱਗਿਆ ਹੈ,
ਹੁਣ ਇਹ ਜੇਲ੍ਹ ਅੰਦਰ ਵੱਢਣ ਜਾਂਵਦੇ ਹਨ।

ਤੁਸੀਂ ਜਾਣਦੇ ਨਹੀਂ ? ਵਿਆਹ ਉੱਤੇ,
ਗਹੁਰ ਜਾਨ ਮੰਗਾਈ ਸੀ ਇਨ੍ਹਾਂ ਨੇ ਹੀ।
ਸਾਵੇ ਸੋਲ੍ਹਾਂ ਹਜ਼ਾਰ ਦੀ ਵਰੀ ਸੁੱਚੀ,
ਪੁੱਤਰ ਲਈ ਬਣਵਾਈ ਸੀ, ਇਨ੍ਹਾਂ ਨੇ ਹੀ।
ਵੱਧ ਚੜ੍ਹ ਕੇ ਪਰੀ ਸ਼ਰਾਬ ਉਦੋਂ,
ਜੰਵ ਵਿਚ ਉਡਾਈ ਸੀ ਇਨ੍ਹਾਂ ਨੇ ਹੀ।
ਡੋਲੇ ਉਤੋਂ ਸੀ ਇਨ੍ਹਾਂ ਹੀ ਪੌਂਡ ਸੁੱਟੇ,
ਰੜੇ ਰਾਸ ਲੁਟਾਈ ਸੀ ਇਨ੍ਹਾਂ ਨੇ ਹੀ।

ਉਦੋਂ ਇਨ੍ਹਾਂ ਹੀ ਭੁੜਕ ਕੇ ਆਖਿਆ ਸੀ,
ਏਦਾਂ ਜੰਵ ਸਰਦਾਰ ਢੁਕਾਂਵਦੇ ਹਨ।
ਜਿਥੇ ਪੈਸੇ ਜਾਂ ਪਾਈ ਦੀ ਔੜ ਹੋਵੇ,
ਉਥੇ 'ਮੋਹਰਾਂ' ਦੇ ਮੀਂਹ ਵਰ੍ਹਾਂਵਦੇ ਹਨ।

ਜੀ! ਇਹ ਉਹੋ ਨੇ ਗਹਿਣਾ ਬਣਾਉਣ ਵੇਲੇ,
ਸੇਰਾਂ ਨਾਲ ਜਿਨ੍ਹਾਂ ਸੋਨਾ ਤੋਲਿਆ ਸੀ।
ਓਦੋਂ ਇਨ੍ਹਾਂ ਹੀ ਨੱਕ ਦੇ ਸਿਰ ਚੜ੍ਹ ਕੇ,
ਪੈਰਾਂ ਵਿਚ ਪੈਸਾ ਖੂਬ ਰੋਲਿਆ ਸੀ।
ਡੋਲ੍ਹਣ ਲੱਗਿਆਂ ਘਿਉ ਦੇ ਕਈ ਪੀਪੇ,
ਜੇਰਾ ਇਨ੍ਹਾਂ ਦਾ ਰਤੀ ਨਾ ਡੋਲਿਆ ਸੀ।
ਪਿਆ ਉਸੇ ਦਾ ਰੰਗ ਅੱਜ ਨਿਖਰਦਾ ਹੈ,
ਇਨ੍ਹਾਂ ਕਾਜ ਤੇ ਜੋ ਘੋਲਣ ਘੋਲਿਆ ਸੀ।

ਘਰ ਇਨ੍ਹਾਂ ਦੇ ਭੰਗ ਅੱਜ ਭੁੱਜਦੀ ਹੈ,
ਭੁੱਖ–ਨੰਗ ਦੇ ਹੀ ਗੱਫੇ ਲਾਂਵਦੇ ਹਨ।
ਜਿਨ੍ਹਾਂ ਮਿੱਤਰਾਂ ਓਦੋਂ ਸੀ ਰੰਗ ਮਾਣੇ,
ਕੋਲੋਂ ਲੰਘਣੋਂ ਕੰਨੀ ਕਤਰਾਂਵਦੇ ਹਨ।

ਅੱਜ ਉਘੜਦਾ ਪਿਆ ਹੈ ਪਾਜ ਗੁੱਝਾ,
ਰਿਹਾ ਤਰਲਿਆਂ ਨਾਲ ਨਾ ਲੁੱਕਿਆ ਹੈ।
ਹੁਗ ਗਈ ਕਿ ਇਨ੍ਹਾਂ ਵਿਆਹ ਉੱਤੇ,
ਕਰਜ਼ ਤੀਹ ਹਜ਼ਾਰ ਦਾ ਚੁੱਕਿਆ ਹੈ।
ਲੱਗਾ ਸੂਦ ਦਰ ਸੂਦ ਤੇ ਬੁਰੇ ਫਾਥੇ,
ਦਾਅਵਾ ਚਾਲ੍ਹੀ ਹਜ਼ਾਰ ਦਾ ਠੁੱਕਿਆ ਹੈ।
'ਤੀਰ' ਵਾਂਙ ਸੀ ਕੱਲ੍ਹ ਸਰਦਾਰ ਜਿਹੜਾ,
ਵੇਖੋ ਵਾਂਙ ਕਮਾਨ ਅੱਜ ਝੁਕਿਆ ਹੈ।

ਨਾਰ ਪਿੱਟਦੀ ਹੈ, ਬਾਲ ਵਿਲ੍ਹਕਦੇ ਹਨ,
ਹੁਣ ਇਹ ਜੇਲ੍ਹ ਨੂੰ ਭਾਗ ਪਏ ਲਾਂਵਦੇ ਨੇ।
ਯਾਦ ਕਰ ਕੇ ਪਿਛਲੀਆਂ ਕੀਤੀਆਂ ਨੂੰ,
ਤੜਫ ਉਠਦੇ ਨੇ, ਪਛੋਤਾਂਵਦੇ ਨੇ।
ਨਾ ਉਹ ਆਕੜੀ ਪੱਗ, ਨਾ ਕੋਟ ਸੁੱਚੇ,
ਹੁਣ ਲਮਕ ਰਹੀਆਂ ਲੀਰਾਂ ਪਾਟੀਆਂ ਹਨ।
ਖੁੱਸ ਗਏ ਅੱਜ ਚਾਂਦੀ ਦੇ ਕੌਲ ਛੰਨੇ,
ਦੋ ਦਿੱਤੀਆਂ ਕਰਜ਼ ਨੇ ਬਾਟੀਆਂ ਹਨ।

ਮੋਟਰ ਬੱਘੀਆਂ ਬਾਗ਼ ਦੀ ਸੈਲ ਥਾਵੇਂ,
ਅੱਗੇ ਦਿੱਸਦੀਆਂ ਔਖੀਆਂ ਘਾਟੀਆਂ ਹਨ।
ਕੌੜਾ ਤੇਲ ਨ ਉਨ੍ਹਾਂ ਨੂੰ ਅੱਜ ਮਿਲਦਾ,
ਜਿਨ੍ਹਾਂ ਖਾਧੀਆਂ ਘਿਉ ਦੀਆਂ ਚਾਟੀਆਂ ਹਨ।

ਜੋੜੀ ਕੰਬਲਾਂ ਦੀ, ਫੂਹੜੀ ਪੱਠਿਆਂ ਦੀ,
ਸੌਂ ਕੇ ਭੋਇੰ ਨੂੰ ਭਾਗ ਪਏ ਲਾਂਵਦੇ ਹਨ।
ਪੀਲੇ ਭੂਕ ਹੋਏ ਸੋਚ ਫ਼ਿਕਰ ਅੰਦਰ,
ਦਿਨੇ ਰਾਤ ਬਸੰਤ ਮਨਾਂਵਦੇ ਹਨ।

ਨੱਕ ਪਿੱਛੇ ਨਾ ਜੇ ਕਦੇ ਡੁੱਬ ਮਰਦੇ,
ਅੱਜ ਗ਼ਮਾਂ ਅੰਦਰ ਗੋਤੇ ਖਾਂਵਦੇ ਨਾ।
ਵਧ ਚੜ੍ਹ ਕੇ ਜੇ ਗਹਿਣੇ ਪਾਂਵਦੇ ਨਾ,
ਅੱਜ ਘਰ ਕੁੱਲਾ ਗਹਿਣੇ ਪਾਂਵਦੇ ਨਾ।
ਹੱਦੋਂ ਵੱਧ ਜੇ ਨੱਕ ਵਧਾਂਵਦੇ ਨਾ,
ਬੂਹੇ ਬੂਹੇ ਤੇ ਨੱਕ ਘਸਾਂਵਦੇ ਨਾ।
ਸੌਂਦੇ ਸੁੱਖ ਦੀ ਨੀਂਦਰੇ ਉਮਰ ਸਾਰੀ,
ਜੇਕਰ ਕਰਜ਼ ਦੀ ਕਲਹ ਜਗਾਂਵਦੇ ਨਾ।
ਮਿੱਟੀ ਉਨ੍ਹਾਂ ਦੀ ਏਦਾਂ ਹੀ ਉੱਡਦੀ ਹੈ,
ਮਿੱਟੀ ਵਾਂਙ ਮਾਇਆ ਜੋ ਉਡਾਂਵਦੇ ਹਨ।
'ਤੀਰ' ਰੱਬ ਨੇ ਜਿਨ੍ਹਾਂ ਨੂੰ ਅਕਲ ਦਿੱਤੀ,
ਸਾਦਾ ਖਾਂਵਦੇ, ਸਾਦਾ ਹੰਢਾਂਵਦੇ ਹਨ।

–0–

## ਅਵਤਾਰ ਤੇਰਾ

–ਚਰਨ ਸਿੰਘ 'ਸਫ਼ਰੀ'

ਰਾਮਦਾਸ ਸਤਿਗੁਰ ਸੋਢੀ ਪਾਤਸ਼ਾਹਾ
ਹੋਇਆ ਜੱਗ ਦੇ ਵਿਚ ਅਵਤਾਰ ਤੇਰਾ।
ਅੰਮ੍ਰਿਤਸਰ ਦੀ ਧਰਤੀ ਨੂੰ ਭਾਗ ਲਾਏ
ਸਾਰਾ ਦੇਸ਼ ਹੈ ਸ਼ੁਕਰਗੁਜ਼ਾਰ ਤੇਰਾ।
ਸੁੰਦਰ ਸਰ ਅੰਦਰ ਚਮਕੇ ਹਰਿਮੰਦਰ
ਅੰਦਰ ਹਰਿਮੰਦਰ ਚਮਤਕਾਰ ਤੇਰਾ।
ਹਸ਼ਰ ਤੀਕ ਤੇਰਾ ਕੀਤਾ ਭੁੱਲਣਾ ਨਹੀਂ
ਯਾਦ ਰਹੇਗਾ ਪਰਉਪਕਾਰ ਤੇਰਾ।
ਚੰਨ ਕਿਰਨਾਂ ਦੀ ਹੱਥ ਬੁਹਾਰੀ ਲੈ ਕੇ
ਰੋਜ਼ ਰਿਹਾ ਹੈ ਵਿਹੜਾ ਖੁਹਾਰ ਤੇਰਾ।
ਡਿੱਗੇ ਤੇਰੀ ਦਲੀਜ਼ 'ਤੇ ਵਰਨ ਚਾਰੇ
ਸਾਂਝਾ ਸਾਰਿਆਂ ਲਈ ਦਰਬਾਰ ਤੇਰਾ।
ਅੰਮ੍ਰਿਤਸਰ ਸਾਰਾ ਨੂਰੋ ਨੂਰ ਦਿਸੇ
ਪੈਦਾ ਏਸ ਥਾਂ ਜੱਗ ਦਾ ਨੂਰ ਹੋਇਆ।
ਦੂਰ ਦੂਰ ਤੋਂ ਸੰਗਤਾਂ ਆਉਂਦੀਆਂ ਨੇ
ਦੁੱਖ ਦੁਈ ਦਵੈਖ ਦਾ ਦੂਰ ਹੋਇਆ।
ਮੱਸੇ ਖਾਂ ਵਰਗੇ ਏਥੇ ਗਏ ਮਸੇ
ਮੁਗ਼ਲ ਰਾਜ ਏਥੇ ਚੂਰ ਚੂਰ ਹੋਇਆ।
ਬੇਈਮਾਨਾਂ ਦੇ ਪੂਰਾਂ ਦੇ ਪੂਰ ਖਪ ਗਏ
ਤੇਰਾ ਸੱਚਾ ਸਰੋਵਰ ਨਾ ਪੂਰ ਹੋਇਆ।
ਕਈ ਆਈਆਂ ਹਨੇਰੀਆਂ ਕਹਿਰ ਦੀਆਂ
ਰਿਹਾ ਚਮਕਦਾ ਰੌਸ਼ਨ ਮੀਨਾਰ ਤੇਰਾ।
ਸਾਰੇ ਜੱਗ ਨੂੰ ਰੌਸ਼ਨੀ ਦੇਣ ਵਾਲੇ
ਸਾਂਝਾ ਸਾਰਿਆਂ ਲਈ ਦਰਬਾਰ ਤੇਰਾ।
ਸਾਨੂੰ ਬਖ਼ਸ਼ੀਆਂ ਦਾਤਾ ਹਜ਼ਾਰ ਖੁਸ਼ੀਆਂ
ਕਰੀਏ ਸ਼ੁਕਰ ਹਜ਼ਾਰ ਹਜ਼ਾਰ ਤੇਰਾ।
ਮੀਆਂ ਮੀਰ ਹਰਿਮੰਦਰ ਦੀ ਨੀਂਹ ਰੱਖੀ
ਸਾਂਝਾ ਸਾਰਿਆਂ ਲਈ ਦਰਬਾਰ ਤੇਰਾ।
ਅਕਬਰ ਜੇਹੇ ਵੀ ਬਾਦਸ਼ਾਹ ਮੈਂ ਦੇਖੇ
ਪੈਰ ਪੂਜਦੇ ਸੋਢੀ ਸੁਲਤਾਨ ਤੇਰੇ।
ਰੂਹਾਂ ਭੁੱਲੀਆਂ ਭਟਕੀਆਂ ਰਾਹ ਪਾਈਆਂ
ਜਸ ਗਾਉਂਦੀਆਂ ਗੁਣੀ ਨਿਧਾਨ ਤੇਰੇ।
ਸੁੰਦਰ ਦਰਸ਼ਨੀ ਡਿਉੜੀ ਦੇ ਦਰਸ਼ਨਾਂ ਨੂੰ
ਬਣੇ ਦੇਵਤੇ ਆਣ ਦਰਬਾਨ ਤੇਰੇ ।
ਜੁੱਗਾਂ ਤੀਕ ਜਹਾਨ ਦੇ ਵਾਲੀਆ ਉਏ
ਰਿਣੀ ਰਹਿਣਗੇ ਦੋਵੇਂ ਜਹਾਨ ਤੇਰੇ।
ਇੰਦਰ ਜਲ ਢੋਵੇ ਪੱਖਾ ਪੌਣ ਫੇਰੇ
ਕਾਇਨਾਤ ਕਰਦੀ ਏ ਸਤਿਕਾਰ ਤੇਰਾ।
ਸੇਵਾ ਕੀਤੀ ਤੂੰ ਸਾਰੀ ਮਨੁੱਖਤਾ ਦੀ
ਸਾਂਝਾ ਸਾਰਿਆਂ ਲਈ ਦਰਬਾਰ ਤੇਰਾ।
ਅਸੀਂ ਤੇਰੇ ਪਿਆਰ ਦੇ ਤੰਦ ਪਾ ਪਾ
ਗੋੜ੍ਹੇ ਨਾਮ ਦੇ ਕਤਦੇ ਚੁੰਮਦੇ ਰਹੇ।
ਏਥੇ ਮੌਤ ਆ ਕੇ ਗੁੰਮ ਸੁੰਮ ਹੋ ਜਾਏ
ਏਥੇ ਜ਼ਿੰਦਗੀ ਦੇ ਸੋਮੇ ਸੁੰਮਦੇ ਰਹੇ।
ਧਰਤੀ ਮਾਂ ਨੇ ਤੇਰੀ ਪਛਾਣ ਕੀਤੀ
ਤੇਰੇ ਚਰਨ ਸਿਤਾਰੇ ਵੀ ਚੁੰਮਦੇ ਰਹੇ।
ਤੇਰੀਆਂ ਘੁੰਙਣੀਆਂ ਖਾਣ ਨੂੰ ਪਾਤਸ਼ਾਹਾ
ਤੇਰੇ ਗਿਰਦ ਫ਼ਰਿਸ਼ਤੇ ਵੀ ਘੁੰਮਦੇ ਰਹੇ।
ਮਹਿਕ ਰਿਹਾ ਗੁਲਾਬ ਦੇ ਫੁੱਲ ਵਾਂਗੂ
ਲੱਖਾਂ ਸੀਨਿਆਂ ਵਿਚ ਪਿਆਰ ਤੇਰਾ।
ਹਿੰਦੂ ਮੋਮਨ ਈਸਾਈ ਕੀ ਹਰੀਜਨ ਹੈ
ਬਣਿਆ ਸਾਰਿਆਂ ਲਈ ਦਰਬਾਰ ਤੇਰਾ।–0–

# ਮੋਬਾਈਲ ਦੇ ਦੌਰ 'ਚ ਸੁੰਗੜਦਾ ਬਾਲ ਸੰਸਾਰ

**– ਬਲਜਿੰਦਰ ਸਿੰਘ ਜੌੜਕੀਆਂ**

ਸੂਚਨਾ ਤਕਨੀਕ ਨੇ ਜਿੱਥੇ ਸਾਨੂੰ ਤੇਜ਼-ਤਰਾਰਤਾ ਦਿੱਤੀ ਹੈ, ਉੱਥੇ ਸਾਡੇ ਅੰਦਰਲੇ ਕੁਦਰਤੀ ਗੁਣਾਂ ਦਾ ਖ਼ਾਤਮਾ ਵੀ ਕੀਤਾ ਹੈ। ਮੋਬਾਈਲ ਫੋਨ 'ਤੇ ਨਿਰਭਰਤਾ ਕਰਕੇ ਸਾਡੀ ਯਾਦਸ਼ਕਤੀ ਘਟੀ ਹੈ। ਅੱਜ-ਕੱਲ੍ਹ ਨਵੀਆਂ ਥਾਵਾਂ ਜਾਂ ਵੱਡੇ ਸ਼ਹਿਰਾਂ 'ਚ ਜਾ ਕੇ ਲੱਗਦਾ ਹੈ ਕਿ ਅਸੀਂ ਗੂਗਲ ਮੈਪਸ ਤੋਂ ਬਿਨਾਂ ਗੁੰਮ ਹੋ ਜਾਵਾਂਗੇ।

ਸੂਚਨਾ ਤਕਨੀਕ ਨੇ ਜਿੱਥੇ ਸਾਨੂੰ ਤੇਜ਼-ਤਰਾਰਤਾ ਦਿੱਤੀ ਹੈ, ਉੱਥੇ ਸਾਡੇ ਅੰਦਰਲੇ ਕੁਦਰਤੀ ਗੁਣਾਂ ਦਾ ਖ਼ਾਤਮਾ ਵੀ ਕੀਤਾ ਹੈ। ਮੋਬਾਈਲ ਫੋਨ 'ਤੇ ਨਿਰਭਰਤਾ ਕਰਕੇ ਸਾਡੀ ਯਾਦਸ਼ਕਤੀ ਘਟੀ ਹੈ। ਅੱਜ-ਕੱਲ੍ਹ ਨਵੀਆਂ ਥਾਵਾਂ ਜਾਂ ਵੱਡੇ ਸ਼ਹਿਰਾਂ 'ਚ ਜਾ ਕੇ ਲੱਗਦਾ ਹੈ ਕਿ ਅਸੀਂ ਗੂਗਲ ਮੈਪਸ ਤੋਂ ਬਿਨਾਂ ਗੁੰਮ ਹੋ ਜਾਵਾਂਗੇ। ਸੌਣ ਵੇਲੇ ਫੋਨ ਸਿਰਹਾਣੇ ਹੇਠਾਂ ਰੱਖ ਕੇ ਸੌਂਦੇ ਹਾਂ ਤੇ ਜਾਗਣ ਤੋਂ ਤਰੁੰਤ ਬਾਅਦ ਫੋਨ ਖੋਲ੍ਹਦੇ ਹਾਂ ਕਿ ਕਿਸੇ ਪੋਸਟ ਨੂੰ ਵੇਖਣ ਤੋਂ ਖੁੰਝ ਨਾ ਜਾਈਏ। ਅੱਜ-ਕੱਲ੍ਹ ਦੇ ਬੱਚੇ ਸਕੂਲੋਂ ਦਿੱਤਾ ਘਰ ਦਾ ਕੰਮ ਕਾਪੀਆਂ 'ਤੇ ਕਰਨ ਦੀ ਥਾਂ ਆਨਲਾਈਨ ਸਾਧਨਾਂ ਰਾਹੀਂ ਕਰਦੇ ਹਨ।

**ਮੋਬਾਈਲ ਦੀ ਸਕਰੀਨ 'ਤੇ ਜਾਂਦੈ ਪੜ੍ਹਿਆ**

ਕਿਤਾਬਾਂ ਪੜ੍ਹਨ ਦਾ ਜ਼ਮਾਨਾ ਬੀਤ ਗਿਆ ਹੈ, ਹੁਣ ਤਾਂ ਸਭ ਕੁਝ ਮੋਬਾਈਲ ਦੀ ਸਕਰੀਨ ਰਾਹੀਂ ਪੜ੍ਹਿਆ ਜਾਂਦਾ ਹੈ। ਸਕੂਲ ਸਿੱਖਿਆ ਵਿਭਾਗ ਨੂੰ ਬੱਚਿਆਂ ਅੰਦਰ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਲਾਇਬ੍ਰੇਰੀ ਲੰਗਰ ਵਰਗੀਆਂ ਮੁਹਿੰਮਾਂ ਸ਼ੁਰੂ ਕਰਨੀਆਂ ਪੈ ਰਹੀਆਂ ਹਨ। ਵਰਚੁਅਲ ਸੰਸਾਰ ਨੇ ਬੱਚਿਆਂ ਦੇ ਦਾਦਾ-ਦਾਦੀ, ਨਾਨਾ-ਨਾਨੀ ਵਰਗੇ ਮੋਹ ਭਰੇ ਰਿਸ਼ਤਿਆਂ ਦੀ ਮਹੱਤਤਾ ਘਟਾ ਦਿੱਤੀ ਹੈ। ਬੱਚੇ ਕਹਾਣੀਆਂ ਦੀ ਬਜਾਇ ਕਾਰਟੂਨਾਂ ਤੇ ਵੈੱਬ ਸੀਰੀਜ਼ ਜਾਂ ਆਨਲਾਈਨ ਗੇਮਾਂ 'ਚ ਮਸਤ ਹਨ, ਜਿਸ ਨਾਲ ਉਨ੍ਹਾਂ ਦੇ ਸਰੀਰਕ ਵਾਧੇ 'ਚ ਖੜੋਤ ਆ ਗਈ ਹੈ। ਅਸੀਂ ਵਰਤਮਾਨ ਦੇ ਸਿਆਸੀ ਤੇ ਸਾਮਜਿਕ ਮਸਲਿਆਂ ਬਾਰੇ ਛੋਟੇ-ਛੋਟੇ ਆਧਾਰਹੀਣ ਤੇ ਬੇਤੁੱਕੇ ਯੂ-ਟਿਊਬ ਵੀਡਿਓ ਕਲਿੱਪ ਵੇਖ ਕੇ ਸਮਾਂ ਬਰਬਾਦ ਕਰਦੇ ਹਾਂ।




**ਤਕਨੀਕੀ ਸਾਧਨਾਂ ਦੀ ਭਰਮਾਰ**

ਕੋਈ ਸਮਾਂ ਸੀ, ਜਦੋਂ ਘਰ ਦੀਆਂ ਦਰਾਂ ਨੂੰ ਸਵੇਰੇ-ਸਵੇਰੇ ਅਖ਼ਬਾਰ ਵਾਲੇ ਦੀ ਬੇਸਬਰੀ ਨਾਲ ਉਡੀਕ ਹੁੰਦੀ ਸੀ। ਅਖ਼ਬਾਰ ਜੀਵਨਸ਼ੈਲੀ ਦਾ ਹਿੱਸਾ ਹੁੰਦੇ ਸਨ ਪਰ ਅੱਜ ਅਸੀਂ ਪਲ-ਪਲ ਸੋਸ਼ਲ ਮੀਡੀਆ ਰਾਹੀਂ ਕੱਚੀਆਂ-ਪਿੱਲੀਆਂ ਖ਼ਬਰਾਂ ਪੜ੍ਹ ਕੇ ਮਸਲਿਆਂ ਬਾਰੇ ਅਧੂਰੀ ਤੇ ਗ਼ਲਤ ਸਮਝ ਸਿਰਜ ਰਹੇ ਹਾਂ। ਖਾਣਾ ਖਾਂਦੇ ਸਮੇਂ ਤਾਂ ਫੋਨ ਦੀ ਵਰਤੋਂ ਆਮ ਗੱਲ ਹੈ। ਬਾਜ਼ਾਰ ਘੁੰਮਣਾ ਕੇਵਲ ਸਾਮਾਨ ਖ਼ਰੀਦਣਾ ਨਹੀਂ ਸਗੋਂ ਆਲੇ-ਦੁਆਲੇ ਨਾਲ ਸਾਂਝ ਪਾ ਕੇ ਖ਼ੁਦ ਨੂੰ ਵੱਡਾ ਕਰਨਾ ਹੁੰਦਾ ਹੈ ਪਰ ਅੱਜ-ਕੱਲ੍ਹ ਤਾਂ ਕਰਿਆਨੇ ਦੇ ਸਾਮਾਨ ਦੇ ਆਰਡਰ ਵੀ ਵ੍ਹਟਸਐਪ 'ਤੇ ਕੀਤੇ ਜਾਂਦੇ ਹਨ। ਖ਼ਰੀਦਦਾਰੀ ਦੀਆਂ ਵੱਖ-ਵੱਖ ਸਾਈਟਾਂ ਦੀਆਂ ਮਨਲਭਾਊ ਸਕੀਮਾਂ ਨੇ ਸਾਨੂੰ ਆਪਣੇ ਮੱਕੜਜਾਲ ਬੁਰੀ ਤਰ੍ਹਾਂ ਫਸਾ ਲਿਆ ਹੈ। ਚਿੰਤਾ ਇਹ ਹੈ ਕਿ ਅਸੀਂ ਸਾਰਾ ਕੰਮ ਘਰਾਂ ਤੋਂ ਕਰਨ ਕਰਕੇ ਬੋਲਣਾ, ਤੁਰਨਾ ਤੇ ਹੋਰ ਸਮਾਜਿਕ ਰਹੁ-ਰੀਤਾਂ ਭੁੱਲਦੇ ਜਾ ਰਹੇ ਹਾਂ। ਕਿਸੇ ਵੀ ਵਸਤੂ ਦੀ ਪ੍ਰਮਾਣਕਿਤਾ ਦੀ ਜਾਂਚ ਵਰਤੋਂ ਜਾਂ ਕਿਸੇ ਦੇ ਅਨੁਭਵ ਰਾਹੀਂ ਕਰਨ ਦੀ ਬਜਾਇ ਗੂਗਲ ਤੋਂ ਸਟਾਰ ਰੇਟਿੰਗਜ਼ ਰਾਹੀਂ ਵਾਚਦੇ ਹਾਂ। ਮੁੱਕਦੀ ਗੱਲ ਕਿ ਮੋਬਾਈਲ ਤੋਂ ਪੁੱਛ ਕੇ ਪੁਲਾਂਘ ਪੁੱਟੀ ਜਾਂਦੀ ਹੈ। ਘਰਾਂ ਅੰਦਰ ਕਿਤਾਬਾਂ, ਰਸਾਲਿਆਂ ਦੀ ਥਾਂ ਫੋਨ, ਲੈਪਟਾਪ, ਟੈਬਲੇਟ, ਟੀਵੀ ਤੇ ਹੋਰ ਕਿੰਨੇ ਹੀ ਤਕਨੀਕੀ ਸਾਧਨਾਂ ਦੀ ਭਰਮਾਰ ਹੈ।

ਸਾਨੂੰ ਇਹ ਵੀ ਯਾਦ ਨਹੀਂ ਕਿ ਅਸੀਂ ਪਿਛਲੀ ਵਾਰ ਪੈੱਨ ਦੀ ਵਰਤੋਂ ਕਦੋਂ ਕੀਤੀ ਸੀ ਜਾਂ ਕੋਈ ਚੰਗੀ ਕਿਤਾਬ ਕਦੋਂ ਪੜ੍ਹੀ ਸੀ। ਗੱਲਾਂ ਦਾ ਵਿਸਥਾਰ ਮੁੱਕ ਚੁੱਕਿਆ ਹੈ। ਇੰਟਰਨੈੱਟੀ ਸ਼ਾਰਟਕੱਟਾਂ ਰਾਹੀਂ ਗੱਲਬਾਤ ਕੀਤੀ ਜਾਂਦੀ ਹੈ। ਛੁੱਟੀਆਂ 'ਚ ਬਾਹਰ ਘੁੰਮਣ ਦੀ ਥਾਂ ਘਰਾਂ 'ਚ ਸਮਾਂ ਬਿਤਾਉਣ ਨੂੰ ਪਹਿਲ ਦਿੱਤੀ ਜਾਂਦੀ ਹੈ। ਸਮਾਜਿਕ ਰਿਸ਼ਤੇ ਤੇ ਆਪਸੀ ਪਰਿਵਾਰਕ ਸਬੰਧ ਕਮਜ਼ੋਰ ਹੀ ਨਹੀਂ, ਮਰਨ ਕਿਨਾਰੇ ਹਨ। ਰਾਤ ਨੂੰ ਵੱਖ-ਵੱਖ ਕਮਰਿਆਂ 'ਚ ਬੱਚੇ ਆਨਲਾਈਨ ਗੇਮਾਂ 'ਚ ਮਸਤ ਹਨ। ਬਜ਼ੁਰਗ ਮਿਹਨਤ ਨਾਲ ਬਣਾਏ ਘਰ ਦੇ ਕਿਸੇ ਖੂੰਜੇ 'ਚ ਇਕੱਲਤਾ ਹੰਢਾ ਰਹੇ ਹਨ।

**ਜ਼ਿੰਦਗੀ 'ਚ ਦੁੱਖ-ਸੁੱਖ ਤੋਂ ਹਾਂ ਬੇਖ਼ਬਰ**

ਜਦੋਂ ਸਾਡਾ ਫੋਨ 10 ਫ਼ੀਸਦੀ ਤੋਂ ਘੱਟ ਬੈਟਰੀ 'ਤੇ ਹੁੰਦਾ ਹੈ ਤਾਂ ਅਸੀਂ ਚਿੰਤਤ ਹੋ ਜਾਂਦੇ ਹਾਂ। ਹਰ ਕੋਈ ਔਸਤਨ ਤਿੰਨ ਤੋਂ ਵੱਧ ਸੋਸ਼ਲ ਮੀਡੀਆ ਦੀਆਂ ਸਾਈਟਾਂ ਵੇਖਣ ਦਾ ਆਦੀ ਹੈ। ਇਕ ਸਰਵੇ ਅਨੁਸਾਰ ਹਰ ਦੂਜਾ ਵਿਅਕਤੀ ਹਫ਼ਤੇ ਦੌਰਾਨ 50 ਘੰਟੇ ਫੋਨ 'ਤੇ ਲਾਉਂਦਾ ਹੈ। ਮਿੱਤਰਾਂ ਦਾ ਜਨਮ ਦਿਨ ਫੇਸਬੁੱਕ ਯਾਦ ਕਰਵਾਉਂਦੀ ਹੈ। ਬਿਨਾਂ ਵਾਈ-ਫਾਈ ਤੇ ਖ਼ਰਾਬ ਨੈੱਟਵਰਕ ਵਾਲੀ ਜਗ੍ਹਾ 'ਤੇ ਸਮਾਂ ਬਿਤਾਉਣਾ ਦੁੱਭਰ ਹੋ ਜਾਂਦਾ ਹੈ। ਅਸੀਂ ਜ਼ਿੰਦਗੀ 'ਚ ਦੁੱਖ-ਸੁੱਖ ਦੇ ਅਸਲ ਸਾਂਝੀਦਾਰ ਗਲੀ-ਗੁਆਂਢ ਦੇ ਲੋਕਾਂ ਤੋਂ ਬੇਖ਼ਬਰ ਹਾਂ।

**ਤੈਅ ਕੀਤੀ ਜਾਵੇ ਸਮਾਂ ਹੱਦ**

ਅੱਜ ਸਮੇਂ ਦੀ ਲੋੜ ਹੈ ਕਿ ਬੱਚਿਆਂ ਤੋਂ ਵਿਅਕਤੀਤਵ ਵੱਲ ਵੱਧਦੇ ਬਾਲਾਂ ਲਈ ਮੋਬਾਈਲ ਦੀ ਉੱਚਿਤ ਸਮਾਂ ਹੱਦ ਤੈਅ ਕੀਤੀ ਜਾਵੇ ਤਾਂ ਜੋ ਸਾਡਾ ਆਉਣ ਵਾਲੀ ਪੀੜ੍ਹੀ ਦਾ ਸੰਤੁਲਿਤ ਵਿਕਾਸ ਹੋ ਸਕੇ। ਭਾਵੇਂ ਕੋਰੋਨਾ ਕਾਲ ਕਰਕੇ ਆਨਲਾਈਨ ਸਿੱਖਿਆ ਪੜ੍ਹਾਈ ਦਾ ਜ਼ਰੂਰੀ ਹਿੱਸਾ ਬਣ ਚੁੱਕੀ ਹੈ ਪਰ ਸਰੀਰਕ ਵਿਕਾਸ ਲਈ ਕਮਰਿਆਂ ਤੋਂ ਬਾਹਰ ਦੀਆਂ ਮੈਦਾਨੀ ਗਤੀਵਿਧੀਆਂ ਦੀ ਅਤਿਅੰਤ ਲੋੜ ਹੈ। ਮੋਬਾਈਲ ਦੀ ਵਰਤੋਂ ਦੇ ਮਾਮਲੇ 'ਚ ਮਾਪਿਆਂ ਤੇ ਸਕੂਲ ਨੂੰ ਉਦਾਹਾਰਨ ਬਣਨ ਨਾਲ ਨਵੀਂ ਪੀੜ੍ਹੀ 'ਤੇ ਸਕਾਰਾਤਮਕ ਅਸਰ ਪੈ ਸਕਦਾ ਹੈ। ਇਹ ਗੰਭੀਰ ਮਸਲਾ ਹੈ ਤੇ ਇਸ ਦੇ ਹੱਲ ਲਈ ਮਾਪਿਆਂ ਤੇ ਅਧਿਆਪਕਾਂ ਅਤੇ ਸਕੂਲ ਤੇ ਘਰਾਂ ਦਾ ਲਗਾਤਾਰ ਪ੍ਰਭਾਵਸ਼ਾਲੀ ਤਾਲਮੇਲ ਬਹੁਤ ਜ਼ਰੂਰੀ ਹੈ।

**ਜ਼ਰੂਰੀ ਕੰਮ ਯਾਦ ਕਰਵਾਉਂਦੈ ਮੋਬਾਈਲ ਅਲਾਰਮ**

ਕੋਈ ਵੀ ਜ਼ਰੂਰੀ ਕੰਮ ਸਾਨੂੰ ਮੋਬਾਈਲ ਦਾ ਅਲਾਰਮ ਯਾਦ ਕਰਵਾਉਂਦਾ ਹੈ। ਪੂਜਾ ਪਾਠ, ਕਸਰਤ, ਕੁਕਿੰਗ, ਘਰ ਦਾ ਲੇਖਾ ਆਦਿ ਕਰਨ ਲਈ ਕਾਪੀ ਪੈੱਨ ਦੀ ਥਾਂ ਵੱਖ-ਵੱਖ ਐਪਸ ਹਨ। ਸਾਡੀ ਬਿਮਾਰੀ ਜਾਂ ਤੰਦਰੁਸਤੀ ਵੀ ਮੋਬਾਇਲ ਟਰੈਕ ਕਰਦਾ ਹੈ। ਇੱਥੋਂ ਤਕ ਕਿ ਸਾਨੂੰ ਖਾਣਾ-ਪੀਣਾ ਤੇ ਉੱਠਣਾ-ਬੈਠਣਾ ਵੀ ਐਪਸ ਹੀ ਦੱਸਦੇ ਹਨ। ਮਾਵਾਂ ਕੋਲ 'ਇਕ ਸੀ ਰਾਜਾ ਇਕ ਸੀ ਰਾਣੀ' ਵਰਗੀਆਂ ਕਹਾਣੀਆਂ ਮੁੱਕ ਗਈਆਂ ਹਨ ਸਗੋਂ ਉਹ ਤਾਂ ਆਪ ਬੱਚਿਆਂ ਨੂੰ ਮੋਬਾਈਲ ਫੜਾ ਦਿੰਦੀਆਂ ਹਨ ਤਾਂ ਜੋ ਉਹ ਆਪਣੇ ਆਪ 'ਚ ਮਸਤ ਰਹਿ ਸਕਣ।

–0–

शहीदी दिवस पर विशेष

# बाबा दीप सिंघ जी शहीद

-अमृत पाल बंसल
# 98154-85668

पंजाब की धरती ने अनगिणत शूरवीरों को जन्म दिया है और इन में से अनेकों योद्धा मिल जांएगे, जिन की बहादुरी के किस्से दुनिया भर में प्रचलित हैं। आज हम ऐसे ही एक सिख योद्धा की बात करने जा रहे हैं, जिनकी बहादुरी की गाथा सुन कर, किसी का भी शीश उनके चरणों में झुक जाए। उनके नाम से ही दुशमन थर थर कांपने लग जाते थे। विश्व के इतिहास में वह एक मात्र ऐसे शुरवीर योद्धा थे, जो युद्धिभुमी में 75 वर्ष की आयु में 18 सेर का खंडा लेकर लड़ते रहे। जी हां, हम बात कर रहे हैं, सिख इतिहास के महान योद्धा बाबा दीप सिंघ जी की। बाबा दीप सिंघ जी सिख युद्ध के इतिहास में सबसे लोकप्रिय एवं अज़ीम शख्सीयत हुऐ है। वह पूर्ण गुरसिख, परमवीर योद्धा और उच्चकोटि के विद्वान थे। श्री दरबार साहिब, श्री अमृतसर साहिब की प्रिक्रमा में स्थित गुरूद्वारा बाबा दीप सिंघ जी और गुरूद्वारा श्री रामसर साहिब के नजदीक गुरूद्वारा शहीद गंज बाबा दीप सिंघ जी, उनकी सदीवी यादगारें हैं।

शहीद बाबा दीप सिंघ जी का जन्म 26 जनवरी 1682 को गांव पहुविंड जिला अमृतसर में पिता भाई भगतू जी एवं माता जीउणी जी के घर हुआ। आप माता–पिता के इकलौते पुत्र थे।

1700 ईः के आसपास बाबा जी का परिवार श्री गुरू गोबिन्द सिंघ जी के दर्शन करने के लिए श्री अनंदपुर साहिब आया। उस समय आप जी की आयु लगभग 18 वर्ष थी। आप श्री अनंदपुर साहिब के अध्यात्मिक वातावरण, गुरू–घर की मान मर्यादा, कीर्तन, कथा, लंगर तथा शस्त्रधारी सिंघों के बहादुरी के कौतक देख कर और श्री गुरू गोबिन्द सिंघ जी व्यक्तित्व से से बहुत प्रभावित हुए आप श्री गुरू गोबिन्द सिंघ जी के कर कमलों से खंडे–बाटे का अमृत छक कर दीपा से दीप सिंघ बन गए। आप के माता पिता भी अमृत छक कर भगतू से भगत सिंघ और माता जीऊणी से जीउण कौर बन गई। जब आप के माता–पिता अपने गांव लौटने के लिए तैयार हुए, तो गुरू साहिब जी ने बाबा दीप सिंघ जी को उनके साथ रहने के लिए कहा। उन्होंने विनम्रतापूर्वक गुरू जी की आज्ञा स्वीकार की और आप उनकी सेवा करने लगे। श्री गुरू गोबिन्द सिंघ जी की निगरानी और भाई मनी सिंघ जी की संगत करके आप गुरबाणी और सिख साहित्य के अच्छे विद्वान बन गए। घुड़ सवारी तथा सैनिक अभ्यास से आप शस्त्र विद्या में निपुन्न हो गए। आप की बहुपक्षीय प्रतिभा के कारण श्री गुरू गोबिन्द सिंघ जी आपको बहुत प्यार किया करते थे। गुरू जी का आदेश पाकर, बाबा जी सिखी प्रचार, माता–पिता की सेवा तथा विवाह करने के लिए, अपने गांव लौट आए। आप श्री अनंदपुर साहिब में लगभग पांच वर्ष तक रहे।

अभी विवाह तो होना ही था कि आप को श्री गुरू गोबिन्द सिंघ साहिब जी के अनंदपुर साहिब छोड़ने का समाचार मिला। यह सुनते ही कि चारों साहिबजादे शहीद हो गए हैं और गुरू जी का सारा परिवार बिखर गया है, आप गुरू साहिब जी को ढूंढते–ढूंढते साबो की तलवंडी पहुँचे। गुरू जी माछीवाड़ा साहिब और श्री मुक्तसर साहिब होते हुए तलवंडी साबो दमदमा साहिब पहुँच गए थे। गुरू साहिब को माथा टेकने के पश्चात, इतने भयंकर समय में अपनी गैरहाजरी के लिए गुरू जी से क्षमा मांगी। सतिगुरू जी ने उनको छाती से लगाया तथा आशीसें बख्शिश की। इसी स्थान पर श्री गुरू गोबिन्द सिंघ जी ने भाई मनी सिंघ जी, बाबा दीप सिंघ जी इत्यादि प्रमुख सिखों की सहायता से श्री गुरू ग्रंथ साहिब जी की संपूर्णता कर उसको अंतिम रूप दिया था। गुरू जी लगभग 9 महीने तक यहां ठहरे थे। जब गुरू साहिब अक्तूबर 1706 में दक्षिण के लिए रवाना हुए तो दमदमा साहिब की सेवा बाबा दीप सिंघ जी को सौंपी। भाई मनी सिंघ जी, जो 1698 से अमृतसर साहिब का प्रबंध संभाल रहे थे, को वापिस सेवा के लिए भेज दिया।

बाबा दीप सिंघ जी के योग्य नेतृत्व और निगरानी में दमदमा साहिब गुरमति और गुरबाणी के प्रचार–प्रसार का महान केंद्र बन गया। गुरबाणी के प्रचार के साथ साथ बाबा जी ने सिखों को सैनिक प्रशिक्षण देने का कार्य भी आरंभ किया। यही वह सिंघ थे, जो आगे चलकर बाबा दीप सिंघ जी द्वारा स्थापित शहीद मिसल का ठोस आधार बने।

संन् 1709 ई में बाबा बंदा सिंघ बहादुर, जब अत्याचारियों को दंड देने के लिए पंजाब की तरफ आए, तो बाबा दीप सिंघ जी ने सिंघों का एक भारी जत्था लेकर, उनका साथ दिया और उसकी फौज के साथ मिलकर सरहिंद, संढौरा, समाणा इत्यादि की लड़ाई में बढ़–चढ़ कर हिस्सा लिया और जीत हासिल की। अपनी कुर्बानी के ज़ज्बे और युद्ध के मैदान में शहादत पाने के कारण इनका जत्था 'शहीदों का जत्था' के नाम से और आगे चलकर, इस मिसल का नाम ''शहीदों की मिसल'' प्रसिद्ध हुआ। इस युद्ध के बाद बाबा दीप सिंघ जी दमदमा साहिब वापिस लौट आए और एक बार फिर गुरबाणी के प्रचार जैसे महान कार्य में जुट गए। आने वाले दस वर्षों (1713–1723) में उन्होंने श्री गुरू ग्रंथ साहिब जी की बीड़ की चार हस्तलिखित प्रतिलिपयां तैयार करके चार तखत साहिबान (श्री अकाल तखत साहिब, तखत श्री हरिमंदिर पटना साहिब, तखत श्री केसगढ़ साहिब, तखत श्री सचखंड श्री हजूर अबिचल नगर साहिब) में भिजवा दिए। यह चारों प्रतिलिपयां उसी बीड़ से तैयार की गई थीं, जिसे श्री गुरू गोबिन्द सिंघ जी के आदेश अनुसार प्रसिद्ध विद्वान भाई मनी जी ने तैयार किया था। इस बीड़ को तैयार करने में भाई मनी सिंघ जी के साथ बाबा दीप सिंघ ने भी बहुत बड़ा योगदान दिया था। बाबा जी ने गुरबाणी के

अनेक गुटके हाथ से लिखकर संगत में बांटे थे। इसी के साथ आप समाज की सेवा के लिए भी लोगों में बहुत लोकप्रिय थे। पानी की समस्या को देखते हुए बाबा जी ने एक कुआं खुदवाया, जो अभी भी उनकी याद के रूप में मौजूद है। दमदमा साहिब में गुरूद्वारा स्थापित करने का कार्य भी बाबा जी ने ही किया था।

यद्यपि बाबा जी की आयु बढ़ रही थी, प्रंतु फिर भी वह जवानों की तरह गुरू–पंथ की सेवा में लगे रहते थे। देश में अहमद शाह अबदाली अपने चौथे आक्रमण के बाद जब दिल्ली को लूट कर कीमती सामान, सोना, चांदी और अनेकों स्त्रीयों को बंदी बनाकर काबुल वापिस लौट रहा था तो बाबा दीप सिंघ जी ने थानेसर के नजदीक, उसके पीछे वाले दस्तों पर हमला बोलकर लूटे हुए सामान को वापिस छीन लिया तथा उन स्त्रीयों को छुड़वा लिया और उनको सम्मान के साथ उनके घर भेज दिया। वापिस लौटते हुए अबदाली ने अपने पुत्र तैमूर शाह को पंजाब का सूबेदार तथा अपने प्रमुख जरनैल जहान खान को उसका सहायक बना दिया और सिखों को हमेशा के लिए कुचलने के लिए, सिखों के शहर अमृतसर तथा पवित्र दरबार साहिब को ध्वस्त करने तथा अमृत सरोवर को मलवे से भरने का आदेश दे गया। मई 1757 में तैमूर शाह के आदेश से जहान खान ने भारी फौज लेकर श्री अमृतसर साहिब पर हमला बोलकर राम रौणी का किला गिरा दिया। इस के बाद श्री दरबार साहिब के शानदार भवन को गिरा दिया और अमृत सरोवर को मलवे से भर दिया। गुरू की नगरी के इर्द–गिर्द बड़े सख्त पहरे लगा दिए, तांकि कोई भी सिख श्री अमृतसर साहिब की सीमा में दाखिल ना हो सके। पूरे शहर में हाहाकार मच गया।

जब दरबार साहिब की बेअदबी की खबर बाबा दीप सिंघ जी को पता चली, तो उनका सिखी जोश खौलने लगा। उस समय बाबा जी की आयु 75 वर्ष से उपर हो चुकी थी। आप जी ने उसी समय अमृतसर पहुँच कर इस बेअदबी का बदला लेने का निर्णय कर लिया और कहा, ''इस वर्ष दीवाली अमृतसर में मनाई जाएगी।'' आप जी ने अमृतसर के लिए चलने से पहले अरदास की और साथ जाने के लिए 500 सिंघ आगे आए। तरनतारन तक पहुँचते, उनके जत्थे की संख्या 5000 हो गई। तरनतारन के आगे तथा श्री अमृतसर साहिब से कुछ मील की दूरी पर जहान खान की फौज बाबा जी का रास्ता रोकने के लिए तैयार खड़ी थी। बाबा जी जानते थे कि इस लड़ाई में किसी का जिंदा बच पाना संभव नहीं होगा, इस लिए उन्होंने तरनतारन से कूच करने से पहले अपने दो धार वाले खंडे से धरती पर एक लकीर खींची और साथ आए सिंघों से कहा, ''खालसा जी! अब श्री हरिमंदिर साहिब को आजाद कराने और शहादत देने का समय आ गया है। इस लकीर को पार कर वही शूरवीर आगे आएं जो अपना शीश गुरूधामों की पवित्रता के लिए अर्पण करना चाहते हैं। जिनको अपने घर–बार या जिंदगी प्यारी हो, वह अपने घर को वापिस लौट जाएं।''


यह कहकर बाबा जी ने जैकारा बुलाया और देखते ही देखते सारा जत्था लकीर पार करके उनके साथ श्री अमृतसर साहिब जाने के लिए चल पड़ा। हाथ में चमकता हुआ खंडा लिए और 'बोले सो निहाल, सति श्री अकाल' के जैकारे' बुलाते हुए बाबा दीप सिंघ जी का यह शहीदी जत्था गांव गोहलवड़ पहुँच गया। अबदाली का जरनैल जहान खान पहले से ही अपने टिड्डी दल के साथ तैयार खड़ा था। दोनों दलों के दरमियान भयानक युद्ध शुरू हो गया। सिंघों ने ऐसी शूरवीरता दिखाई कि दुर्रानी सैनिक युद्ध के मैदान में से भागने शुरू हो गए। अनेक युद्धों का विजेता जहान खान मैदान छोड़कर भाग जाने के बारे सोच ही रहा था कि हाजी अताई खान अपनी तौपें और फौजें लेकर सहायता के लिए पहुँच गया। नई आई फौज के पहुँचने से दुर्रानियों के हौंसले फिर बुलंद हो गए। युद्ध जारी था और सिंघ श्री अमृतसर साहिब की तरफ बढ़ने की कोशिश कर रहे थे। दुर्रानी फौजें भागने लगी और बाबा जी उनके टुकड़े करते अमृतसर की और बढ़ते जा रहे थे। उधर जहान खान अपनी फौजों को धिक्कारने लगा। यह देख कर एक सिंघ स. दयाल सिंघ ने एक तीर उसकी छाती पर मारा, जिससे वह हाथी से नीचे गिर कर मृत्यु को प्राप्त हो गया। इस रक्तपात में एक दुर्रानी की तलवार बाबा जी की गर्दन पर लगी और वह गिरने ही लगे थे कि साथ वाले सिंघ ने बाबा जी को याद दिलाया कि आपने तो श्री हरिमंदिर साहिब को दुर्रानीयों से मुक्त करवाने और वहां पहुँचने का प्रण किया था, फिर आप का प्रण कैसे पूरा होगा। यह सुनकर हाथ से सिर को सहारा दे वह उठकर खड़े हो गए, उनकी गर्दन से रक्त वह रहा था और ऐसा लगता था कि उनका सिर किसी भी समय नीचे आ गिरेगा। खंडा चलाते हुए श्री हरिमंदिर साहिब की तरफ तीव्र गति से आगे बढ़ते जा रहे थे, क्योंकि अमृतसर को शत्रुओं से मुक्त करवाना था। सैनिकों को मारते और अपना रास्ता बनाते हुए श्री हरिमंदिर साहिब की परिक्रमा की दक्षिण दिशा में जा कर गिर गए और अपना सिर परिक्रमा में चढ़ा कर गुरू–चरणों में विराज गए। इस तरह अमृतसर शत्रुओं से आजाद हो गया और सिंघों ने सरोवर को साफ करके बाबा दीप सिंघ जी के प्रण को पूरा किया। यह घटना 13 नवंबर संन् 1757 की है। इस स्थान पर उनका शहीदी स्थान गुरूद्वारा बाबा दीप सिंघ जी शहीद बना हुआ है। श्री हरिमंदिर साहिब के पास दर्शन को आया प्रत्येक श्रद्धालू इस पावन स्थान के पास से गुजरते समय, यहां माथा टेक कर गुजरता है, जहां बाबा जी का शीश गिरा था। जिस स्थान पर बाबा जी की देह का अंतिम संस्कार किया गया था, वहां अब गुरूद्वारा शहीद गंज बाबा दीप सिंघ जी सुशोभित है। यह स्थान चाटीविंड गेट के पास है, जिसे गुरूद्वारा शहीदां साहिब के नाम से भी जाना जाता है। हर रोज़ हज़ारों श्रद्धालू यहां दर्शन करने आते हैं और उस महान शहीद को याद करते हैं, जिन्होंने श्री हरिमंदिर साहिब की पवित्रता और आजादी के लिए अपना जीवन बलिदान कर दिया। धन्य हैं शहीद बाबा दीप सिंघ जी, जो आज सिखों के शिरोमणि शहीद माने जाते हैं। किसी कवि ने अपने सुंदर शब्दों में बाबा जी के बारे में ऐसे लिखा है:

धंन उह धरती धंन उह बापू धंन वडभागी माई।
ढंग जिउण दा जिसदा पुत्तर, दस्स गया सदीआ साईं।

–0–

# The worldly riches are like a syndrome

## ਅਸਲ ਗਹਿਣਾ ਸਾਦਗੀ ਵਿੱਚ ਰਹਿਣਾ






**Prof. Gurmanpreet Kaur**
**79730 47608**


Khalsa G , it just amaze me so much whenever I contractile with the fact that PUNJAB lifestyle no more reflect CULTURE & TRADITIONS rather today's Punjab landmark is physical off's. We all have been merged so much in worldly riches that human values are at verge of extinction.

As a result, Punjab is becoming more in debt, societal pressure increasing day by day is leading to mental issues like depression.

Isn't it ironical!? that initially people use to show their physical off's at parties or wedding occasion's. But now a days, most of the time one fall in dilemma after seeing the extra vagant arrangements on someone cremation ceremonies and after –rites programme. In simple language if I say,

ਕਿ ਹੁਣ ਤਾਂ ਮਰਨਾ ਵੀ ਮਹਿੰਗਾ ਹੋ ਗਿਆ ਹੈ।

**I was reading a survey, stated that, INDIA has become 4th**

**'BIGGEST WEDDING INDUSTRY'.**

Wedding preparations donot constitute arranging a renowned make- up artist or 3 or 5 – star hotelbut the real preparations are when the families are willing to apart themselves from the competition of prooving worldly riches, when the groom & family is ready to accept heartily a daughter in the house. Otherwise even after big fat weddings

Divorce occurs.



The way we do is not wedding preparation its celebration preparation.

My article is inspired from the theme of PAU (PUNJAB AGRICULTURE UNIVERSITY) , LUDHIANA, 2017 ਕਿਸਾਨ ਮੇਲਾ

ਸਾਦੇ ਵਿਆਹ, ਸਾਦੇ ਭੋਗ

ਨਾ ਕਰਜ਼ਾ, ਨਾ ਚਿੰਤਾ ਰੋਗ

I agree with the fact that its our own choice that how much we wanna spend and there is no debate about it but value education teaches us being the part of society we can't go all selfish!

The simplicity we are talking about should be in our basicity. Embracing simplicity as a lifestyle involves focusing on what truly matters, reducing clutters, minimizing materialpossesions. Please! let' not interpret the meaning of simplicity with ਗਰੀਬੀ. Simplicity is not ਗਰੀਬੀ. Rather it's **bravery.** Me as a budding young leader along with mentorship of s. urvindersingh g have been created a society, past 3-4 years ਸਾਦੇ ਰਹਿਣਾ ਸੋਸਾਇਟੀ & 400 members + are participant in this innovation & promised us to celebrate the occasions under simplicity.

NEED TO WAKE UP !

Khalsa g, Punjab donot require extra expenditure, rather is in need of "EDUCATIONIST". If we wanna manifest our everyday saying to reality,

ਰਾਜ ਕਰੇਗਾ ਖਾਲਸਾ then the foremost need is to educate the kids of Punjab more & more. Educated Punjab will come out to be the foundation for **khalsa raaj.** This experiential validation can be learned from jewish people in their new book, THE CHOSEN FEW. They wrote the history about how education helped them to rebuilt their standards which they use to have early before genocidal attacks. It is evident to us all that from noble prize winner's list to every other aspect jewish will rule over!

Though the major issue that need to be addressed is not only to curb the expenditure, but there is also need to work on the thought process, the mind set of the society at large. For this we need to inculcate ourself, youth & families in the awareness & sensitization drive.

-0-

ਸਿਹਤ ਸੰਭਾਲ

# ਮੱਕੀ ਦੇ ਫਾਇਦੇ

**ਡਾ. ਹਰਸ਼ਿੰਦਰ ਕੌਰ, ਐਮ. ਡੀ.,**
**0175-2216783**

ਜਦੋਂ ਸਾਡੇ ਆਪਣੇ ਸੱਤੂ ਅਮਰੀਕਾ ਵੱਲੋਂ ਓਟਸ ਕਹਿ ਕੇ ਛੇ ਗੁਣਾਂ ਵੱਧ ਰੇਟ ਉੱਤੇ ਵੇਚੇ ਜਾਣ ਤਾਂ ਸਾਨੂੰ ਬਹੁਤ ਚੰਗਾ ਜਿਹਾ ਲੱਗਦਾ ਹੈ ਅਤੇ ਉਨ੍ਹਾਂ ਨੂੰ ਖਾ ਕੇ ਆਪਣੇ ਆਪ ਨੂੰ ਅਗਾਂਹ ਵਧੂ ਮਹਿਸੂਸ ਕਰਨ ਲੱਗ ਪੈਂਦੇ ਹਾਂ। ਇੰਜ ਹੀ ਸਾਨੂੰ ਸੜਕ ਦੇ ਕਿਨਾਰੇ 'ਤੇ ਖੜ੍ਹੇ ਛੱਲੀ ਚੱਬਦਿਆਂ ਉਜੱਡ ਲੱਗਦਾ ਹੈ ਪਰ ਨਾਂ ਬਦਲ ਕੇ 10 ਗੁਣਾ ਮਹਿੰਗੇ ਕੌਰਨ 5 ਤਾਰਾ ਹੋਟਲ ਵਿਚ ਬਹਿ ਕੇ ਖਾਣੇ ਚੰਗੇ ਲੱਗਦੇ ਹਨ।

ਅਮਰੀਕਾ ਵਿਚ ਮੱਕੀ ਦੇ ਦਾਣਿਆਂ ਨੂੰ ਲਗਭਗ ਹਰ ਕਿਸਮ ਦੇ ਖਾਣੇ ਵਿਚ ਵਰਤਿਆ ਜਾਣ ਲੱਗ ਪਿਆ ਹੈ। ਮੱਕੀ ਵਿਚ ਕੁਦਰਤੀ ਸ਼ੱਕਰ ਤੇ ਕਾਰਬੋਹਾਈਡਰੇਟ ਕਾਫੀ ਹਨ। ਪੌਪਕੌਰਨ ਵਜੋਂ ਬਹੁਤ ਮਸ਼ਹੂਰ ਹੋਈ ਮੱਕੀ ਅਮਰੀਕਾ, ਕਨੇਡਾ, ਯੂਰਪ ਵਿਚ ਸੌਸ ਜਾਂ ਹੋਰ ਖਾਣਿਆਂ ਨੂੰ ਗਾੜ੍ਹਾ ਕਰਨ ਲਈ ਕੌਰਨ ਫਲੋਰ ਵਜੋਂ ਵਰਤੀ ਜਾ ਰਹੀ ਹੈ। ਚਿੱਪਸ, ਟੌਰਟਿਲਾ, ਕਰੈਕਰ ਆਦਿ ਵਿਚ ਵਰਤੀ ਜਾ ਰਹੀ ਮੱਕੀ ਦੁਨੀਆ ਦੇ ਲਗਭਗ ਹਰ ਹਿੱਸੇ ਵਿਚ ਬੱਚੇ ਤੋਂ ਵੱਡੇ ਤੱਕ ਵਰਤੀ ਜਾ ਰਹੀ ਹੈ।

ਸ਼ਾਇਦ ਬਹੁਤਿਆਂ ਨੂੰ ਪਤਾ ਨਾ ਹੋਵੇ ਪਰ ਦਸ ਹਜ਼ਾਰ ਸਾਲ ਪਹਿਲਾਂ ਮੈਕਸੀਕੋ ਵਿੱਚ ਜੰਗਲੀ ਘਾਹ 'ਤੀਓਸਿੰਤੇ' ਤੋਂ ਮੱਕੀ ਦੇ ਦਾਣੇ ਕੱਢੇ ਜਾਂਦੇ ਸਨ। ਹੌਲੀ-ਹੌਲੀ ਇਸ ਨੂੰ ਉਗਾਉਣ ਦੇ ਢੰਗ ਬਦਲਦੇ ਰਹੇ ਤੇ ਮੌਜੂਦਾ ਮੱਕੀ ਹੋਂਦ ਵਿੱਚ ਆ ਗਈ। ਅਮਰੀਕਾ ਵਿੱਚ ਵੱਡੀ ਤਾਦਾਦ ਵਿੱਚ ਉੱਗਦੀ ਮੱਕੀ ਵੇਖ ਇੰਗਲੈਂਡ ਦੇ ਕੁੱਝ ਕਿਸਾਨਾਂ ਨੇ ਇਸ ਨੂੰ ਇੰਗਲੈਂਡ ਵਿੱਚ ਵੀ ਬੀਜਣਾ ਸ਼ੁਰੂ ਕਰ ਦਿੱਤਾ।

ਸੰਨ 1621 ਵਿੱਚ ਸ਼ੁਕਰਾਨੇ ਵਜੋਂ ਕੀਤੇ ਰਾਤ ਦੇ ਖਾਣੇ ਵਿੱਚ ਮੱਕੀ ਦੀ ਵਰਤੋਂ ਕੀਤੀ ਗਈ। ਇਸ ਬੀਜ ਅੰਦਰ ਪਾਣੀ ਦੀ ਇੱਕ ਬੂੰਦ ਹੁੰਦੀ ਹੈ ਜੋ ਭੁੰਨੇ ਜਾਣ ਉੱਤੇ ਫੱਟ ਕੇ ਵਿਚਕਾਰਲਾ ਹਿੱਸਾ ਬਾਹਰ ਕੱਢ ਦਿੰਦੀ ਹੈ ਤੇ ਇਹੀ ਉਛਲਦੇ ਕੁੱਦਦੇ ਦਾਣਿਆਂ ਨੇ ਉਦੋਂ ਜਸ਼ਨ ਨੂੰ ਦੁੱਗਣਾ ਕਰ ਦਿੱਤਾ।

ਹੁਣ ਛੱਲੀ ਕਈ ਰੰਗਾਂ ਵਿੱਚ ਮਿਲਦੀ ਹੈ। ਲਾਲ, ਚਿੱਟੇ, ਜਾਮਨੀ, ਨੀਲੇ, ਕਾਲੇ ਤੇ ਸੁਨਿਹਰੀ ਰੰਗ ਵਿੱਚ। ਇੱਕ ਚਿੱਟੇ ਤੇ ਪੀਲੇ ਦਾ ਸੁਮੇਲ 'ਡੈਂਟ ਕੌਰਨ' ਜ਼ਿਆਦਾਤਰ ਜਾਨਵਰਾਂ ਦੇ ਚਾਰੇ ਲਈ ਵਰਤਿਆ ਜਾਂਦਾ ਹੈ ਜਾਂ ਟੌਰਟਿਲਾ ਚਿੱਪਸ ਬਣਾਉਣ ਲਈ।

ਪੁਰਾਣੇ ਸਮਿਆਂ ਵਿੱਚ ਜਿਉਂ ਜਿਉਂ ਇਸ ਦੀ ਵਰਤੋਂ ਵਧਦੀ ਗਈ ਤਿਉਂ-ਤਿਉਂ ਹੀ ਅੰਤੜੀਆਂ ਦਾ ਕੈਂਸਰ ਘਟਦਾ ਗਿਆ। ਹੁਣ ਇਸ ਦੇ ਕਾਰਨਾਂ ਦੀ ਸਮਝ ਆ ਚੁੱਕੀ ਹੈ। ਦਰਅਸਲ ਮੱਕੀ ਅੰਤੜੀਆਂ ਵਿੱਚ ਬੈਠੇ ਚੰਗੇ ਬੈਕਟੀਰੀਆ ਦੀ ਖ਼ੁਰਾਕ ਹੁੰਦੀ ਹੈ। ਚੰਗੇ ਬੈਕਟੀਰੀਆ ਮੱਕੀ ਨੂੰ ਖਾ ਕੇ ਵਧ ਫੁੱਲ ਜਾਂਦੇ ਹਨ ਤੇ ਮਾੜੇ ਕੀਟਾਣੂਆਂ ਨੂੰ ਸੌਖਿਆਂ ਢਾਅ ਲੈਂਦੇ ਹਨ। ਇੰਜ ਮਾੜੇ ਬੈਕਟੀਰੀਆ 'ਕੋਲਨ ਕੈਂਸਰ' ਵਰਗੀ ਬੀਮਾਰੀ ਕਰ ਹੀ ਨਹੀਂ ਸਕਦੇ।

ਫਾਈਬਰ ਭਰਪੂਰ ਮੱਕੀ ਖਾਣ ਨਾਲ ਦਿਲ ਦੇ ਰੋਗ ਤੇ ਟਾਈਪ 2 ਸ਼ੱਕਰ ਰੋਗ ਹੋਣ ਦਾ ਖ਼ਤਰਾ ਵੀ ਟਲ ਜਾਂਦਾ ਹੈ। ਇਸ ਵਿੱਚ ਵਿਟਾਮਿਨ ਸੀ ਵੀ ਹੈ ਜੋ ਐਂਟੀਆਕਸੀਡੈਂਟ ਹੋਣ ਕਰ ਕੇ ਸੈੱਲਾਂ ਦੀ ਟੁੱਟ ਫੁੱਟ ਤੋਂ ਵੀ ਬਚਾਓ ਕਰ ਦਿੰਦਾ ਹੈ। ਪੀਲੀ ਮੱਕੀ ਵਿਚਲੇ ਕੈਰੋਟੀਨਾਇਡ-ਲਿਊਟੀਨ ਅਤੇ ਜ਼ੀਜ਼ੈਂਥੀਨ ਅੱਖਾਂ ਦੀ ਸਿਹਤ ਲਈ ਬਹੁਤ ਵਧੀਆ ਹਨ। ਇਹ ਚਿੱਟਾ ਮੋਤੀਆ ਹੋਣ ਤੋਂ ਵੀ ਕੁੱਝ ਹੱਦ ਤਕ ਬਚਾਓ ਕਰ ਦਿੰਦੇ ਹਨ।

ਵਿਟਾਮਿਨ ਬੀ, ਈ ਅਤੇ ਕੇ ਦੇ ਨਾਲ-ਨਾਲ ਮੈਗਨੀਸ਼ੀਅਮ ਤੇ ਪੋਟਾਸ਼ੀਅਮ ਵੀ ਮੱਕੀ ਵਿੱਚ ਹਨ। ਵੱਖੋ-ਵੱਖ ਰੰਗਾਂ ਦੇ ਆਧਾਰ ਉੱਤੇ ਵੱਖ ਤੱਤ ਹੁੰਦੇ ਹਨ। ਨੀਲੀ ਛੱਲੀ ਵਿੱਚ ਫਾਈਟੋਨਿਊਟਰੀਐਂਟ ਵੱਧ ਹੁੰਦੇ ਹਨ। ਇਨ੍ਹਾਂ ਨੂੰ ਚਿਪਸ ਜਾਂ ਟਾਕੋ ਵਿੱਚ ਵਰਤਿਆ ਜਾਂਦਾ ਹੈ।

ਛੱਲੀ ਵਿੱਚ ਕਾਰਬੋਹਾਈਡਰੇਟ ਤੇ ਸ਼ੱਕਰ ਹੁੰਦੇ ਹਨ। ਜੇ ਵੱਧ ਮਾਤਰਾ ਵਿੱਚ ਨਾ ਖਾਧੀ ਜਾਏ ਤਾਂ ਇਨ੍ਹਾਂ ਦਾ ਏਨਾ ਨੁਕਸਾਨ ਨਹੀਂ ਹੈ।

ਕੁੱਝ ਸਾਲਾਂ ਤੋਂ ਛੱਲੀ ਨੂੰ ਜੈਨੇਟਿਕ ਢੰਗ ਨਾਲ ਤਬਦੀਲ ਕੀਤਾ ਗਿਆ ਹੈ ਤਾਂ ਜੋ ਇਸ ਨੂੰ ਕੀੜਾ ਨਾ ਲੱਗੇ। ਹਾਲੇ ਤੱਕ ਇਸ ਜੈਨੇਟਿਕ ਤਬਦੀਲੀ ਨਾਲ ਮਾੜੇ ਅਸਰ ਦਿਸਣੇ ਸ਼ੁਰੂ ਨਹੀਂ ਹੋਏ। ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਇਸ ਤਬਦੀਲੀ ਨਾਲ ਚੰਗੇ ਅਸਰ, ਜੋ ਸਰੀਰ ਉੱਤੇ ਪੈਂਦੇ ਸਨ, ਉਹ ਘੱਟ ਗਏ ਹਨ ਜਾਂ ਵਧੇ ਹਨ।

ਅੱਜ ਕੱਲ ਕੌਰਨ ਫਲੋਰ, ਕੌਰਨ ਮੀਲ, ਕੌਰਨ ਸਿਰਪ ਅਤੇ ਕੌਰਨ ਤੇਲ ਕਾਫੀ ਵਿਕਣੇ ਸ਼ੁਰੂ ਹੋ ਚੁੱਕੇ ਹਨ। ਇਨ੍ਹਾਂ ਦੀ ਖ਼ਰਬਾਂ ਦੀ ਮਾਰਕਿਟ ਬਣ ਚੁੱਕੀ ਹੈ ਤੇ ਇੰਟਰਨੈੱਟ ਇਨ੍ਹਾਂ ਦੀ ਤਾਰੀਫ਼ ਕਰਦਿਆਂ ਥੱਕਦਾ ਨਹੀਂ ਕਿਉਂਕਿ ਆਮ ਛੱਲੀ ਨੂੰ 600 ਗੁਣਾਂ ਮਹਿੰਗਾ ਕਰ ਕੇ ਵੇਚਣਾ ਹੁੰਦਾ ਹੈ।

100 ਗ੍ਰਾਮ ਉਬਲੀ ਪੀਲੀ ਛੱਲੀ ਵਿੱਚ 96 ਕੈਲਰੀਆਂ ਹੁੰਦੀਆਂ ਹਨ, 9.4 ਗ੍ਰਾਮ ਪ੍ਰੋਟੀਨ, 74.26 ਗ੍ਰਾਮ ਕਾਰਬੋਹਾਈਡ੍ਰੇਟ, 4.5 ਗ੍ਰਾਮ ਖੰਡ, 73 ਫੀਸਦੀ ਪਾਣੀ, 7.3 ਗ੍ਰਾਮ ਫਾਈਬਰ ਅਤੇ 1.5 ਗ੍ਰਾਮ ਥਿੰਦਾ ਹੁੰਦਾ ਹੈ।

ਖੰਡ ਵਾਧੂ ਮਾਤਰਾ ਵਿੱਚ ਭਾਵੇਂ ਹੈ ਪਰ ਗਲਾਈਸੀਮਿਕ ਇੰਡੈਕਸ ਘੱਟ ਹੋਣ ਸਦਕਾ ਸ਼ੱਕਰ ਰੋਗੀ ਵੀ ਇਸ ਨੂੰ ਖਾ ਸਕਦੇ ਹਨ। ਖਾਣ ਤੋਂ ਬਾਅਦ ਇਕਦਮ ਸਰੀਰ ਅੰਦਰ ਸ਼ੱਕਰ ਦੀ ਮਾਤਰਾ



**ਛੱਲੀ ਵਿਚਲਾ ਮੈਗਨੀਸ਼ੀਅਮ ਦਿਲ ਦੇ ਰੋਗਾਂ ਅਤੇ ਹੋਰ ਵੀ ਕਈ ਕਰੌਨਿਕ ਬੀਮਾਰੀਆਂ ਤੋਂ ਬਚਾਓ ਕਰਦਾ ਹੈ। ਜ਼ਿੰਕ ਭਾਵੇਂ ਛੱਲੀ ਵਿੱਚ ਹੈ, ਪਰ ਇਹ ਵੀ ਫਾਈਟਿਕ ਏਸਿਡ ਸਦਕਾ ਸਰੀਰ ਅੰਦਰ ਜਜ਼ਬ ਨਹੀਂ ਹੁੰਦਾ। ਦਿਲ ਨੂੰ ਸਿਹਤਮੰਦ ਰੱਖਣ ਵਾਲਾ ਕੌਪਰ ਛੱਲੀ ਵਿੱਚੋਂ ਸਰੀਰ ਹਜ਼ਮ ਕਰ ਲੈਂਦਾ ਹੈ। ਪੈਂਟੋਥੀਨਿਕ ਏਸਿਡ (ਵਿਟਾਮਿਨ ਬੀ 5), ਫੋਲਿਕ ਏਸਿਡ (ਵਿਟਾਮਿਨ ਬੀ 9), ਵਿਟਾਮਿਨ ਬੀ 6, ਨਾਇਆਸਿਨ, ਵਿਟਾਮਿਨ ਬੀ ਤਿੰਨ ਤੇ ਪੋਟਾਸ਼ੀਅਮ ਵੀ ਛੱਲੀ ਵਿੱਚ ਹਨ। ਪੋਟਾਸ਼ੀਅਮ ਦਿਲ ਲਈ ਸਿਹਤਮੰਦ ਹੈ। ਛੱਲੀ ਵਿਚਲਾ ਵਿਟਾਮਿਨ ਬੀ ਤਿੰਨ ਸਰੀਰ ਉਦੋਂ ਹੀ ਹਜ਼ਮ ਕਰ ਸਕਦਾ ਹੈ ਜੇ ਛੱਲੀ ਉੱਤੇ ਨਿੰਬੂ ਲਾਇਆ ਗਿਆ ਹੋਵੇ। ਮਿਨਰਲ ਜ਼ਿਆਦਾ ਉਦੋਂ ਹਜ਼ਮ ਹੁੰਦੇ ਹਨ ਜਦੋਂ ਪੌਪਕੌਰਨ ਬਣਾ ਕੇ ਖਾਧੇ ਜਾਣ।**

ਵਧਦੀ ਨਹੀਂ। ਇਸੇ ਲਈ ਇਸ ਨੂੰ ਸਿਹਤਮੰਦ ਖ਼ੁਰਾਕ ਗਿਣਿਆ ਜਾਂਦਾ ਹੈ।

ਘੱਟ ਖੁਰਨ ਵਾਲੇ ਫਾਈਬਰ ਹੈਮੀਸੈਲੂਲੋਜ਼, ਸੈਲੂਲੋਜ਼ ਤੇ ਲਿਗਨਿਨ ਹੀ ਪੀਲੀ ਛੱਲੀ ਨੂੰ ਅੰਤੜੀਆਂ ਲਈ ਵਧੀਆ ਸਾਬਤ ਕਰਦੇ ਹਨ।

ਛੱਲੀ ਵਿਚਲੀ ਪ੍ਰੋਟੀਨ 'ਜ਼ੀਨ' ਬਹੁਤੀ ਵਧੀਆ ਕਿਸਮ ਦੀ ਨਹੀਂ ਹੁੰਦੀ ਕਿਉਂਕਿ ਇਸ ਵਿੱਚ ਕੁੱਝ ਵਧੀਆ ਅਮਾਈਨੋ ਏਸਿਡ ਨਹੀਂ ਹੁੰਦੇ। ਕਈ ਫੈਕਟਰੀਆਂ ਛੱਲੀ ਵਿਚਲੇ ਜ਼ੀਨ ਨੂੰ ਵਰਤ ਕੇ ਉਸ ਵਿੱਚੋਂ ਗੂੰਦ, ਸਿਆਹੀ, ਟਾਫੀਆਂ ਜਾਂ ਸੁੱਕੇ ਮੇਵਿਆਂ ਉੱਤੇ ਚਾੜ੍ਹੀ ਖੰਡ, ਦਵਾਈਆਂ ਉੱਤੇ ਚਾੜ੍ਹੀ ਖੰਡ ਆਦਿ ਤਿਆਰ ਕਰਦੇ ਹਨ।

ਰਿਫਾਈਨਲਡ ਕੌਰਨ ਤੇਲ ਬਹੁਤ ਮਹਿੰਗੇ ਭਾਅ ਵਿਕਦਾ ਹੈ। ਛੱਲੀ ਵਿਚਲੇ ਲਿਨੋਲਿਕ ਏਸਿਡ ਦੀ ਵਰਤੋਂ ਇਸ ਵਿੱਚ ਕੀਤੀ ਜਾਂਦੀ ਹੈ ਜੋ ਵਿਟਾਮਿਨ ਈ, ਯੂਬੀ ਕਉਇਨੋਨ ਤੇ ਫਾਈਟੋਸਟੀਰੋਲ ਵਿੱਚ ਭਰਪੂਰ ਹਨ ਅਤੇ ਕੋਲੈਸਟਰੋਲ ਘਟਾਉਂਦੇ ਹਨ।

ਵਿਟਾਮਿਨ ਤੇ ਮਿਨਰਲ ਛੱਲੀ ਵਿੱਚ ਕਾਫੀ ਭਰੇ ਪਏ ਹਨ ਇਸੇ ਲਈ ਮੱਕੀ ਦਾ ਆਟਾ ਕਾਫੀ ਸਿਹਤਮੰਦ ਗਿਣਿਆ ਜਾਂਦਾ ਹੈ।

ਮੈਗਨੀਜ਼ ਬਹੁਤੀ ਵੱਡੀ ਮਾਤਰਾ ਵਿੱਚ ਛੱਲੀ ਵਿੱਚੋਂ ਹਜ਼ਮ ਨਹੀਂ ਹੁੰਦਾ ਕਿਉਂਕਿ ਛੱਲੀ ਵਿੱਚ ਫਾਈਟਿਕ ਏਸਿਡ ਵੱਧ ਹੁੰਦਾ ਹੈ। ਫਾਸਫੋਰਸ ਚੰਗੀ ਮਾਤਰਾ ਵਿੱਚ ਛੱਲੀ ਵਿੱਚੋਂ ਹਜ਼ਮ ਹੋ ਕੇ ਬੱਚੇ ਦੇ ਵਧਣ ਫੁੱਲਣ ਅਤੇ ਸਰੀਰ ਦੇ ਪੱਠਿਆਂ ਨੂੰ ਸਿਹਤਮੰਦ ਰੱਖਣ ਵਿੱਚ ਸਹਾਈ ਹੁੰਦਾ ਹੈ। ਭੁੰਨੀ ਛੱਲੀ ਜਾਂ ਪੌਪ ਕੌਰਨ ਵਿੱਚ ਵੀ ਫਾਸਫੋਰਸ ਦੀ ਮਾਤਰਾ ਓਨੀ ਹੀ ਰਹਿੰਦੀ ਹੈ।

ਛੱਲੀ ਵਿਚਲਾ ਮੈਗਨੀਸ਼ੀਅਮ ਦਿਲ ਦੇ ਰੋਗਾਂ ਅਤੇ ਹੋਰ ਵੀ ਕਈ ਕਰੌਨਿਕ ਬੀਮਾਰੀਆਂ ਤੋਂ ਬਚਾਓ ਕਰਦਾ ਹੈ। ਜ਼ਿੰਕ ਭਾਵੇਂ ਛੱਲੀ ਵਿੱਚ ਹੈ, ਪਰ ਇਹ ਵੀ ਫਾਈਟਿਕ ਏਸਿਡ ਸਦਕਾ ਸਰੀਰ ਅੰਦਰ ਜਜ਼ਬ ਨਹੀਂ ਹੁੰਦਾ। ਦਿਲ ਨੂੰ ਸਿਹਤਮੰਦ ਰੱਖਣ ਵਾਲਾ ਕੌਪਰ ਛੱਲੀ ਵਿੱਚੋਂ ਸਰੀਰ ਹਜ਼ਮ ਕਰ ਲੈਂਦਾ ਹੈ।

ਪੈਂਟੋਥੀਨਿਕ ਏਸਿਡ (ਵਿਟਾਮਿਨ ਬੀ 5), ਫੋਲਿਕ ਏਸਿਡ (ਵਿਟਾਮਿਨ ਬੀ 9), ਵਿਟਾਮਿਨ ਬੀ 6, ਨਾਇਆਸਿਨ, ਵਿਟਾਮਿਨ ਬੀ ਤਿੰਨ ਤੇ ਪੋਟਾਸ਼ੀਅਮ ਵੀ ਛੱਲੀ ਵਿੱਚ ਹਨ।

ਪੋਟਾਸ਼ੀਅਮ ਦਿਲ ਲਈ ਸਿਹਤਮੰਦ ਹੈ। ਛੱਲੀ ਵਿਚਲਾ ਵਿਟਾਮਿਨ ਬੀ ਤਿੰਨ ਸਰੀਰ ਉਦੋਂ ਹੀ ਹਜ਼ਮ ਕਰ ਸਕਦਾ ਹੈ ਜੇ ਛੱਲੀ ਉੱਤੇ ਨਿੰਬੂ ਲਾਇਆ ਗਿਆ ਹੋਵੇ।

ਮਿਨਰਲ ਜ਼ਿਆਦਾ ਉਦੋਂ ਹਜ਼ਮ ਹੁੰਦੇ ਹਨ ਜਦੋਂ ਪੌਪਕੌਰਨ ਬਣਾ ਕੇ ਖਾਧੇ ਜਾਣ।

**ਐਂਟੀਆਕਸੀਡੈਂਟ** :- ਇਕ ਖ਼ਾਸ ਗੱਲ ਮੱਕੀ ਵਿਚ ਇਹ ਹੈ ਕਿ ਕੁਦਰਤੀ ਤੌਰ ਉੱਤੇ ਐਂਟੀਆਕਸੀਡੈਂਟ ਹੋਰ ਤਰ੍ਹਾਂ ਦੇ ਅੰਨ ਨਾਲੋਂ ਇਸ ਵਿਚ ਸਭ ਤੋਂ ਵੱਧ ਹਨ।

1. ਫੈਰੂਲਿਕ ਏਸਿਡ ਮੱਕੀ ਵਿੱਚ ਕਣਕ, ਸੱਤੂ ਤੇ ਚੌਲਾਂ ਨਾਲੋਂ ਕਿਤੇ ਵੱਧ ਹੈ।
2. ਐਂਥੋਸਾਇਆਨਿਨ ਛੱਲੀ ਨੂੰ ਨੀਲਾ, ਜਾਮਨੀ ਤੇ ਲਾਲ ਰੰਗ ਦਿੰਦੇ ਹਨ।
3. ਜ਼ੀਜ਼ੈਂਥੀਨ ਅੱਖਾਂ ਨੂੰ ਸਿਹਤਮੰਦ ਰੱਖਣ ਵਿੱਚ ਸਹਾਈ ਹੁੰਦੇ ਹਨ।
4. ਲਿਊਟੀਨ ਕਾਫ਼ੀ ਮਾਤਰਾ ਵਿੱਚ ਛੱਲੀ ਵਿੱਚ ਹੈ ਜੋ ਅੱਖਾਂ ਨੂੰ ਨੀਲੀ ਲਾਈਟ ਦੇ ਮਾੜੇ ਅਸਰਾਂ ਤੋਂ ਬਚਾਉਂਦੀ ਹੈ।
5. **ਫਾਈਟਿਕ ਏਸਿਡ** :- ਇਸ ਦੇ ਹੋਣ ਨਾਲ ਜ਼ਿੰਕ ਅਤੇ ਲੋਹ ਕਣ ਨੂੰ ਹਜ਼ਮ ਕਰਨ ਵਿੱਚ ਦਿੱਕਤ ਆਉਂਦੀ ਹੈ।

ਇੱਕ ਨੁਕਤਾ ਬਹੁਤ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਹਰ ਤਰ੍ਹਾਂ ਦੇ ਅੰਨ੍ਹ ਨਾਲੋਂ ਸਭ ਤੋਂ ਵੱਧ ਉਹ ਐਂਟੀਆਕਸੀਡੈਂਟ ਮੱਕੀ ਵਿੱਚ ਹਨ ਜੋ ਅੱਖਾਂ ਲਈ ਸਿਹਤਮੰਦ ਹੁੰਦੇ ਹਨ।

**ਪੌਪ ਕੌਰਨ** :-

ਭਾਵੇਂ ਪੌਪ ਕੌਰਨ ਬਹੁਤ ਜ਼ਿਆਦਾ ਵਰਤੋਂ ਵਿਚ ਆ ਰਹੇ ਹਨ ਤੇ ਮਹਿੰਗੇ ਭਾਅ ਵਿਕ ਰਹੇ ਹਨ ਪਰ ਇਨ੍ਹਾਂ ਉੱਤੇ ਲਾਏ ਵਾਧੂ ਲੂਣ ਅਤੇ ਘਿਓ ਜਾਂ ਤੇਲ ਸਦਕਾ ਅਤੇ ਨਾਲ ਪੀਤੇ ਠੰਡੇ (ਕੋਲਡ ਡਰਿੰਕ) ਇਸ ਦੇ ਚੰਗੇ ਅਸਰਾਂ ਨੂੰ ਲਗਭਗ ਖ਼ਤਮ ਹੀ ਕਰ ਦਿੰਦੇ ਹਨ। ਇਸੇ ਲਈ ਘਰ ਵਿੱਚ ਪ੍ਰੈੱਸ਼ਰ ਕੁੱਕਰ ਜਾਂ ਏਅਰ ਫਰਾਇਰ ਵਿੱਚ ਬਿਨ੍ਹਾਂ ਤੇਲ ਜਾਂ ਘਿਓ ਦੇ, ਬਣਾ ਕੇ ਖਾਣੇ ਚਾਹੀਦੇ ਹਨ।

**ਅੱਖਾਂ ਲਈ :-**

ਮੱਕੀ ਵਿਚਲੇ ਭਾਰੀ ਮਾਤਰਾ ਵਿੱਚ ਲਿਊਟੀਨ ਤੇ ਜ਼ੀਜ਼ੈਂਥੀਨ ਸਦਕਾ ਮੈਕੂਲਰ ਡੀਜੈਨਰੇਸ਼ਨ ਅਤੇ ਚਿੱਟਾ ਮੋਤੀਆ ਰੋਕਿਆ ਜਾ ਸਕਦਾ ਹੈ। ਇਨ੍ਹਾਂ ਨੂੰ ਮੈਕੂਲਰ ਪਿਗਮੈਂਟ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਅੱਖ ਅੰਦਰਲੀ ਪਰਤ ਰੈਟੀਨਾ ਉੱਤੇ ਪਏ ਹੁੰਦੇ ਹਨ ਤੇ ਅੱਖਾਂ ਦੀ ਰੌਸ਼ਨੀ ਬਰਕਰਾਰ ਰਖਦੇ ਹਨ।

356 ਲੋਕਾਂ ਨੂੰ ਰੈਗੂਲਰ ਮੱਕੀ ਖੁਆਉਣ ਬਾਅਦ ਪਤਾ ਲੱਗਿਆ ਕਿ ਉਨ੍ਹਾਂ ਵਿੱਚ ਅੱਖ ਵਿਚਲੀ ਪਰਤ ਦਾ ਸੁੱਕਣਾ 43 ਫੀਸਦੀ ਘੱਟ ਗਿਆ।

**ਅੰਤੜੀਆਂ ਲਈ :-**

18 ਸਾਲਾਂ ਤੱਕ ਚੱਲੀ ਖੋਜ ਵਿੱਚ 47,228 ਬੰਦੇ ਸ਼ਾਮਲ ਕੀਤੇ ਗਏ ਜਿਨ੍ਹਾਂ ਨੂੰ ਰੋਜ਼ ਮੱਕੀ ਖੁਆਈ ਗਈ। ਇਨ੍ਹਾਂ ਵਿੱਚ ਅੰਤੜੀਆਂ ਦਾ ਰੋਗ- 'ਡਾਈਵਰਟੀਕੁਲੋਸਿਸ ਬੀਮਾਰੀ' 28 ਫੀਸਦੀ ਘੱਟ ਹੋ ਗਈ। ਇਸ ਬੀਮਾਰੀ ਵਿੱਚ ਅਫਾਰਾ, ਗੈਸ, ਟੱਟੀ ਵਿੱਚ ਲਹੂ ਆਦਿ ਵੇਖਣ ਨੂੰ ਮਿਲਦਾ ਹੈ।

**ਸ਼ੱਕਰ ਰੋਗੀਆਂ ਲਈ** :-

ਛੱਲੀ ਵਿਚਲੇ ਪੌਲੀਫਿਨੋਲ ਟਾਈਪ-2 ਸ਼ੱਕਰ ਰੋਗ ਤੋਂ ਬਚਾਉਂਦੇ ਹਨ ਕਿਉਂਕਿ ਛੱਲੀ ਕੋਲੈਸਟਰੋਲ ਘਟਾਉਂਦੀ ਹੈ।

ਇਰਾਨ ਦੇ ਯੂਨੀਵਰਸਿਟੀ ਔਫ ਮੈਡੀਕਲ ਸਾਈਂਸਿਸ ਵਿਚ ਹੋਈ ਖੋਜ ਰਾਹੀਂ ਪਤਾ ਲੱਗਿਆ ਕਿ ਛੱਲੀ ਵਿਚਲੇ ਪੌਲੀਫਿਨੋਲ ਲਹੂ ਵਿੱਚੋਂ ਸ਼ੱਕਰ ਦੀ ਮਾਤਰਾ ਘਟਾ ਦਿੰਦੇ ਹਨ ਅਤੇ ਇਨਸੂਲਿਨ ਵਧਾ ਦਿੰਦੇ ਹਨ।

**ਐਲਜ਼ੀਮਰ ਬੀਮਾਰੀ** :-

ਅੱਜ ਦੇ ਦਿਨ 5 ਕਰੋੜ ਲੋਕ ਇਸ ਬੀਮਾਰੀ ਤੋਂ ਪੀੜਤ ਹਨ ਤੇ ਸੰਨ 2030 ਤੱਕ ਇਹ ਗਿਣਤੀ 7.5 ਕਰੋੜ ਪਹੁੰਚ ਜਾਣ ਵਾਲੀ ਹੈ ਜਿਸ ਨਾਲ ਯਾਦਾਸ਼ਤ ਦੀ ਘਾਟ ਵਾਲੇ ਮਰੀਜ਼ ਚੁਫ਼ੇਰੇ ਦਿਸਣ ਲੱਗ ਪੈਣੇ ਹਨ। ਛੱਲੀ ਵਿਚਲਾ ਵਿਟਾਮਿਨ ਬੀ ਇਕ (ਥਾਇਆਮੀਨ) ਜਿੱਥੇ ਦਿਮਾਗ਼ ਨੂੰ ਤੰਦਰੁਸਤ ਰੱਖਦਾ ਹੈ ਉੱਥੇ ਐਸੀਟਾਈਲ ਕੋਲੀਨ ਬਣਾ ਦਿੰਦਾ ਹੈ ਜਿਸ ਨਾਲ ਯਾਦਾਸ਼ਤ ਤੇਜ਼ ਹੁੰਦੀ ਹੈ। ਰੋਜ਼ਾਨਾ 1.1 ਮਿਲੀਗ੍ਰਾਮ ਥਾਇਆਮੀਨ 18 ਸਾਲਾਂ ਤੋਂ ਘੱਟ ਉਮਰ ਵਿਚ ਚਾਹੀਦੀ ਹੁੰਦੀ ਹੈ। ਸੌ ਗ੍ਰਾਮ ਛੱਲੀ ਵਿਚ 0.3 ਮਿਲੀਗ੍ਰਾਮ ਥਾਇਆਮੀਨ ਹੁੰਦੀ ਹੈ।

**ਹੱਡੀਆਂ ਦੀ ਤਾਕਤ :-**

ਛੱਲੀ ਵਿਚਲਾ ਮੈਂਗਨੀਜ਼ ਹੱਡੀਆਂ ਨੂੰ ਸਿਹਤਮੰਦ ਰਖਦਾ ਹੈ ਤੇ ਸਰੀਰ ਨੂੰ ਤਾਕਤ ਬਖ਼ਸ਼ਦਾ ਹੈ। ਮੈਂਗਨੀਜ਼ ਦੀ ਕਮੀ ਨਾਲ ਹੱਡੀਆਂ ਕਮਜ਼ੋਰ ਹੁੰਦੀਆਂ ਹਨ, ਵਧਣਾ ਫੁੱਲਣਾ ਘੱਟ ਹੋ ਜਾਂਦਾ ਹੈ ਅਤੇ ਸ਼ੁਕਰਾਣੂਆਂ ਦੀ ਵੀ ਕਮੀ ਹੋ ਜਾਂਦੀ ਹੈ। ਛੱਲੀ (100 ਗ੍ਰਾਮ) ਵਿੱਚ 127 ਮਿਲੀਗ੍ਰਾਮ ਮੈਂਗਨੀਜ਼ ਹੁੰਦਾ ਹੈ।

**ਕਬਜ਼ ਠੀਕ ਹੋਣੀ** :-

ਛੱਲੀ ਵਿਚਲੇ ਫ਼ਾਈਬਰ ਸਦਕਾ ਕਬਜ਼ ਵੀ ਠੀਕ ਹੋ ਜਾਂਦੀ ਹੈ।

**ਵਾਲਾਂ ਲਈ :-**

ਕੌਰਨ ਤੇਲ ਸਿਰ ਉੱਤੇ ਰੋਜ਼ ਰਾਤ ਝੱਸਣ ਨਾਲ ਸਿਰ ਦੀ ਚਮੜੀ ਸਿਹਤਮੰਦ ਹੋ ਜਾਂਦੀ ਹੈ। ਇਸ ਵਿਚਲਾ ਵਿਟਾਮਿਨ ਸੀ, ਕੋਲਾਜਨ ਬਣਾਉਣ ਵਿੱਚ ਮਦਦ ਕਰਦਾ ਹੈ ਤੇ ਵਾਲਾਂ ਨੂੰ ਵੀ ਝੜਨ ਤੋਂ ਰੋਕਦਾ ਹੈ।

**ਕੋਲੈਸਟਰੋਲ ਘਟਾਉਣਾ** :-

ਇੱਕ ਖੋਜ ਵਿੱਚ 54 ਬੰਦਿਆਂ ਤੇ ਔਰਤਾਂ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਅੱਧਿਆਂ ਨੂੰ ਓਲਿਵ ਤੇਲ ਵਿੱਚ ਪਕਾਇਆ ਖਾਣਾ ਖਾਣ ਲਈ ਦਿੱਤਾ ਗਿਆ ਤੇ ਬਾਕੀਆਂ ਨੂੰ ਕੌਰਨ ਤੇਲ ਵਿਚਲਾ। ਨਤੀਜਿਆਂ ਵਿੱਚ ਪਤਾ ਲੱਗਿਆ ਕਿ ਐਲ.ਡੀ.ਐਲ. ਕੋਲੈਸਟਰੋਲ ਕੌਰਨ ਤੇਲ ਨਾਲ 11 ਫੀਸਦੀ ਘਟਿਆ ਜਦਕਿ ਓਲਿਵ ਤੇਲ ਨਾਲ ਸਿਰਫ਼ 3.5 ਫੀਸਦੀ।

**ਚਮੜੀ ਲਈ :**

ਛੱਲੀ ਵਿਚਲੇ ਲਾਈਕੋਪੀਨ ਅਤੇ ਵਿਟਾਮਿਨ ਸੀ ਕੋਲਾਜਨ ਮਜ਼ਬੂਤ ਕਰ ਕੇ ਚਮੜੀ ਦੀ ਲਚਕ ਬਰਕਰਾਰ ਰਖਦੇ ਹਨ ਅਤੇ ਝੁਰੜੀਆਂ ਪੈਣ ਤੋਂ ਰੋਕਦੇ ਹਨ। ਪ੍ਰੋਟੀਨ ਦੀ ਮਾਤਰਾ ਵੀ ਛੱਲੀ ਵਿੱਚ ਕਾਫ਼ੀ ਹੋਣ ਸਦਕਾ ਚਮੜੀ ਲਈ ਫ਼ਾਇਦੇਮੰਦ ਸਾਬਤ ਹੋ ਚੁੱਕੀ ਹੈ।



**ਭਰੂਣ ਲਈ** :-

ਛੱਲੀ ਵਿਚਲੇ ਥਾਇਆਮੀਨ ਤੇ ਪੈਂਟੋਥੀਨਿਕ ਏਸਿਡ ਜਿਥੇ ਜੱਚਾ ਲਈ ਫ਼ਾਇਦੇਮੰਦ ਹਨ ਉੱਥੇ ਭਰੂਣ ਦੇ ਦਿਮਾਗ਼ ਨੂੰ ਵੀ ਸਿਹਤਮੰਦ ਰੱਖਦੇ ਹਨ।

**ਕੁਝ ਮਾੜੇ ਅੰਸ਼** :-

1. ਮੱਕੀ ਵਿਚਲੇ ਫਾਈਟੇਟ ਖ਼ੁਰਾਕ ਵਿੱਚੋਂ ਲੋਹ ਕਣ ਅਤੇ ਜ਼ਿੰਕ ਹਜ਼ਮ ਨਹੀਂ ਹੋਣ ਦਿੰਦੇ। ਇਸੇ ਲਈ ਮੱਕੀ ਨੂੰ ਕੁੱਝ ਦੇਰ ਪਾਣੀ ਵਿੱਚ ਗੁੰਨ ਕੇ ਰੱਖਣ ਨਾਲ ਜਾਂ ਪੁੰਗਰ ਕੇ ਖਾਣ ਨਾਲ ਫਾਈਟੇਟ ਘਟਾਏ ਜਾ ਸਕਦੇ ਹਨ।

2. ਸਾਂਭ ਕੇ ਰੱਖੀਆਂ ਛੱਲੀਆਂ ਵਿੱਚ ਕਈ ਵਾਰ ਉੱਲੀ (ਮਾਈਕੋਟੌਕਸਿਨ) ਲੱਗ ਸਕਦੀ ਹੈ। ਜ਼ਿਆਦਾ ਮਾਤਰਾ ਵਿੱਚ ਇਹ ਖਾਂਦੇ ਰਹਿਣ ਨਾਲ ਮੌਤ ਹੋ ਸਕਦੀ ਹੈ। ਕੈਂਸਰ ਅਤੇ ਭਰੂਣ ਦੇ ਦਿਮਾਗ਼ ਦੇ ਨੁਕਸ ਵੀ ਵੇਖੇ ਜਾ ਸਕਦੇ ਹਨ। ਏਸੇ ਤਰ੍ਹਾਂ ਦੀ ਛੱਲੀ ਖਾਣ ਨਾਲ ਸੰਨ 2004 ਅਪ੍ਰੈਲ ਵਿੱਚ ਕੀਨੀਆ ਵਿੱਚ 125 ਬੰਦੇ ਮਰ ਗਏ ਸਨ।

ਇਹੀ ਕਾਰਨ ਹੈ ਕਿ ਮੱਕੀ ਦਾ ਠੀਕ ਢੰਗ ਤੇ ਸਹੀ ਥਾਂ ਉੱਤੇ ਸੁਕਾਇਆ ਜਾਣਾ ਚਾਹੀਦਾ ਹੈ ਤਾਂ ਜੋ ਇਸ ਵਿਚਲੀ ਨਮੀ ਸਦਕਾ ਇਸ ਨੂੰ ਉੱਲੀ ਨਾ ਲੱਗੇ।

3. **ਕਣਕ ਦੀ ਐਲਰਜੀ** :- ਆਮ ਤੌਰ ਉੱਤੇ ਕਣਕ ਦੀ ਐਲਰਜੀ ਵਾਲੇ ਮਰੀਜ਼ ਮੱਕੀ ਖਾ ਸਕਦੇ ਹੁੰਦੇ ਹਨ। ਕੁੱਝ ਜਣਿਆਂ ਵਿੱਚ ਮੱਕੀ ਤੋਂ ਵੀ ਤਗੜੀ ਐਲਰਜੀ ਵੇਖੀ ਗਈ ਹੈ। ਇਹ ਐਲਰਜੀ ਮੱਕੀ ਵਿਚਲੇ ਅੰਸ਼ 'ਜ਼ੀਨ' ਕਰ ਕੇ ਹੈ ਜੋ ਗਲਟਨ ਵਾਂਗ ਹੀ ਲੱਛਣ ਵਿਖਾ ਸਕਦਾ ਹੈ ਤੇ ਗਲਟਨ ਦੇ ਹੀ ਟੱਬਰ ਦਾ ਇੱਕ ਅੰਸ਼ ਹੈ। ਕਈ ਵਾਰ ਬਜ਼ਾਰੋਂ ਲਏ ਮੱਕੀ ਦੇ ਆਟੇ ਵਿੱਚ ਪਹਿਲਾਂ ਤੋਂ ਹੀ ਮੈਦਾ ਜਾਂ ਕਣਕ ਦਾ ਆਟਾ ਮਿਲਾਇਆ ਹੁੰਦਾ ਹੈ ਜਿਸ ਸਦਕਾ ਸੀਲੀਅਕ ਬੀਮਾਰੀ ਵਾਲੇ ਮਰੀਜ਼ਾਂ ਨੂੰ ਲੱਛਣ ਦਿੱਸਣ ਲੱਗ ਪੈਂਦੇ ਹਨ।

ਕੁੱਝ ਜਣਿਆਂ ਨੂੰ ਮੱਕੀ ਤੋਂ ਐਲਰਜੀ ਹੋ ਸਕਦੀ ਹੈ ਜਿਸ ਨਾਲ ਮੱਕੀ ਖਾਂਦਿਆਂ ਸਾਰ ਉਨ੍ਹਾਂ ਨੂੰ ਅਫ਼ਾਰਾ ਮਹਿਸੂਸ ਹੋਣ ਲੱਗ ਪੈਂਦਾ ਹੈ ਜਾਂ ਟੱਟੀਆਂ ਲੱਗ ਸਕਦੀਆਂ ਹਨ।

4. **ਕੌਰਨ ਸਿਰਪ** :-

ਇਹ ਖੰਡ ਤੋਂ ਵੀ ਵੱਧ ਖ਼ਤਰਨਾਕ ਹੈ। ਇਸ ਦੀ ਵਰਤੋਂ ਨਾਲ ਮੋਟਾਪਾ, ਦਿਲ ਦੇ ਰੋਗ, ਕੈਂਸਰ, ਫੈਟੀ ਜਿਗਰ (ਜਿਗਰ ਵਿੱਚ ਥਿੰਦਾ ਜੰਮਣਾ) ਸ਼ੱਕਰ ਰੋਗ ਤੇ ਹੋਰ ਕਈ ਤਰ੍ਹਾਂ ਦੇ ਮਾੜੇ ਰੋਗ ਹੋ ਸਕਦੇ ਹਨ। ਇਸ ਵਿੱਚ ਖ਼ੁਰਾਕੀ ਤੱਤ ਬਚਦੇ ਹੀ ਨਹੀਂ। ਸਿਰਫ਼ ਮਿੱਠਾ ਹੁੰਦਾ ਹੈ ਤੇ ਉਹ ਵੀ ਖੰਡ ਤੋਂ ਦੁਗਣਾ।

ਕੌਰਨ ਵਿੱਚੋਂ ਸਿਰਫ਼ ਇਹ ਵਾਲਾ ਮਿੱਠਾ ਕੱਢ ਕੇ ਉਸ ਨੂੰ ਸ਼ੇਕ, ਪੇਸਟਰੀਆਂ, ਕੇਕ, ਟਾਫੀਆਂ, ਆਈਸਕ੍ਰੀਮ ਆਦਿ ਵਿੱਚ ਵਰਤਿਆ ਜਾਂਦਾ ਹੈ। ਇਸ ਨਾਲ ਯੂਰਿਕ ਏਸਿਡ ਵੀ ਵੱਧ ਜਾਂਦਾ ਹੈ।

**ਹੋਰ ਕਿਸਮਾਂ** :-

ਮੱਕੀ ਦੇ ਫ਼ਾਇਦੇ ਵੇਖਦਿਆਂ ਦੁਨੀਆਂ ਭਰ ਵਿੱਚ ਇਸ ਨੂੰ ਭਾਰੀ ਮਾਤਰਾ ਵਿੱਚ ਉਗਾਉਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਇਕੱਲੇ ਅਮਰੀਕਾ ਵਿੱਚ 370 ਮਿਲੀਅਨ ਮੀਟਰਿਕ ਟਨ ਅਤੇ ਚੀਨ ਵਿੱਚ 271 ਮਿਲੀਅਨ ਮੀਟਰਿਕ ਟਨ ਛੱਲੀ ਉਗਾਈ ਜਾਂਦੀ ਹੈ।

**ਡੈਂਟ ਕੌਰਨ** :- ਜ਼ਿਆਦਾਤਰ ਅਮਰੀਕਾ ਵਿੱਚ ਜਾਨਵਰਾਂ ਲਈ ਉਗਾਇਆ ਜਾਂਦਾ ਹੈ।

**ਭਾਰਤੀ ਛੱਲੀ** : ਭਾਰਤੀ ਛੱਲੀ ਨੂੰ 'ਫਲਿੰਟ ਕੌਰਨ' ਕਿਹਾ ਜਾਂਦਾ ਹੈ ਜਿਸ ਵਿੱਚ ਘੱਟ ਕਾਰਬੋਹਾਈਡਰੇਟ ਹੁੰਦੇ ਹਨ। ਇਸ ਬਾਰੇ ਇਹ ਜਾਣਕਾਰੀ ਹਾਸਲ ਹੋਈ ਹੈ ਕਿ ਪਾਵਨੀ ਕਬੀਲੇ ਵਾਲੇ ਇਸ ਨੂੰ ਈਸਾ ਮਸੀਹ ਤੋਂ 1000 ਸਾਲ ਪਹਿਲਾਂ ਤੋਂ ਹੀ ਵਰਤਦੇ ਰਹੇ ਸਨ। ਇਸ ਨਾਲ ਲਹੂ ਦੀ ਕਮੀ ਠੀਕ ਹੋ ਜਾਂਦੀ ਹੈ ਕਿਉਂਕਿ ਇਸ ਵਿੱਚ ਲੋਹ ਕਣ, ਫੌਲਿਕ ਏਸਿਡ ਤੇ ਵਿਟਾਮਿਨ ਬੀ 6 ਹਨ।

ਸੌ ਗ੍ਰਾਮ ਛੱਲੀ ਵਿੱਚ 2.71 ਮਿਲੀਗ੍ਰਾਮ ਲੋਹ ਕਣ ਹਨ।

ਛੱਲੀ ਵਿਚਲਾ ਬੀਟਾ-ਕਰਿਪਟੋਜ਼ੈਂਥੀਨ ਫੇਫੜਿਆਂ ਦੇ ਕੈਂਸਰ ਨੂੰ ਹੋਣ ਤੋਂ ਰੋਕਦਾ ਹੈ। ਕੌਰਨ ਅੰਦਰਲਾ ਫਿਰੂਲਿਕ ਏਸਿਡ ਵੀ ਕੈਂਸਰ ਦੇ ਸੈੱਲਾਂ ਨੂੰ ਵਧਣ ਤੋਂ ਰੋਕਦਾ ਹੈ।

**ਟੂਨੀਕੇਟ ਮੱਕੀ ਜਾਂ ਪੌਡ ਕੌਰਨ** :- ਦੱਖਣੀ ਅਮਰੀਕਾ ਵਿੱਚ ਜੰਗਲੀ ਉੱਗੀ ਮੱਕੀ ਨੂੰ ਟੂਨੀਕੇਟ ਕਹਿੰਦੇ ਹਨ।

ਅੱਜ ਕਲ ਪੈਪਸੀ ਤੇ ਕੋਕਾ ਕੋਲਾ ਵਾਲੇ ਛੱਲੀ ਵਿੱਚੋਂ ਹੀ ਕੌਰਨ ਸਵੀਟਨਰ ਬਣਾ ਕੇ ਉਸ ਵਿੱਚ ਪਾ ਰਹੇ ਹਨ। ਅੱਜ ਦੇ ਦਿਨ ਦੁਨੀਆਂ ਭਰ ਵਿੱਚ ਛੱਲੀ ਤੋਂ ਲਗਭਗ 3500 ਵੱਖੋ ਵੱਖਰੀਆਂ ਚੀਜ਼ਾਂ ਬਣਾਈਆਂ ਜਾ ਰਹੀਆਂ ਹਨ।

ਗਰਮੀਆਂ ਵਿੱਚ ਲੱਗਦੀ ਛੱਲੀ ਬਹੁਤਾ ਪਾਣੀ ਨਹੀਂ ਮੰਗਦੀ। ਦੁਨੀਆਂ ਭਰ ਵਿੱਚ ਡਰਿਪ ਇਰੀਗੇਸ਼ਨ ਨਾਲ ਛੱਲੀਆਂ ਉਗਾਈਆਂ ਜਾ ਰਹੀਆਂ ਹਨ। ਲਗਭਗ ਇੱਕ ਇੰਚ ਪਾਣੀ ਹਰ ਹਫ਼ਤੇ ਸ਼ੁਰੂਆਤੀ ਸਮੇਂ ਵਿੱਚ ਚਾਹੀਦਾ ਹੁੰਦਾ ਹੈ।

ਜੇ ਪੰਜਾਬ ਵਿੱਚ ਛੱਲੀਆਂ ਲਾਉਣੀਆਂ ਵਧਾ ਕੇ, ਝੋਨਾ ਘਟਾ ਲਿਆ ਜਾਵੇ ਤਾਂ ਜਿਥੇ ਪਾਣੀ ਦੀ ਬਚਤ ਹੋ ਜਾਵੇਗੀ, ਉੱਥੇ ਪੰਜਾਬੀਆਂ ਦੀ ਸਿਹਤ ਵੀ ਵਧੀਆ ਹੋ ਜਾਵੇਗੀ।

-0-

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...




ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'

# ਖੇਤੀ ਵਿਚ ਰਸਾਇਣਾਂ ਦੀ ਵਰਤੋਂ ਅਤੇ ਇਨ੍ਹਾਂ ਦੇ ਪ੍ਰਭਾਵ

ਡਾ. ਐਸ.ਪੀ.ਐਸ ਬਰਾੜ # 99151-94104

ਕੋਈ ਸਮਾਂ ਸੀ ਪੰਜਾਬ ਦੀ ਧਰਤੀ ਨੂੰ ਉਪਜਾਊ, ਲੋਕਾਂ ਨੂੰ ਮਿਹਨਤੀ ਅਤੇ ਇੱਥੋਂ ਦੀ ਉਪਜ ਜਿਸ ਨੇ ਦੇਸ਼ ਦੇ ਲੋਕਾਂ ਦਾ ਢਿੱਡ ਭਰਿਆ, ਨੂੰ ਸਲਾਹਿਆ ਜਾਂਦਾ ਸੀ ਪਰ ਪਿਛਲੇ ਕੁੱਝ ਅਰਸੇ ਤੋਂ ਕੁੱਝ ਸਾਜਿਸ਼ੀ ਲੋਕਾਂ ਨੇ ਤੇ ਉਨ੍ਹਾਂ ਪਿੱਛੇ ਲੱਗ ਕੇ ਕੁੱਝ ਪੰਜਾਬੀਆਂ ਨੇ ਅਣਜਾਣਪੁਣੇ ਵਿੱਚ ਇਨ੍ਹਾਂ ਤਿੰਨਾਂ ਨੂੰ ਹੀ ਭੰਡਣਾ ਸ਼ੁਰੂ ਕੀਤਾ ਹੋਇਆ ਹੈ। ਇਹ ਲੋਕ ਜ਼ਮੀਨ ਨੂੰ ਬੰਜਰ ਹੋਣ ਦੇ ਕੰਢੇ ਦੱਸਦੇ ਹਨ। ਇੱਥੋਂ ਦੇ ਲੋਕਾਂ ਨੂੰ ਨਸ਼ੇੜੀ ਅਤੇ ਅਨਾਜ ਨੂੰ ਜ਼ਹਿਰਾਂ ਦੀ ਖੇਤੀ ਦੱਸਦੇ ਹਨ। ਇੱਥੋਂ ਤੱਕ ਕਿ ਕਈ ਡਾਕਟਰ ਜੋ ਦੱਸਦੇ ਤਾਂ ਆਪਣੇ ਆਪ ਨੂੰ ਪੰਜਾਬ ਹਿਤੈਸ਼ੀ ਹਨ ਪਰ ਬਹਿਸਾਂ ਵਿੱਚ ਇਨ੍ਹਾਂ ਮੁੱਦਿਆਂ ਦੇ ਪ੍ਰਚਾਰ ਵਿੱਚ ਕੋਈ ਕਸਰ ਨਹੀਂ ਛੱਡਦੇ। ਲੋਕ ਬਿਨਾਂ ਤੱਥਾਂ ਨੂੰ ਪਰਖਿਆਂ ਮੱਧ ਪ੍ਰਦੇਸ਼ (ਐਮਪੀ) ਦੀ ਕਣਕ ਦਾ ਆਟਾ ਮਹਿੰਗੇ ਭਾਅ ਵਰਤ ਰਹੇ ਹਨ। ਇਨ੍ਹਾਂ ਨੂੰ ਕਦੇ ਖ਼ਿਆਲ ਨਹੀਂ ਆਇਆ ਕਿ ਉਹ ਖੇਤੀਬਾੜੀ ਯੂਨੀਵਰਸਿਟੀ ਵਿੱਚ ਵੜ ਕੇ ਪੁੱਛ ਹੀ ਲੈਣ ਕਿ ਜਿਹੜੀ ਕਣਕ ਪੰਜਾਬ ਵਿੱਚ ਪੈਦਾ ਹੋ ਰਹੀ ਹੈ, ਉਸ ਵਿੱਚ ਕੀ ਕਮੀ ਹੈ ਤੇ ਐਮਪੀ ਵਾਲੀ ਵਿੱਚ ਕੀ ਖ਼ਾਸੀਅਤ ਹੈ।

**ਜ਼ਮੀਨ:** ਪੰਜਾਬ ਦੀ ਜ਼ਮੀਨ ਦਰਿਆਵਾਂ ਦੀ ਰੋੜ੍ਹ ਨਾਲ ਲਿਆਂਦੀ ਮਿੱਟੀ ਤੋਂ ਬਣੀ ਹੈ। ਇਸੇ ਕਰ ਕੇ ਕਿਤੇ ਰੇਤਲੀ ਅਤੇ ਕਿਤੇ ਮੈਰਾ ਹੈ। ਜਿੱਥੋਂ ਤੱਕ ਟੋਪੋਗ੍ਰਾਫੀ ਦਾ ਸਵਾਲ ਹੈ 1950-70 ਤੱਕ ਜ਼ਮੀਨਾਂ ਬਹੁਤੀਆਂ ਉੱਚੀਆਂ-ਨੀਵੀਆਂ ਸਨ। ਸਿਰਫ਼ ਮਾਝੇ ਅਤੇ ਦੁਆਬੇ ਦਾ ਹੀ ਕੁੱਝ ਇਲਾਕਾ ਪੱਧਰਾ ਸੀ ਜਿੱਥੇ ਸਿੰਜਾਈ ਦੇ ਸਾਧਨ ਪਹਿਲਾਂ ਆਏ। ਕੰਡੀ ਦਾ ਇਲਾਕਾ ਤਾਂ ਉੱਚਾ ਨੀਵਾਂ ਹੋਣਾ ਹੀ ਸੀ, ਮਾਲਵਾ ਵੀ ਸਾਰਾ ਟਿੱਬਿਆਂ ਨਾਲ ਭਰਿਆ ਪਿਆ ਸੀ। ਪੰਜਾਬ ਦੇ 42 ਲੱਖ ਹੈਕਟੇਅਰ ਵਾਹੀਯੋਗ ਰਕਬੇ ਵਿੱਚੋਂ ਕਰੀਬ ਸੱਤ ਲੱਖ ਹੈਕਟੇਅਰ ਸੇਮ ਅਤੇ ਕੱਲਰ ਵਾਲੀਆਂ ਜ਼ਮੀਨਾਂ ਸਨ। ਅੱਜ ਪੰਜਾਬ ਦੀ ਜ਼ਮੀਨ ਤੇ ਫ਼ਸਲ ਜੋ ਇਕਸਾਰ ਨਜ਼ਰ ਆਉਂਦੀ ਹੈ ਇਹ ਪੰਜਾਬੀਆਂ ਦੀ ਮਿਹਨਤ ਦਾ ਹੀ ਨਤੀਜਾ ਹੈ।

**ਉਪਜਾਊ ਸ਼ਕਤੀ:** ਜ਼ਮੀਨ ਰੇਤਲੀ ਮੈਰਾ ਹੋਣ ਕਰ ਕੇ ਕੁਦਰਤੀ ਉਪਜਾਊ ਸ਼ਕਤੀ ਘੱਟ ਹੈ। ਵੱਧ ਪੈਦਾਵਾਰ ਲੈਣ ਲਈ ਉਸ ਨੂੰ ਖ਼ੁਰਾਕ ਖਾਦਾਂ ਵਜੋਂ ਦੇਣੀ ਪੈਂਦੀ ਹੈ। ਜਾਨਵਰ ਤੋਂ ਵੀ ਬੱਚਾ ਲੈਣਾ ਹੋਵੇ ਤਾਂ ਪਹਿਲਾਂ ਉਸ ਨੂੰ ਖ਼ੁਰਾਕ ਚਾਰ ਕੇ ਉਸ ਕਾਬਿਲ ਬਣਾਉਣਾ ਪੈਂਦਾ ਹੈ। ਫ਼ਸਲਾਂ ਦੀ ਖ਼ੁਰਾਕ ਰੂੜੀ ਜਾਂ ਰਸਾਇਣਕ ਖਾਦਾਂ ਤੋਂ ਮਿਲਦੀ ਹੈ। ਰੂੜੀ ਫ਼ਸਲਾਂ, ਸਬਜ਼ੀਆਂ ਆਦਿ ਦੀ ਰਹਿੰਦ-ਖੂੰਹਦ ਅਤੇ ਜਾਨਵਰਾਂ ਦੇ ਗੋਹੇ ਤੋਂ ਬਣਦੀ ਹੈ ਜੋ ਫ਼ਸਲਾਂ ਦੀ ਸਾਰੀ ਖ਼ੁਰਾਕੀ ਲੋੜ ਪੂਰਾ ਨਹੀਂ ਕਰਦੀ। ਇਸ ਲਈ ਰਸਾਇਣਕ ਖਾਦਾਂ ਦੀ ਵਰਤੋਂ ਹੁੰਦੀ ਹੈ।

ਕੀ ਰਸਾਇਣਕ ਖਾਦਾਂ ਜ਼ਹਿਰਾਂ ਹਨ: ਰਸਾਇਣਕ ਖਾਦਾਂ ਫ਼ਸਲਾਂ ਦੇ ਵਾਧੇ ਲਈ ਜ਼ਰੂਰੀ ਤੱਤ ਹਨ, ਜ਼ਹਿਰ ਨਹੀਂ। ਅਸੀਂ ਕਣਕ-ਝੋਨੇ ਨੂੰ ਮੁੱਖ ਤੌਰ ‘ਤੇ ਦੋ ਖਾਦਾਂ ਯੂਰੀਆ ਤੇ ਡੀਏਪੀ ਅਤੇ ਥੋੜ੍ਹੀ ਮਾਤਰਾ ਵਿੱਚ ਜ਼ਿੰਕ ਪਾਉਂਦੇ ਹਾਂ। ਰੇਤਲੀਆਂ ਜ਼ਮੀਨਾਂ ਵਿੱਚ ਝੋਨੇ ‘ਤੇ ਫੈਰੇਸ ਸਲਫੇਟ (ਲੋਹੇ ਦੀ ਘਾਟ) ਅਤੇ ਕਣਕ ਨੂੰ ਮੈਗਨੀਜ਼ ਸਲਫੇਟ (ਮੈਗਨੀਜ਼ ਦੀ ਘਾਟ ਲਈ) ਸਪਰੇਅ ਕਰਦੇ ਹਾਂ। ਯੂਰੀਆ ਵਿੱਚ ਨਾਈਟ੍ਰੋਜਨ, ਹਾਈਡ੍ਰੋਜਨ, ਕਾਰਬਨ ਤੇ ਆਕਸੀਜਨ ਹਨ। ਯੂਰੀਆ ਪਾਉਣ ‘ਤੇ ਪਹਿਲਾਂ ਅਮੋਨੀਅਮ ਅਤੇ ਫਿਰ ਨਾਈਟ੍ਰੇਟ ਬਣ ਕੇ ਨਾਈਟ੍ਰੋਜਨ ਬੂਟੇ ਅੰਦਰ ਚਲੀ ਜਾਂਦੀ ਹੈ। ਇਸ ਤੋਂ ਅੱਗੇ ਪ੍ਰੋਟੀਨ ਬਣਦੀ ਹੈ। ਬਾਕੀ ਦਾ ਹਿੱਸਾ (ਪਾਣੀ ਅਤੇ ਕਾਰਬਨ ਡਾਇਕਸਾਈਡ) ਬਣ ਕੇ ਫਿਰ ਵਾਯੂਮੰਡਲ ਵਿੱਚ ਚਲਾ ਜਾਂਦਾ ਹੈ। ਜੋ ਯੂਰੀਆ ਅਸੀਂ ਪਾਉਂਦੇ ਹਾਂ ਉਸ ਦਾ 80 ਫ਼ੀਸਦੀ ਤੋਂ ਵੱਧ ਅਸੀਂ ਫ਼ਸਲ ਰਾਹੀਂ ਕੱਢ ਲੈਂਦੇ ਹਾਂ ਬਾਕੀ ਗੈਸ ਬਣ ਕੇ ਹਵਾ ਵਿੱਚ ਚਲੀ ਜਾਂਦੀ ਹੈ ਜਿੱਥੇ ਪਹਿਲਾਂ ਹੀ 79 ਫ਼ੀਸਦੀ ਨਾਈਟ੍ਰੋਜਨ ਹੈ, ਫਿਰ ਜ਼ਮੀਨ ਵਿੱਚ ਜ਼ਹਿਰ ਕਿੱਥੇ ਰਹਿ ਗਈ। ਦੂਜੀ ਖਾਦ ਹੈ ਡੀਏਪੀ, ਇਸ ਵਿੱਚ ਦੋ ਤੱਤ ਹਨ ਅਮੋਨੀਅਮ ਅਤੇ ਫਾਸਫੇਟ। ਇਹ ਜਦੋਂ ਖੇਤ ਵਿੱਚ ਪਾਈ ਜਾਂਦੀ ਹੈ ਤਾਂ ਪਾਣੀ ਵਿੱਚ ਘੁਲ ਕੇ ਅਮੋਨੀਅਮ ਅਤੇ ਫਾਸਫੇਟ ਅੱਡ-ਅੱਡ ਹੋ ਜਾਂਦੇ ਹਨ। ਅਮੋਨੀਅਮ ਯੂਰੀਆ ਦੀ ਨਾਈਟ੍ਰੋਜਨ ਦੀ ਤਰ੍ਹਾਂ ਵਰਤਿਆ ਜਾਂਦਾ ਹੈ ਅਤੇ ਫਾਸਫੋਰਸ ਵੀ ਜੜ੍ਹਾਂ ਰਾਹੀਂ ਬੂਟੇ ਅੰਦਰ ਜਾ ਕੇ ਮੈਟਾਬੋਲਿਜਮ ਵਿੱਚ ਸਹਾਈ ਹੁੰਦਾ ਹੈ। ਫਾਸਫੋਰਸ ਸਾਡੀ ਸਿਹਤ ਲਈ ਜ਼ਰੂਰੀ ਹੈ, ਹੱਡੀਆਂ ਕੈਲਸ਼ੀਅਮ ਫਾਸਫੇਟ ਹੀ ਤਾਂ ਹਨ। ਜਿੰਨੀ ਫਾਸਫੇਟ ਖਾਦ ਅਸੀਂ ਦੋਵੇਂ ਫ਼ਸਲਾਂ ਨੂੰ ਪਾਉਂਦੇ ਹਾਂ ਤਕਰੀਬਨ ਉਨੀ ਹੀ ਕੱਢ ਲੈਂਦੇ ਹਾਂ। ਜੇ ਕੋਈ ਜ਼ਿਆਦਾ ਪਾਉਣ ਨਾਲ ਬਚ ਵੀ ਜਾਵੇ ਤਾਂ ਉਹ ਜ਼ਮੀਨ ਵਿਚਲੇ ਕੈਲਸ਼ੀਅਮ ਫਾਸਫੇਟ ਦਾ ਹਿੱਸਾ ਬਣ ਜਾਂਦਾ ਹੈ ਜਿਸ ਵਿੱਚ ਕੋਈ ਜ਼ਹਿਰੀਲਾ ਮਾਦਾ ਨਹੀਂ ਹੁੰਦਾ। ਜ਼ਿੰਕ ਵੀ ਮਨੁੱਖੀ ਸਿਹਤ ਲਈ ਜ਼ਰੂਰੀ ਤੱਤ ਹੈ। ਡਾਕਟਰ ਵੀ ਬੀਕਾਸੂਲ ਜ਼ੈਡ ਦੇ ਕੈਪਸੂਲ ਸਿਫ਼ਾਰਸ਼ ਕਰਦੇ ਹਨ। ਤਰੱਕੀ ਯਾਫਤਾ ਦੇਸ਼ਾਂ ਵਿੱਚ ਘੱਟ ਜ਼ਿੰਕ ਕੁਪੋਸ਼ਣ ਦਾ ਵਿਸ਼ਾ ਬਣਿਆ ਹੋਇਆ ਹੈ। ਖ਼ਾਸਕਰ ਉਨ੍ਹਾਂ ਇਲਾਕਿਆਂ ਵਿੱਚ ਜਿੱਥੇ ਲੋਕ ਚੌਲ ਜ਼ਿਆਦਾ ਖਾਂਦੇ ਹਨ ਪਰ ਸਾਡੇ ਪੈਦਾ ਕੀਤੇ ਕਣਕ ਅਤੇ ਚੌਲ ਦੋਵਾਂ ਵਿੱਚ ਹੀ ਜ਼ਿੰਕ ਦੀ ਘਾਟ ਨਹੀਂ। ਜਿਹੜਾ ਜ਼ਿੰਕ ਸਲਫੇਟ ਫਾਲਤੂ ਜ਼ਮੀਨ ਵਿੱਚ ਬਚਦਾ ਹੈ, ਜ਼ਮੀਨ ਦੇ ਖਣਿਜਾਂ ਦਾ ਹਿੱਸਾ ਬਣ ਜਾਂਦਾ ਹੈ ਭਾਵ ਬਹੁਤ ਘੱਟ ਘੁਲਣਸ਼ੀਲ ਰਹਿੰਦਾ ਹੈ ਤੇ ਉਸ ਦਾ ਜ਼ਮੀਨ ਦੀ ਸਿਹਤ ‘ਤੇ ਕੋਈ ਨੁਕਸਾਨ ਨਹੀਂ ਹੁੰਦਾ। ਫੈਰਸ ਸਲਫੇਟ ਅਤੇ ਮੈਗਨੀਜ਼ ਸਲਫੇਟ ਤਾਂ ਫ਼ਸਲ ਵਿੱਚ ਘਾਟ ਦੂਰ ਕਰਨ ਲਈ ਹੀ ਸਪਰੇਅ ਕੀਤੇ ਜਾਂਦੇ ਹਨ। ਕੋਈ ਵੀ ਰਸਾਇਣਕ ਖਾਦ ਖੇਤ ਵਿੱਚ ਜ਼ਹਿਰ ਨਹੀਂ ਛੱਡ ਕੇ ਜਾਂਦੀ। ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ਸ਼ੁਦਾ ਰਸਾਇਣਕ ਖਾਦਾਂ ਨਾਲ ਫ਼ਸਲ ਚੰਗੀ ਹੋਈ ਹੈ। ਚੰਗੀ ਫ਼ਸਲ ਦੀਆਂ ਜੜ੍ਹਾਂ ਤੇ ਹੋਰ ਰਹਿੰਦ-ਖੂੰਹਦ ਵੀ ਵੱਧ ਹੋਵੇਗਾ ਜਿਸ ਨਾਲ ਜ਼ਮੀਨ ਵਿੱਚ ਜੀਵਕ ਮਾਦਾ ਵਧਿਆ ਹੈ। ਜੀਵਕ ਮਾਦਾ ਵਧਣ ਦਾ ਮਤਲਬ ਜ਼ਮੀਨ ਦੀ ਉਪਜਾਊ ਸ਼ਕਤੀ ਤੇ ਉਸ ਦੀ ਬਫਰਿੰਗ ਸਮਰੱਥਾ ਵੀ ਵਧੀ ਭਾਵ ਜਿਹੜੇ ਰਸਾਇਣ ਨਦੀਨਨਾਸ਼ਕ ਜਾਂ ਕੀਟਨਾਸ਼ਕ ਜ਼ਮੀਨ ਉੱਪਰ ਡਿੱਗਦੇ ਹਨ, ਉਨ੍ਹਾਂ ਨੂੰ ਆਪਣੀ ਪਕੜ ਵਿੱਚ ਲਿਆਉਂਦੀ ਹੈ ਤੇ ਹੇਠਾਂ ਵੱਲ ਜਾਣ ਤੋਂ ਰੋਕਦੀ ਹੈ। ਜਿੱਥੇ ਜੀਵਕ ਮਾਦਾ ਜ਼ਿਆਦਾ ਹੋਵੇਗਾ, ਉੱਥੇ ਮਾਈਕਰੋਬਸ (ਬੈਕਟੀਰੀਆ, ਉੱਲੀ ਤੇ ਐਕਟੀਨੋਪਾਈਸਟੀਸ) ਵੀ ਵੱਧ ਹੋਣਗੇ ਜਿਹੜੇ ਬਚੇ-ਖੁਚੇ ਨਦੀਨਨਾਸ਼ਕਾਂ ਜਾਂ ਕੀਟਨਾਸ਼ਕਾਂ ਨੂੰ ਤੋੜ ਕੇ ਵੱਖ-ਵੱਖ ਕਰ ਕੇ ਉਸ ਨੂੰ ਐਲੀਮੈਂਟਲ ਸ਼ਕਲ ‘ਚ ਬਦਲਦੇ ਹਨ ਤੇ ਜ਼ਹਿਰੀਲਾ ਮਾਦਾ ਖ਼ਤਮ ਹੋ ਜਾਂਦਾ ਹੈ। ਜਿੰਨੀਆਂ ਖਾਦਾਂ ਦਾ ਜ਼ਿਕਰ ਕੀਤਾ ਗਿਆ ਹੈ, ਸਿਰਫ਼ ਨਾਈਟ੍ਰੋਜਨ ਨੂੰ ਛੱਡ ਕੇ ਕੋਈ ਵੀ ਜ਼ਮੀਨ ‘ਚ ਪਾਣੀ ਨਾਲ ਹਲ ਦੀ ਵਾਹ ਤੋਂ ਹੇਠਾਂ ਨਹੀਂ ਜਾਂਦੀ। ਨਾਈਟ੍ਰੋਜਨ ਵਾਲੀ ਖਾਦ ਨਾਈਟ੍ਰੇਟ ਦੇ ਰੂਪ ਵਿੱਚ ਪਾਣੀ ਲਾਉਣ ਨਾਲ ਹੇਠਾਂ ਜਾਂਦੀ ਹੈ। ਪਾਣੀ ਉੱਪਰੋਂ ਸੁੱਕਣ ‘ਤੇ ਜਦੋਂ ਸਿੱਲ ਉੱਪਰ ਨੂੰ ਆਉਂਦੀ ਹੈ ਤਾਂ ਇਹ ਵੀ ਉੱਪਰ ਆ ਜਾਂਦੀ ਹੈ।

**ਨਦੀਨਨਾਸ਼ਕ:** ਜਿਹੜੇ ਵੀ ਨਦੀਨਨਾਸ਼ਕ ਪੰਜਾਬ ਵਿੱਚ ਵਰਤੇ ਜਾਂਦੇ ਹਨ, ਸਾਰੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਜਾਂਚ ਕਰ ਕੇ ਸਿਫ਼ਾਰਸ਼ ਕੀਤੇ ਜਾਂਦੇ ਹਨ। ਇਹ ਸਾਰੇ ਹੀ ਬਾਇਓਡੀਗਰੇਡੇਬਲ ਹਨ, ਇਸ ਦਾ ਮਤਲਬ ਇਸ ਨੂੰ ਛੋਟੇ ਜੀਵ ਜੰਤੂ (ਬੈਕਟੀਰੀਆ, ਉੱਲੀ, ਐਕਟੀਨੋਮਾਈਸਟੀਸ) ਆਦਿ ਤੋੜ ਦਿੰਦੇ ਹਨ। ਇਨ੍ਹਾਂ ਦੀ ਨਦੀਨਾਂ ਦੀ ਨਾਸ਼ ਕਰਨ ਦੀ ਸ਼ਕਤੀ ਥੋੜ੍ਹਾ ਸਮਾਂ ਹੀ ਰਹਿੰਦੀ ਹੈ। ਭਾਵ ਕਿ ਜਿਹੜੀ ਫ਼ਸਲ ਖਾਣ ਲਈ ਵਰਤਣੀ ਹੈ, ਉਸ ’ਤੇ ਤਾਂ ਨਦੀਨਨਾਸ਼ਕ ਦਾ ਅਸਰ ਹੈ ਨਹੀਂ ਤੇ ਅਗਲੀ ਫ਼ਸਲ ਤਕ ਰਹਿੰਦਾ ਨਹੀਂ।

**ਕੀਟਨਾਸ਼ਕ:** ਬਿਮਾਰੀ ਜਾਂ ਕੀੜਿਆਂ ਲਈ ਜਿਹੜੀ ਵੀ ਜ਼ਹਿਰ ਸਪਰੇਅ ਕੀਤੀ ਜਾਂਦੀ ਹੈ, ਉਹ ਵੀ ਖੇਤੀਬਾੜੀ ‘ਵਰਸਿਟੀ ਤੋਂ ਪ੍ਰਮਾਣਿਤ ਹੁੰਦੀ ਹੈ। ਇਹ ਵੀ ਸਾਰੀਆਂ ਹੀ ਬਾਇਓਡੀਗਰੇਡੇਬਲ ਹਨ। ਕੁੱਝ ਸਮੇਂ ਬਾਅਦ ਇਨ੍ਹਾਂ ਦਾ ਜ਼ਹਿਰੀਲਾਪਣ ਖ਼ਤਮ ਹੋ ਜਾਂਦਾ ਹੈ। ਕੀੜਿਆਂ ਦਾ ਜ਼ਿਆਦਾ ਹਮਲਾ ਬਾਸਮਤੀ ਦੀ ਫ਼ਸਲ ‘ਤੇ ਹੋਣ ਦੀ ਸੰਭਾਵਨਾ ਹੈ ਹੁੰਦੀ ਕਿਉਂਕਿ ਝੋਨੇ ਦੀ ਕਟਾਈ ਪਿੱਛੋਂ ਬਾਸਮਤੀ ਖੇਤ ਵਿੱਚ ਖੜ੍ਹੀ ਹੁੰਦੀ ਹੈ। ਜੇ ਬਾਸਮਤੀ ਅਮਰੀਕਾ ਤੱਕ ਪਹੁੰਚ ਗਈ ਤਾਂ ਇਸ ਦਾ ਮਤਲਬ ਇਸ ਵਿੱਚ ਜ਼ਹਿਰੀਲਾ ਮਾਦਾ ਨਹੀਂ ਹੈ।

**ਸਮੱਸਿਆ ਕਿੱਥੇ ਹੈ:** ਸਮੱਸਿਆ ਹੈ ਸਾਡੇ ਪੀਣ ਵਾਲੇ ਪਾਣੀ ਵਿੱਚ ਜਿਹੜਾ ਸ਼ਹਿਰਾਂ ਦੇ ਸੀਵਰ ਤੇ ਸਨਅਤ ਨੇ ਖ਼ਰਾਬ ਕੀਤਾ ਹੈ। ਅੱਜ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ 29 ਫ਼ੀਸਦੀ ਨਮੂਨਿਆਂ ਵਿੱਚ ਯੂਰੇਨੀਅਮ 30 ਪੀਪੀਬੀ ਤੋਂ ਵੱਧ ਪਾਇਆ ਗਿਆ ਜੋ ਭਾਰੀ ਧਾਤ ਹੈ। ਇਹ ਸਿਹਤ ਲਈ ਹਾਨੀਕਾਰਕ ਹੈ। ਸਮੱਸਿਆ ਸਾਡੀ ਐਂਟੀਬਾਇਟਿਕ ਦੀ ਵਰਤੋਂ ਵਿੱਚ ਹੈ। ਕਦੇ ਇਨ੍ਹਾਂ ਦੀ ਗੁਣਵੱਤਾ ਨੂੰ ਜਾਂਚਿਆ ਹੀ ਨਹੀਂ ਜਾਂਦਾ। ਸਮੱਸਿਆ ਸਾਡੇ ਪ੍ਰਾਸੈਸਡ ਫੂਡ ਵਿੱਚ ਵੀ ਹੈ ਜਿਨ੍ਹਾਂ ’ਚ ਲੰਬੇ ਸਮੇਂ ਲਈ ਸੁਰੱਖਿਅਤ ਰੱਖਣ ਲਈ ਰਸਾਇਣ ਪਾਏ ਜਾਂਦੇ ਹਨ। ਇਨ੍ਹਾਂ ਤੋਂ ਧਿਆਨ ਹਟਾਉਣ ਲਈ ਸਾਰਾ ਦੋਸ਼ ਕਿਸਾਨੀ ਸਿਰ ਮੜ੍ਹਿਆ ਜਾ ਰਿਹਾ ਹੈ।-0-

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 368:** ਲੁਧਿਆਣਾ ਵਾਸੀ, ਅਰੋੜਾ ਸਿੱਖ, ਜਨਮ ਮਿਤੀ 07-09-1992, ਕੱਦ, 5'-11", (Well Established Chartered Accountant ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਅਤੇ ਸੁਘੜ (ਦਾਜ ਰਹਿਤ) ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ। ਸੰਪਰਕ: 98151-22379, 95010-19163

**ਫਾਰਮ ਨੰ. 369:** ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370:** ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803 -0-

## ਲਾੜੇ ਦੀ ਲੋੜ

**ਫਾਰਮ ਨੰ. 344:** ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 374:** ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

# ਸਤੰਬਰ ਮਹੀਨੇ ਦੀਆਂ ਸਰਗਰਮੀਆਂ

**ਮਾਝਾ:- 1. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਹਫਤਾਵਾਰੀ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਝਬਾਲ ਵਿਖੇ ਅੰਮ੍ਰਿਤ ਵੇਲੇ ਦੇ ਦੀਵਾਨਾਂ ਵਿੱਚ 3 ਦਿਨ ਹਾਜ਼ਰੀ ਭਰੀ ਗਈ। ਸਕੂਲ ਅਤੇ ਗੁਰਮਤਿ ਕਲਾਸ ਦੇ ਬੱਚਿਆਂ ਨਾਲ ਇਤਿਹਾਸਕ ਵੀਚਾਰਾਂ ਦੀ ਸਾਂਝ ਪਾਈ ਗਈ।

**2. ਪਰਿੰਗੜੀ (ਤਰਨਤਾਰਨ) (79731-15345)-** ਕੇਂਦਰ ਦੇ ਪ੍ਰਚਾਰਕ ਭਾਈ ਮੰਗਲਜੀਤ ਸਿੰਘ ਜੀ ਵਲੋਂ ਸ਼ਨੀਵਾਰ, ਐਤਵਾਰ, ਸੋਮਵਾਰ, ਮੰਗਲਵਾਰ ਅਤੇ ਬੁੱਧਵਾਰ ਨੂੰ ਪਿੰਡ ਪਰਿੰਗੜੀ ਵਿਖੇ ਸ਼ਾਮ ਨੂੰ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ। ਵੀਰਵਾਰ ਅਤੇ ਸ਼ੁੱਕਰਵਾਰ ਨੂੰ ਪਿੰਡ ਕੋਟਦਾਤਾ ਵਿਖੇ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ। ਸ਼ੁੱਕਰਵਾਰ ਨੂੰ ਸਵੇਰੇ ਸ.ਸ.ਸ.ਸ. ਹਰੀ ਸਿੰਘ ਸਕੂਲ ਨੰਦਪੁਰ ਵਿਖੇ ਕਲਾਸਾਂ ਲਗਾਈਆਂ ਜਾਂਦੀਆਂ ਹਨ। ਐਤਵਾਰ ਨੂੰ ਰੂੜੇ ਆਸਲ ਵਿਖੇ ਕਲਾਸ ਲਗਾਈ ਜਾਂਦੀ ਹੈ। 2 ਬੱਚੇ ਸਹਿਜ ਪਾਠ ਕਰ ਰਹੇ ਹਨ।

**ਮਾਲਵਾ:- 3. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 9 ਸਤੰਬਰ ਨੂੰ ਪਿੰਡ ਲਤਾਲਾ ਵਿਖੇ ਸਮਾਗਮ ਕਰਵਾਇਆ ਗਿਆ, ਗੁਰਮਤਿ ਕਲਾਸ ਦੇ ਵਿਦਿਆਰਥੀਆਂ ਨੇ ਕਵਿਤਾਵਾਂ, ਕਵੀਸ਼ਰੀ ਅਤੇ ਲੈਕਚਰ ਦੁਆਰਾ ਸਾਂਝ ਪਾਈ, ਸੰਗਤਾਂ ਨਾਲ ਕੁਝ ਸਮਾਂ ਵਿਚਾਰ ਸਾਂਝੇ ਕੀਤੇ। ਹਾਈ ਸਕੂਲ ਰੰਗੂਵਾਲ, ਮਿਡਲ ਸਕੂਲ ਲਤਾਲਾ, ਸਰਕਾਰੀ ਸਕੂਲ ਕਾਲਖ ਦੇ ਵਿਦਿਆਰਥੀਆਂ ਨੂੰ ਕਿਤਾਬਾਂ ਵੰਡੀਆਂ ਗਈਆਂ। ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਿਤ ਪਬਲਿਕ ਲਾਇਬ੍ਰੇਰੀ ਪਿੰਡ ਕਾਲਖ ਵਿਖੇ ਲਿਖਤੀ ਪੇਪਰ ਲਿਆ ਗਿਆ। ਪੁਜੀਸ਼ਨਾਂ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਦਾ ਸਮਾਨ ਦੇ ਕੇ ਸਨਮਾਨਿਤ ਕੀਤਾ ਗਿਆ।

**4. ਖਨਾਲ ਖੁਰਦ (62390-80242)-** ਕੇਂਦਰ ਦੇ ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ ਸਵੇਰੇ ਨਿਤਨੇਮ ਅਤੇ ਹਰ ਰੋਜ਼ ਲੜੀਵਾਰ ਕਥਾ ਵੀਚਾਰ ਕੀਤੀ ਜਾਂਦੀ ਹੈ। ਹਰ ਰੋਜ਼ 10 ਵਜੇ ਤੋਂ 12 ਵਜੇ ਤੱਕ ਮਾਤਾਵਾਂ ਦੀ ਕਲਾਸ ਲਗਾਈ ਜਾਂਦੀ ਹੈ। ਸ਼ਾਮ ਨੂੰ 7.30 ਵਜੇ ਤੋਂ 8.30 ਵਜੇ ਤੱਕ ਵੀਰਾਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 4 ਵਜੇ ਤੋਂ 5.30 ਵਜੇ ਤੱਕ ਬੱਚਿਆਂ ਦੀ ਕਲਾਸ ਲਗਾਈ ਜਾਂਦੀ ਹੈ। 60 ਬੱਚੇ ਸਹਿਜ ਪਾਠ ਕਰ ਰਹੇ ਹਨ।

**5. ਗੁੱਜਰਵਾਲ (94655-66666)-**ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ ਆਦਰਸ਼ ਸਕੂਲ ਡੇਹਲੋਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੇਹਲੋਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿਲ੍ਹਾ ਰਾਇਪੁਰ, ਜੀ. ਐਚ. ਜੀ. ਮੰਡੀ ਅਹਿਮਦਗੜ, ਪ੍ਰੀਤ ਗੋਬਿੰਦ ਸਕੂਲ ਜੋਧਾਂ, ਅਜੀਤਸਰ ਸਕੂਲ ਮੋਹੀ, ਡਾ: ਭਰਪੂਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਵਿੱਚ ਪੰਦਰਾਂ ਦਿਨਾਂ ਬਾਅਦ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। 20 ਬੱਚੇ ਸਹਿਜ ਪਾਠ ਕਰ ਰਹੇ ਹਨ।

**6. ਵਜੀਰ ਕੇ ਖੁਰਦ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਲਖਵਿੰਦਰ ਸਿੰਘ ਵਲੋਂ ਸਵੇਰੇ ਸ਼ਾਮ ਦਾ ਨਿਤਨੇਮ ਅਤੇ ਹਰ ਰੋਜ਼ ਕਥਾ ਵੀਚਾਰ ਕੀਤੀ ਜਾਂਦੀ ਹੈ। ਹਰ ਐਤਵਾਰ ਸਵੇਰੇ ਨਿਤਨੇਮ ਦੀਆਂ ਬਾਣੀਆਂ ਤੋਂ ਬਾਅਦ ਆਸਾ ਦੀ ਵਾਰ ਬਾਣੀ ਦਾ ਪਾਠ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਮਨਾਇਆ ਗਿਆ ਅਤੇ ਸੰਗਤ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ।

**7. ਕੁਲਾਰ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ ਰੋਜ਼ਾਨਾ ਅੰਮ੍ਰਿਤ ਵੇਲੇ ਸ਼ਬਦ ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਸਵੇਰੇ ਸੰਗਤ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਹਰ ਐਤਵਾਰ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਵੱਖ-ਵੱਖ ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵਿਚਾਰਾਂ ਕੀਤੀਆਂ ਗਈਆਂ।

**8. ਚੁੱਪ ਕੀਤੀ (98777-94586)-** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 5 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 30 ਬੱਚੇ ਸਹਿਜ ਪਾਠ ਕਰ ਰਹੇ ਹਨ, 2 ਬੱਚਿਆਂ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤੇ ਹਨ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਦੁਆਬਾ:- 9. ਮੋਹਨਵਾਲ (9815107941) -** ਪ੍ਰਚਾਰਕ ਭਾਈ ਸਤਿਨਾਮ ਸਿੰਘ ਵਲੋਂ ਗੁਰਦੁਆਰਾ ਪ੍ਰਚਾਰ ਕੇਂਦਰ ਮੋਹਨਵਾਲ, ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ/ਪ੍ਰਚਾਰਕ ਦੀ ਸੇਵਾ ਨਿਭਾਈ ਜਾ ਰਹੀ ਹੈ। ਰੋਜ਼ਾਨਾ ਸਵੇਰੇ ਸ਼ਾਮ ਨਿਤਨੇਮ ਤੋਂ ਇਲਾਵਾ ਆਸਾ ਦੀ ਵਾਰ ਗੁਰਬਾਣੀ ਕਥਾ-ਵੀਚਾਰ ਲੜੀਵਾਰ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਰੋਜ਼ਾਨਾ ਸ਼ਾਮ ਨੂੰ ਬੀਬੀਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਸ਼ੁਰੂ ਕੀਤੀ ਗਈ ਹੈ। ਪਿੰਡ ਬੁਗਵਾਂਈ ਅਤੇ ਪਿੰਡ ਮੋਹਨਵਾਲ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਦੇ ਸਹਿਯੋਗ ਨਾਲ ਹਰ ਮਹੀਨੇ ਕੇਂਦਰ ਦੇ ਵੱਖ-ਵੱਖ ਪਿੰਡਾਂ ਦੇ ਬੱਚਿਆਂ ਨੂੰ ਵਜੀਫੇ ਵੰਡੇ ਜਾ ਰਹੇ ਹਨ। ਪਿੰਡ ਕਾਲੇਵਾਲ ਵਿਖੇ ਹੋਏ ਸਮਾਗਮਾਂ ਵਿੱਚ ਕਥਾ-ਵੀਚਾਰਾਂ ਕੀਤੀਆਂ ਗਈਆਂ।

**10. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 3 ਪਿੰਡਾਂ ਵਿੱਚ ਅਤੇ ਸੈਟ ਜੋਨ ਅਕੈਡਮੀ ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸਿਖਿਆ ਦੇ ਰਹੇ ਹਨ। ਪਿੰਡ ਚੱਕ ਕਲਾਂ ਵਿਖੇ ਗੁਰਮਤਿ ਦੀਆਂ ਕਲਾਸਾਂ ਦੇ ਨਾਲ-ਨਾਲ ਕੀਰਤਨ ਤੇ ਗਤਕੇ ਦੀਆਂ ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ। ਪਿੰਡ ਚੱਕ ਖੁਰਦ ਵਿਖੇ ਵੀ ਗੁਰਮਤਿ ਕਲਾਸਾਂ ਦੇ ਨਾਲ-ਨਾਲ ਗੁਰਬਾਣੀ ਕੀਰਤਨ ਦੀ ਕਲਾਸ ਲਗਾਈ ਜਾਂਦੀ ਹੈ। ਸੈਟ ਜੋਨ ਅਕੈਡਮੀ ਸ਼ੰਕਰ ਵਿਖੇ ਬੱਚਿਆਂ ਦੇ ਨਾਲ ਮੂਲ ਮੰਤਰ ਦੀ ਵਿਆਖਿਆ ਦੀ ਸਾਂਝ ਪਾਈ ਜਾਂਦੀ ਹੈ। ਪਿੰਡ ਜਮੀਤਪੁਰ ਢੇਰੂ ਫਿਰੋਜਪੁਰ ਵਿਖੇ 3 ਦਿਨ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਕੇਂਦਰ ਵਿਖੇ ਹਰ ਰੋਜ਼ ਗੁਰਮਤਿ ਵਿਚਾਰਾਂ ਦੀ ਸਾਂਝ ਕੀਤੀ ਗਈ। 3 ਬੱਚਿਆਂ ਨੇ ਸਹਿਜ ਪਾਠਾਂ ਦੀ ਸਮਾਪਤੀ ਕੀਤੀ ਅਤੇ ਨਾਲ ਹੀ 3 ਸਹਿਜ ਪਾਠ ਆਰੰਭ ਕੀਤੇ ਹਨ।

**11. ਭੋਗਪੁਰ (99148-86035)-** ਕੇਂਦਰ ਦੇ ਪ੍ਰਚਾਰਕ ਭਾਈ ਸੁਖਦੀਪ ਸਿੰਘ ਵਲੋਂ 2 ਪਿੰਡਾਂ ਵਿੱਚ ਅਤੇ 4 ਸਕੂਲਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਪਿੰਡ ਡੱਲੀ ਵਿਖੇ ਸਾਲਾਨਾ ਗੁਰਮਤਿ ਸਮਾਗਮਾਂ ਵਿੱਚ 7 ਅਗਸਤ ਤੋਂ 16 ਸਤੰਬਰ ਤੱਕ ਕਥਾ-ਵਿਚਾਰਾਂ ਨਾਲ ਸਾਂਝੀ ਕੀਤੀ ਗਈ ਹੈ। ਵੱਖ-ਵੱਖ ਸਮਾਗਮਾਂ ਵਿੱਚ ਕਥਾ ਵੀਚਾਰਾਂ ਕੀਤੀਆਂ ਗਈਆਂ। ਗੁਰੂ ਅਮਰਦਾਸ ਸਾਹਿਬ ਜੀ ਦੇ 450 ਸਾਲਾ ਜੋਤੀ ਜੋਤ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਵਿਚ ਪ੍ਰਿੰ: ਬਲਜੀਤ ਸਿੰਘ ਜੀ ਚੌਂਤਾ ਕਲਾਂ ਅਤੇ ਸੁਖਦੀਪ ਸਿੰਘ ਦੁਆਰਾ ਕਥਾ-ਵਿਚਾਰ ਕੀਤੀ ਗਈ।

**12. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਹਰ ਰੋਜ਼ ਸਵੇਰੇ ਸ਼ਾਮ ਨਿਤਨੇਮ ਦੀ ਸੇਵਾ ਅਤੇ ਹੁਕਮਨਾਮੇ ਦੀ ਕਥਾ-ਵੀਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਸ਼ਾਮ ਨੂੰ ਬੱਚਿਆਂ ਦੀ ਗੁਰਬਾਣੀ ਸੰਥਿਆ ਕਲਾਸ ਅਤੇ ਫ੍ਰੀ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿਚ ਸੰਗਤ ਵਲੋਂ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

-0-

## ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ 4 ਅਤੇ 6 ਅਕਤੂਬਰ ਨੂੰ ਲੁਧਿਆਣਾ ਸ਼ਹਿਰੀ ਅਤੇ ਮਾਲਵਾ ਖੇਤਰ ਦੇ ਕਰਵਾਏ ਗਏ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ 2024



RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ 13 ਅਕਤੂਬਰ ਨੂੰ ਮਾਝਾ ਖੇਤਰ ਦੇ ਕਰਵਾਏ ਗਏ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ 2024












## ਮਾਝਾ ਖੇਤਰ ਦੇ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ 2024 ਸਹਿਯੋਗੀ ਸੱਜਣ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਅਤੇ ਸਮੂਹ ਸੰਗਤ ਪਰਿੰਗੜੀ


ਕੈਪਟਨ ਅਵਤਾਰ ਸਿੰਘ


ਬੂਟਾ ਸਿੰਘ ਕੋਲਕਾਤਾ


ਜਸਵਿੰਦਰ ਸਿੰਘ ਹੈੱਡ ਗ੍ਰੰਥੀ


ਗੁਲਜ਼ਾਰ ਸਿੰਘ ਫੌਜੀ


ਗੁਰਪ੍ਰੀਤ ਸਿੰਘ ਪੰਜਾਬ ਪੁਲਿਸ


ਕੇਵਲ ਸਿੰਘ ਲੁਧਿਆਣਾ


ਅਮਰਜੀਤ ਸਿੰਘ ਮੁੱਖ ਸੇਵਾਦਾਰ


ਗੁਰਪ੍ਰੀਤ ਸਿੰਘ ਬਾਬਾ


ਗੁਰਮੀਤ ਸਿੰਘ ਐਸ.ਡੀ.ਓ.